ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 9 | 26 February 2020 to 3 March 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਭਾਰਤ-ਅਮਰੀਕਾ ਵਿਚਕਾਰ 3 ਅਰਬ ਡਾਲਰ ਦਾ ਰੱਖਿਆ ਸਮਝੌਤਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤ ਅਤੇ ਅਮਰੀਕਾ ਦਰਮਿਆਨ ਰੱਖਿਆ ਸਹਿਯੋਗ ਨੂੰ ਉਨਾਂ ਦੀ ਰਣਨੀਤਕ ਭਾਈਵਾਲੀ ਕਰਾਰ ਦਿੰਦਿਆਂ ਦੋਵਾਂ ਦੇਸ਼ਾਂ ਨੇ ਮੰਗਲਵਾਰ ਨੂੰ 3 ਅਰਬ ਡਾਲਰ ਦਾ ਰੱਖਿਆ ਸਮਝੌਤਾ ਕੀਤਾ ।ਇਸ ਤੋਂ ਇਲਾਵਾ ਤਿੰਨ ਹੋਰ ਸਮਝੌਤੇ ਕੀਤੇ ਗਏ ।ਇਹ ਸਮਝੌਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੌਜੂਦਗੀ 'ਚ ਹੈਦਰਾਬਾਦ ਹਾਊਸ ਵਿਖੇ ਹੋਏ। ਹਾਲਾਂਕਿ ਵਪਾਰ ਸਮਝੌਤੇ, ਨੂੰ ਲੈ ਕੇ ਛੇਤੀ ਹੀ ਗੱਲਬਾਤ ਦਾ ਦੌਰ ਸ਼ੁਰੂ ਕਰਨ ਦੀ ਆਸ ਪ੍ਰਗਟਾਈ ਗਈ ।ਅਮਰੀਕੀ ਰਾਸ਼ਟਰਪਤੀ ਦੇ ਦੌਰੇ ਦੌਰਾਨ ਵਿਚਾਰੇ ਜਾਣ ਵਾਲੇ 2 ਹੋਰ ਬਕਾਇਆ ਮੁੱਦੇ ਐਚ-1 ਬੀ ਵੀਜ਼ਾ ਅਤੇ ਵਪਾਰ ਸਬੰਧਾਂ ਨੂੰ ਲੈ ਕੇ ਭਾਰਤ ਨੂੰ ਕੋਈ ਖ਼ਾਸ ਸਫ਼ਲਤਾ ਹਾਸਲ ਨਹੀਂ ਹੋਈ ।ਟਰੰਪ ਨੇ ਅਮਰੀਕੀ ਦੂਤਘਰ ਵਿਖੇ ਕਾਨਫਰੰਸ 'ਚ ਵਪਾਰ ਸਬੰਧਾਂ ਬਾਰੇ 'ਅਮਰੀਕਾ ਫਾਸਟ' ਦੀ ਨੀਤੀ ਨੂੰ ਅੱਗੇ ਰੱਖਦਿਆਂ ਕਿਹਾ ਕਿ ਭਾਰਤ ਸਭ ਤੋਂ ਉੱਚੀ ਦਰ 'ਤੇ ਟੈਕਸ ਵਸੂਲਣ ਵਾਲੇ ਦੇਸ਼ਾਂ 'ਚ ਸ਼ਾਮਿਲ ਹੈ ।ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਦੇ ਨਾਲ ਵੀ ਬਰਾਬਰੀ ਦਾ ਵਰਤਾਓ ਕੀਤਾ ਜਾਣਾ ਚਾਹੀਦਾ ਹੈ ।ਐਚ 1 ਬੀ ਵੀਜ਼ਾ ਬਾਰੇ ਵੀ ਛੋਟ ਦਿੱਤੇ ਜਾਣ ਦੇ ਸਵਾਲ ਦਾ ਸਪੱਸ਼ਟ ਜਵਾਬ ਨਾ ਦਿੰਦਿਆਂ ਟਰੰਪ ਨੇ ਕਿਹਾ ਕਿ ਇਹ ਮਾਮਲਾ ਮਿਲ-ਜੁਲ ਕੇ ਸੁਲਝਾਇਆ ਜਾਣਾ ਚਾਹੀਦਾ ਹੈ ।

ਹੈਦਰਾਬਾਦ ਹਾਊਸ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਰਮਿਆਨ ਹੋਈ ਬੈਠਕ 'ਚ ਉਸ ਸੌਦੇ 'ਤੇ ਦਸਤਖ਼ਤ ਕੀਤੇ ਗਏ, ਜਿਸ ਦਾ



ਐਲਾਨ ਟਰੰਪ ਨੇ ਸੋਮਵਾਰ ਨੂੰ ਹੀ ਕਰ ਦਿੱਤਾ ਸੀ , ਇਸ ਸੌਦੇ 'ਚ ਭਾਰਤ ਅਮਰੀਕਾ ਤੋਂ 24 ਐਮ ਐਚ-60 ਰੋਮੀਓ ਹੈਲੀਕਾਪਟਰ ਖਰੀਦੇਗਾ ਜਿਸ ਦੀ ਕੀਮਤ 2.6 ਅਰਬ ਡਾਲਰ ਹੈ ।ਸਮਝੌਤੇ ਤਹਿਤ ਅਮਰੀਕਾ ਭਾਰਤ ਨੂੰ 80 ਕਰੋੜ ਡਾਲਰ ਦੇ 6 ਏ ਐਚ-64 ਈ ਅਪਾਚੇ ਹੈਲੀਕੈਪਟਰ ਦੀ ਵੀ ਸਪਲਾਈ ਕਰੇਗਾ ।ਦੋਵਾਂ ਆਗੂਆਂ ਨੇ ਇਸ ਰੱਖਿਆ ਸੌਦੇ ਦੇ ਐਲਾਨ ਦੇ ਨਾਲ ਅੱਤਵਾਦ ਨੂੰ ਖਤਮ ਕਰਨ ਲਈ ਕੰਮ ਕਰਨ ਅਤੇ ਪਾਕਿਸਤਾਨ 'ਤੇ ਦਬਾਅ ਬਣਾਉਣ ਦਾ ਵੀ ਅਹਿਦ ਕੀਤਾ ।

ਮੇਜ਼ਬਾਨ ਅਤੇ ਮਹਿਮਾਨ ਆਗੂਆਂ ਨੇ ਇਕ-ਦੂਜੇ ਦੀ ਰੱਜ ਕੇ ਤਾਰੀਫ਼ ਕਰਦਿਆਂ ਇਸ ਨੂੰ 'ਹਾਂ ਪੱਖੀ' ਚਰਚਾ ਕਰਾਰ ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ 8 ਮਹੀਨਿਆਂ 'ਚ ਟਰੰਪ ਨਾਲ ਹੋਣ ਵਾਲੀ ਪੰਜਵੀਂ ਮੁਲਾਕਾਤ 'ਤੇ ਉਚੇਚਾ ਜ਼ੋਰ ਦਿੰਦਿਆਂ ਕਿਹਾ ਕਿ ਅਮਰੀਕਾ-ਭਾਰਤ ਦੇ ਸਬੰਧ ਸਿਰਫ਼ ਦੋ ਸਰਕਾਰਾਂ ਦੇ ਦਰਮਿਆਨ ਨਹੀਂ ਹਨ, ਸਗੋਂ ਲੋਕ ਆਧਾਰਿਤ ਹਨ। ਮੋਦੀ ਨੇ ਸਬੰਧਾਂ ਨੂੰ ਇਸ ਮੁਕਾਮ ਤੱਕ ਲਿਆਉਣ ਲਈ ਟਰੰਪ ਦੇ 'ਅਣਮੁੱਲੇ' ਯੋਗਦਾਨ ਦੀ ਸ਼ਲਾਘਾ ਕੀਤੀ ।ਡੋਨਾਲਡ ਟਰੰਪ ਨੇ ਭਾਰਤ 'ਚ ਬਿਤਾਏ 2 ਦਿਨਾਂ ਨੂੰ ਸ਼ਾਨਦਾਰ ਕਰਾਰ ਦਿੰਦਿਆਂ ਕਿਹਾ ਕਿ ਭਾਰਤ ਦੀ ਮਹਿਮਾਨਵਾਜ਼ੀ ਹਮੇਸ਼ਾ ਯਾਦ ਰਹੇਗੀ । ਟਰੰਪ ਨੇ ਮੰਦੇਰਾ ਸਟੇਡੀਅਮ 'ਚ ਇਕੱਠੀ ਭੀੜ ਨੂੰ ਸਨਮਾਨ ਦਾ ਕਾਰਨ ਦੱਸਦਿਆਂ ਕਿਹਾ ਕਿ ਉਥੇ ਮੌਜੂਦ ਲੋਕ ਮੋਦੀ ਨੂੰ ਬਹੁਤ ਪਿਆਰ ਕਰਦੇ ਹਨ। ਉਨਾਂ ਦੌਰੇ ਦੌਰਾਨ ਮੋਦੀ ਦੇ ਕੰਮ ਕਰਨ ਦੇ ਢੰਗ ਤਰੀਕੇ ਦੀ ਕਈ ਵਾਰ ਸ਼ਲਾਘਾ ਕੀਤੀ ।

### ਰਾਸ਼ਟਰਪਤੀ ਭਵਨ 'ਚ ਰਸਮੀ ਸਵਾਗਤ

ਦੌਰੇ 'ਤੇ ਆਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨਾਂ ਦੀ ਪਤਨੀ ਮੇਲਾਨੀਆ ਦਾ ਮੰਗਲਵਾਰ ਸਵੇਰੇ ਰਾਸ਼ਟਰਪਤੀ ਭਵਨ ਵਿਖੇ ਰਵਾਇਤੀ ਢੰਗ ਨਾਲ ਸਵਾਗਤ ਕੀਤਾ ਗਿਆ। ਰਾਸ਼ਟਰਪਤੀ ਵਜੋਂ ਪਹਿਲੀ ਵਾਰ ਭਾਰਤ ਦੇ ਦੌਰੇ 'ਤੇ ਆਏ ਟਰੰਪ ਨੂੰ ਤਿੰਨਾਂ ਸੈਨਾਵਾਂ ਵਲੋਂ ਗਾਰਡ ਆਫ ਆਨਰ ਦਿੱਤਾ ਗਿਆ ।

# ਸੀ.ਏ.ਏ. ਭਾਰਤ ਦਾ ਅੰਦਰੂਨੀ ਮਾਮਲਾ-ਟਰੰਪ

## ਭਾਰਤ-ਪਾਕਿ ਦਰਮਿਆਨ ਤਣਾਅ ਘੱਟ ਕਰਨ ਲਈ ਵਿਚੋਲਗੀ ਦੀ ਕੀਤੀ ਪੇਸ਼ਕਸ਼

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਕਰਾਰ ਦਿੰਦਿਆਂ ਇਸ 'ਤੇ ਕੋਈ ਖਾਸ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਭਾਰਤ ਇਸ ਨੂੰ ਖੁਦ ਹੀ ਦੇਖ ਲਵੇਗਾ। ਮੰਗਲਵਾਰ ਸ਼ਾਮ ਨੂੰ ਅਮਰੀਕੀ ਦੂਤਘਰ ਵਿਖੇ ਪ੍ਰੈੱਸ ਕਾਨਫਰੰਸ 'ਚ ਟਰੰਪ ਨੇ ਸੀ. ਏ. ਏ. ਬਾਰੇ ਪੁੱਛੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਬਾਕੀ ਦੇਸ਼ਾਂ ਦੀ ਤੁਲਨਾ 'ਚ ਭਾਰਤ 'ਚ ਕਾਫ਼ੀ ਧਾਰਮਿਕ ਆਜ਼ਾਦੀ ਹੈ ।ਅਮਰੀਕੀ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਲੈ ਕੇ ਕਿਹਾ ਕਿ ਉਨਾਂ (ਮੋਦੀ) ਨੇ ਇਸ 'ਤੇ ਕਾਫੀ ਮਿਹਨਤ ਕੀਤੀ ਹੈ ਅਤੇ ਉਹ ਧਾਰਮਿਕ ਆਜ਼ਾਦੀ ਨੂੰ ਲੈ ਕੇ ਕਾਫ਼ੀ ਕੰਮ ਕਰ ਰਹੇ ਹਨ। ਭਾਰਤ ਦੇ 2 ਦਿਨਾ ਦੌਰੇ 'ਤੇ ਆਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਸ਼ਮੀਰ ਮੁੱਦੇ ਨੂੰ ਵੱਡੀ ਸਮੱਸਿਆ ਦੱਸਦਿਆਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਘੱਟ ਕਰਨ ਲਈ ਵਿਚੋਲਗੀ ਦੀ ਪੇਸ਼ਕਸ਼ ਕੀਤੀ ।

ਬਾਕੀ ਸਫ਼ਾ 31 'ਤੇ

# ਸਿੱਖ ਭਾਈਚਾਰੇ ਵਿਰੁੱਧ ਪੰਜਾਬ ਦੇ ਪੁਲਿਸ ਮੁਖੀ ਦਾ ਬਿਆਨ ਨਿੰਦਣਯੋਗ

**ਚੰਡੀਗੜ/ ਏ.ਟੀ. ਨਿਊਜ਼ :** ਪਾਕਿਸਤਾਨ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ-ਰਹਿਤ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨਾਂ ਦੀ ਪੇਸ਼ਕਸ ਨੂੰ ਪੰਜਾਬ ਦੇ ਪੁਲਿਸ ਮੁਖੀ ਦਿਨਕਰ ਗੁਪਤਾ ਵੱਲੋਂ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਟ੍ਰੇਨਿੰਗ ਦੇਣ ਦਾ ਪ੍ਰਾਜੈਕਟ ਕਹਿਣਾ, ਸਿੱਖ-ਵਿਰੋਧੀ ਹਿੰਦੂਤਵੀ ਰਾਸ਼ਟਰਵਾਦੀ ਪਹੁੰਚ ਹੈ। ਪੁਲਿਸ ਮੁਖੀ ਨੇ ਸਿੱਖ ਵਿਸ਼ਵਾਸ਼ ਅਤੇ ਆਸਥਾ ਨੂੰ 'ਲਾਅ ਆਰਡਰ' ਦੀ ਤੱਕੜੀ ਉਤੇ ਤੋਲ ਕੇ ਸਿੱਖ ਵਿਰੁੱਧ ਘੋਰ ਨਫਰਤ ਦਾ ਮੁਜ਼ਾਹਰਾ ਕਰਦਿਆਂ ਮੋਦੀ ਸਰਕਾਰ ਦੀ ਵੱਡੀ ਵਫਾਦਾਰੀ ਦਾ ਵੀ ਪ੍ਰਗਟਾਵਾ ਕੀਤਾ ਹੈ।

ਇਸ ਮੁੱਦੇ ਉਪਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਕੰਪਲੈਕਸ ਵਿਚ ਇਕੱਠੇ ਹੋਏ ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਦਿਨਕਰ ਗੁਪਤਾ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸੀ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਅਜਿਹਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਰਾਜਨੀਤਿਕ ਬਿਆਨ ਨਹੀਂ ਦੇ ਸਕਦਾ। ਜਿੱਥੋਂ ਇਹ ਸਾਬਤ ਹੁੰਦਾ ਹੈ ਕਿ ਆਪਣੀ ਜਾਤੀ ਮਜ਼ਬੂਰੀਆਂ ਕਰਕੇ ਪੰਜਾਬ ਦਾ ਮੁੱਖ ਮੰਤਰੀ ਵੀ ਸਿੱਖਾਂ ਨਾਲ ਧਾਰਮਿਕ ਖਿਲਵਾੜ ਕਰ ਕੇ ਹੀ ਦਿੱਲੀ ਦੀ ਮੋਦੀ ਸਰਕਾਰ ਨੂੰ ਖੁਸ਼ ਕਰਨ ਦੇ ਰਾਹ ਤੁਰ ਪਿਆ ਹੈ।

ਪੁਲਿਸ ਮੁਖੀ ਦਾ ਕਹਿਣਾ ਕਿ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਅੰਦਰ ਸਵੇਰੇ ਜਾ ਕੇ ਛੇ ਘੰਟਿਆਂ ਵਿਚ ਬੰਬ ਬਣਾਉਣ ਦੀ ਸਿਖਲਾਈ ਲੈ ਕੇ ਉਸੇ ਦਿਨ ਵਾਪਸ ਪੰਜਾਬ ਆਉਣਾ, ਇਕ ਮਨੁੱਖੀ ਮਨ ਬਾਰੇ ਹਾਸੋਹੀਣੀ ਤੇ ਹਲਕੀ ਸਮਝ ਹੈ। ਅਸਲ ਵਿਚ, ਸਿੱਖ ਅੱਤਵਦ ਦਾ ਡਰਾਵਾ ਖੜਾ ਕਰ ਕੇ ਸੱਤਰ ਸਾਲਾਂ ਬਾਅਦ ਸਿੱਖਾਂ ਨੂੰ ਕਰਤਾਰਪੁਰ ਸਾਹਿਬ ਗੁਰਦਵਾਰੇ ਨਤਮਸਤਕ ਹੋਣ ਦੇ ਮੌਕੇ ਨੂੰ ਦੁਬਾਰਾ ਖੋਹਣਾ ਚਾਹੁੰਦੇ ਹਨ।

ਬਾਕੀ ਸਫ਼ਾ 30 'ਤੇ

# ਭਾਜਪਾ ਆਗੂ ਨੇ ਭੜਕਾਈ ਦਿੱਲੀ ਹਿੰਸਾ: 18 ਮੌਤਾਂ, ਸੈਂਕੜੇ ਜ਼ਖਮੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤੀ ਪਾਰਲੀਮੈਂਟ ਵੱਲੋਂ ਬਣਾਏ ਗਏ ਵਿਵਾਦਤ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਖਿਲਾਫ ਪਿਛਲੇ 2 ਮਹੀਨਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਖਿਲਾਫ ਦਿੱਲੀ ਦੇ ਭਾਜਪਾ ਆਗੂ ਕਪਿਲ ਮਿਸ਼ਰਾ ਵੱਲੋਂ ਭੜਕਾਊ ਬਿਆਨ ਦੇ ਕੇ ਲਾਮਬੰਦ ਕੀਤੀ ਭੀੜ ਕਾਰਨ ਐਤਵਾਰ ਤੋਂ ਸ਼ੁਰੂ ਹੋਈ ਹਿੰਸਾ ਅਜੇ ਤਕ ਨਹੀਂ ਰੁਕੀ ਹੈ। ਪਹਿਲਾਂ ਸੀਏਏ ਦੇ ਸਮਰਥਕ ਅਤੇ ਸੀਏਏ ਖਿਲਾਫ ਪ੍ਰਦਰਸ਼ਨ ਕਰ ਰਹੇ ਦੋ ਸਮੂਹਾਂ ਦਰਮਿਆਨ ਪੱਥਰਬਾਜ਼ੀ ਨਾਲ ਸ਼ੁਰੂ ਹੋਈ ਹਿੰਸਾ ਹੁਣ ਦਿੱਲੀ ਵਿਚ ਮੁਸਲਿਮ ਵਿਰੋਧੀ ਕਤਲੇਆਮ ਦਾ ਰੂਪ ਧਾਰਦੀ ਜਾ ਰਹੀ ਹੈ। ਦਿੱਲੀ ਦੇ ਕਈ ਇਲਾਕਿਆਂ ਵਿਚ ਮਸਜਿਦਾਂ 'ਤੇ ਹਮਲਾ ਕਰਕੇ ਅੱਗ ਲਾਉਣ ਦੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਹੁਣ ਤਕ ਇਸ ਹਿੰਸਾ ਵਿਚ 18 ਲੋਕਾਂ ਦੇ ਮਾਰੇ ਜਾਣ ਅਤੇ 100 ਦੇ ਕਰੀਬ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਦਿੱਲੀ ਪੁਲਸ 'ਤੇ ਹਿੰਦੂ ਭੀੜਾਂ ਦਾ ਸਾਥ ਦੇਣ ਦਾ ਦੋਸ਼ ਲੱਗ ਰਿਹਾ ਹੈ। ਜਾਫਰਾਬਾਦ ਵਿਖੇ ਸੀਏਏ ਖਿਲਾਫ ਚੱਲ ਰਹੇ ਧਰਨੇ 'ਤੇ ਹਮਲਾ ਕਰਕੇ ਧਰਨਾ ਚੁਕਵਾ ਦਿੱਤਾ ਗਿਆ ਹੈ ਤੇ ਹੁਣ ਸ਼ਾਹੀਨ ਬਾਗ ਵਿਚ ਧਰਨੇ 'ਤੇ ਬੈਠੀਆਂ ਬੀਬੀਆਂ ਵਿਚ ਇਹ ਦਹਿਸ਼ਤ ਪਸਰੀ ਹੋਈ ਹੈ ਕਿ ਕਿਸੇ ਵੀ ਸਮੇਂ ਹਿੰਦੂ ਭੀੜ ਪੁਲਸ ਦੀ ਆੜ ਹੇਠ ਉਹਨਾਂ 'ਤੇ ਹਮਲਾ ਕਰ ਸਕਦੀ ਹੈ।

ਹਿੰਸਾ ਕਿਵੇਂ ਸ਼ੁਰੂ ਹੋਈ ?

ਭਾਰਤ ਦੇ ਪੱਖਪਾਤੀ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਸ਼ਨੀਵਾਰ ਰਾਤ ਦਿੱਲੀ ਦੇ ਜਾਫਰਾਬਾਦ ਮੈਟਰੋ ਸਟੇਸ਼ਨ ਦੇ ਬਾਹਰ 500 ਤੋਂ ਵੱਧ ਔਰਤਾਂ ਨੇ ਇਕੱਠੀਆਂ ਹੋ ਕੇ ਧਰਨਾ ਲਾ ਦਿੱਤਾ ਸੀ ਜਿਸ ਕਾਰਨ ਇਹ ਸਟੇਸ਼ਨ ਬੰਦ ਕਰ ਦਿੱਤਾ ਗਿਆ ਸੀ। ਇਹਨਾਂ ਔਰਤਾਂ ਦੀ ਮੰਗ ਸੀ ਕਿ ਸੀਏਏ ਕਾਨੂੰਨ ਨੂੰ ਰੱਦ ਕਰ ਦਿੱਤਾ ਜਾਵੇ। ਇਸ ਵਿਰੋਧ ਪ੍ਰਦਰਸ਼ਨ ਦਾ ਵਿਰੋਧ ਕਰਨ ਲਈ ਅਤੇ ਸੀਏਏ ਦਾ ਸਮਰਥਨ ਕਰਨ ਲਈ ਭਾਜਪਾ ਆਗੂ ਕਪਿਲ ਮਿਸ਼ਰਾ ਨੇ ਪ੍ਰਦਰਸ਼ਨ ਦਾ ਸੱਦਾ ਦਿੱਤਾ ਅਤੇ ਜਾਫਰਾਬਾਦ ਵੱਲ ਭੀੜ ਦੀ ਅਗਵਾਈ ਕਰਦੇ ਵਧੇ। ਇਸ ਭੀੜ ਨੂੰ ਰੋਕਣ ਲਈ ਖੜੇ ਮੁਸਲਿਮ ਨੌਜਵਾਨਾਂ ਨਾਲ ਮੌਜਪੁਰ ਚੌਂਕ ਕੋਲ ਇਹਨਾਂ ਦਾ ਟਕਰਾਅ ਹੋ ਗਿਆ ਤੇ ਦੋਵਾਂ ਧਿਰਾਂ ਦਰਮਿਆਨ ਪੱਥਰਬਾਜ਼ੀ ਹੋਈ।

ਇਸ ਤੋਂ ਅਗਲੇ ਦਿਨ ਸੋਮਵਾਰ ਨੂੰ ਕਪਿਲ ਮਿਸ਼ਰਾ ਦੀ ਅਗਵਾਈ ਵਿਚ ਫੇਰ ਮੌਜਪੁਰ ਚੌਂਕ 'ਚ ਸੀਏਏ ਸਮਰਥਕਾਂ ਦੀ ਭੀੜ ਇਕੱਠੀ ਹੋਈ ਤੇ ਕਪਿਲ ਮਿਸ਼ਰਾ ਨੇ ਡੀਸੀਪੀ (ਉੱਤਰ ਪੂਰਬ) ਵੇਦ ਪ੍ਰਕਾਸ਼ ਸੂਰਿਆ ਦੇ ਨਾਲ ਖੜ ਕੇ ਇਹ ਧਮਕੀ ਦਿੱਤੀ ਕਿ ਜੇ ਪੁਲਸ ਨੇ ਤਿੰਨ ਦਿਨਾਂ ਵਿਚ ਧਰਨਾਕਾਰੀਆਂ ਨੂੰ ਨਹੀਂ ਹਟਾਇਆ ਤਾਂ ਉਹ ਖੁਦ ਸੜਕਾਂ 'ਤੇ ਆ ਕੇ ਧਰਨਾਕਾਰੀਆਂ ਨੂੰ ਹਟਾਉਣਗੇ। ਪਰ ਇਸ ਭਾਸ਼ਣ ਤੋਂ ਕੁੱਝ ਸਮਾਂ ਬਾਅਦ ਹੀ ਫੇਰ ਹਿੰਸਕ ਟਕਰਾਅ ਸ਼ੁਰੂ ਹੋ ਗਿਆ। ਸੋਮਵਾਰ ਸ਼ਾਮ ਤਕ ਇਸ ਹਿੰਸਾ 'ਚ ਇਕ ਪੁਲਸ ਮੁਲਾਜ਼ਮ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਸੀ ਤੇ ਕਈ ਲੋਕ ਜ਼ਖਮੀ ਹੋਏ ਸਨ।ਦਿੱਲੀ ਦੇ ਉੱਤਰ ਪੂਰਬੀ ਇਲਾਕੇ 'ਚ ਇਸ ਹਿੰਸਾ ਦੇ ਚਲਦਿਆਂ ਧਾਰਾ 144 ਲਗਾ ਦਿੱਤੀ ਗਈ ਸੀ।

ਪੁਲਸ ਪਿਛਲੇ ਤਿੰਨ ਦਿਨਾਂ ਤੋਂ ਹਿੰਸਾ ਨੂੰ ਰੋਕਣ ਵਿਚ ਪੂਰੀ ਤਰਾਂ ਨਾਕਾਮ ਰਹੀ ਹੈ। ਅੱਜ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗ ਕੀਤੀ ਹੈ ਕਿ ਪੁਲਸ ਦੇ ਨਾਕਾਮ ਰਹਿਣ ਦੀ ਸੂਰਤ 'ਚ ਦਿੱਲੀ ਨੂੰ ਭਾਰਤੀ ਫੌਜ ਦੇ ਹਵਾਲੇ ਕਰ ਦਿੱਤਾ ਜਾਵੇ।

















TICKETS 2 INDIA
(587) 419-0511
SPECIAL DEALS
from
San Francisco,Los Angeles and Sacramento
to INDIA !
Flights from
Toronto (YYZ) - Delhi (DEL) - Toronto
CAD 1196
Return
Flights from
Vancouver (YVR) - Delhi (DEL) - Vancouver
CAD 1203
Return
Authorized agents for
AIR CANADA
Lufthansa
AIR CHINA
QATAR AIRWAYS القطرية
Fly Emirates
एअर इंडिया AIR INDIA
UNITED AIRLINES
BRITISH AIRWAYS
الاتحاد ETIHAD AIRWAYS
....and more
SPECIAL DEALS
to
Delhi, Mumbai, Amritsar, Chandigarh,
Bangalore, Chennai, Trivandrum, Goa and
Many More Destinations in India !
Save Upto 30% FLAT on your Airfare !
Cruise sale from
$140 per day only
Call us on the below mentioned contact number and get the Best Deal for yourself.
Book your seats today hurry up and ring us up.
*Offer valid till seats last*
Are you looking for cost-effective and commercial air travel deals?
(587) 419-0511
Find a lower price, we'll refund you 200% of the difference.
www.ticket2-india.com
tickets2indiaca@gmail.com
10050 - 112th Street Suites 904 & 1001, Edmonton, AB T5K 2J1, Canada

# ਕੰਮਾਂ ਦੇ ਅਧਾਰ ਤੇ ਸੰਗਤ ਤੋਂ ਵੋਟਾਂ ਲਵਾਂਗੇ : ਸਿੱਖ ਪੰਚਾਇਤ

**ਫਰੀਮੌਂਟ/ ਏ.ਟੀ.ਨਿਊਜ਼**: ਗੁਰਦੁਆਰਾ ਸਾਹਿਬ ਫਰੀਮੌਂਟ ਦੀਆਂ 8 ਮਾਰਚ ਨੂੰ ਹੋਣ ਵਾਲ਼ੀਆਂ ਚੋਣਾਂ ਵਿੱਚ ਸਿੱਖ ਪੰਚਾਇਤ ਆਪਣੇ ਕੰਮਾਂ ਅਤੇ ਕਾਬਲੀਅਤ ਦੇ ਅਧਾਰ ਤੇ ਵੋਟਾਂ ਮੱਗ ਰਹੀ ਹੈ। ਸਾਨੂੰ ਉਮੀਦ ਹੈ ਕਿ ਸੰਗਤ ਇਸ ਵਾਰੀ ਵੀ ਸਾਨੂੰ ਭਾਰੀ ਬਹੁਮਤ ਨਾਲ ਜਿਤਾਏਗੀ ਤੇ ਇਸ ਨਾਲ ਇੱਕ ਸ਼ਪੱਸ਼ਟ ਸੁਨੇਹਾ ਜਾਵੇਗਾ ਕਿ ਚੋਣਾਂ ਸਿਧਾਂਤ ਨੂੰ ਤਲਾਂਜਲੀ ਦੇ ਕੇ , ਮੰਦੀ ਭਾਸ਼ਾ , ਬਦਮਾਸ਼ੀ ਅਤੇ ਝੂਠੀ ਦੂਸ਼ਣਬਾਜੀ ਨਾਲ ਨਹੀਂ ਜਿੱਤੀਆਂ ਜਾ ਸਕਦੀਆਂ। ਸਿੱਖ ਪੰਚਾਇਤ ਨੇ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਨਵੀਂ ਪੀੜੀ ਗੁਰਦੁਆਰਿਆਂ ਤੋਂ ਦੂਰ ਹੋ ਰਹੀ ਹੈ ਅਤੇ ਅਸੀਂ ਨੌਜਵਾਨਾਂ ਨੂੰ ਆਪਣੀ ਸਲੇਟ ਵਿੱਚ ਸ਼ਾਮਿਲ ਕਰਕੇ ਉਹਨਾਂ ਲਈ ਰਾਹ ਖੋਲਿਆ ਹੈ। ਸਿੱਖ ਪੰਚਾਇਤ ਦੇ ਚਾਰ ਉਮੀਦਵਾਰ ਕਦੇ ਵੀ ਸੁਪਰੀਮ ਕੌਂਸਲ ਵਿੱਚ ਨਹੀਂ ਰਹੇ। ਸਿੱਖ ਪੰਚਾਇਤ ਨੇ ਦੋਹਾਂ ਸਲੇਟਾਂ ਵਿੱਚ ਕੀ ਫਰਕ ਹੈ ਨੂੰ ਸੰਗਤ ਸਾਹਮਣੇ ਰੱਖਿਆ ਹੈ ਜੋ ਇਸ ਪ੍ਰਕਾਰ ਹੈ

ਗੁਰਦੁਆਰਾ ਸਾਹਿਬ ਵਿੱਚ ਹਰ ਹਫ਼ਤੇ ਸਿੱਖ ਪੰਚਾਇਤ ਦੇ ਦਰਜਨਾਂ ਮੈਂਬਰ ਲੰਗਰ, ਪਾਰਕਿੰਗ, ਸਕੂਲ ਅਤੇ ਹੋਰ ਚੱਲ ਰਹੇ ਪ੍ਰੋਜੈਕਟਾਂ ਵਿੱਚ ਸੇਵਾ ਕਰਦੇ ਹਨ। ਪਰ ਮੁੱਢਲੇ ਤੌਰ ਤੇ ਚੋਣਾਂ ਸਮੇਂ ਸੰਗਤ ਨਾਲ ਕੀਤੇ ਵਾਇਦਿਆਂ **(Manifesto)** ਮੁਤਾਬਕ ਸੰਗਤ ਦੇ ਸਹਿਯੋਗ ਨਾਲ ਅਸੀਂ ਹੇਠ ਲਿਖੇ ਕੰਮ ਕਰ ਸਕੇ ਹਾਂ।




## ਸੰਗਤਾਂ ਵੱਲੋਂ ਭੇਟਾ ਵਿੱਚ ਭਾਰੀ ਵਾਧਾ

2011 ਵਿੱਚ ਸਿੱਖ ਪੰਚਾਇਤ ਦੇ ਹੋਂਦ ਵਿੱਚ ਆਉਣ ਨਾਲ ਗੁਰੂ-ਘਰ ਦਾ ਮਾਹੌਲ ਸ਼ਾਤਮਈ ਬਣਿਆ ਤੇ ਅਨੇਕਾਂ ਨਵੇਂ ਪ੍ਰੋਜੈਕਟ ਸ਼ੁਰੂ ਹੋਏ।2011 ਵਿੱਚ ਗੁਰੂ-ਘਰ ਲਈ ਸੰਗਤ ਤਕਰੀਬਨ 13 ਲੱਖ ਦਾਨ ਦਿੰਦੀ ਸੀ ਜੋ ਹੁਣ ਵੱਧ ਕੇ 2019 ਵਿੱਚ 18 ਲੱਖ ਹੋ ਗਿਆ। ਇਸ ਵੇਲੇ ਗੁਰੂ-ਘਰ ਦੇ ਖ਼ਜ਼ਾਨੇ ਵਿੱਚ ਤਕਰੀਬਨ 7 ਲੱਖ ਡਾਲਰ ਜਮਾਂ ਹੈ ਤੇ ਗੁਰੂ-ਘਰ 40 ਲੱਖ ਉਸਾਰੀ ਦੇ ਪ੍ਰੋਜੈਕਟ ਤੇ ਖਰਚ ਕਰ ਚੁੱਕਾਹੈ।



## ਸਕੂਲ ਅਤੇ ਲੰਗਰ ਦੀ ਉਸਾਰੀ

ਸਕੂਲ ਦੇ ਬੱਚਿਆਂ ਦੀਆਂ ਕਲਾਸਾਂ ਲਈ ਕੋਈ ਕਮਰੇ ਨਹੀਂ ਸਨ ਅਤੇ ਲੰਗਰ ਲਈ ਰਸੋਈ ਬਹੁਤ ਛੋਟੀ ਸੀ। 2014/2016 ਦੇ ਮੈਨੀਫੈਸਟੋ ਵਿੱਚ ਸਿੱਖ ਪੰਚਾਇਤ ਨੇ ਬਿਨਾ ਕਰਜ਼ਾ ਲਏ ਉਹ ਉਸਾਰੀ ਮੁਕੰਮਲ ਕਰਨ ਦੀ ਵਾਇਦਾ ਕੀਤਾ ਸੀ ਜਿਸ ਵਿੱਚ ਸੰਗਤ ਦੇ ਪੂਰਨ ਸਹਿਯੋਗ ਨਾਲ £3.75 ਮਿਲੀਅਨ ਦੀ ਉਸਾਰੀ ਕਰਜ਼ਾ ਲਏ ਬਿਨਾ ਹੋਈ। ਇਸ ਵਿੱਚ ਸਿੱਖ ਪੰਚਾਇਤ ਦੇ ਮੈਂਬਰਾਂ ਨੇ £250,000 ਤੋਂ ਉੱਪਰ ਦੀ ਸੇਵਾ ਕੀਤੀ।



## ਸ਼ਹੀਦੀ ਨਗਰ ਕੀਰਤਨ

ਸਿੱਖ ਪੰਚਾਇਤ ਦੇ ਆਉਣ ਤੋਂ ਬਾਅਦ ਹੋਰ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਅਤੇ1984 ਦੇ ਸ਼ਹੀਦਾਂ ਦੀ ਯਾਦ ਵਿੱਚ ਜੂਨ ਦੇ ਪਹਿਲੇ ਹਫ਼ਤੇ Sovereignty March ਨਗਰ ਕੀਰਤਨ ਕੱਢਿਆ ਜਾਂਦਾ ਹੈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦਾਂ ਨੂੰ ਨਮਸਤਕ ਹੁੰਦੇ ਹਨ।



## ਸੋਲਰ ਸਿਸਟਮ

ਸਿੱਖ ਪੰਚਾਇਤ ਦੇ ਕੁੱਝ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਲਈ ਸੋਲਰ ਸਿਸਟਮ ਲੁਆਇਆ ਜਿਸ ਉੱਪਰ ਗੁਰਦੁਆਰਾ ਸਾਹਿਬ ਦਾ ਕੋਈ ਪੈਸਾ ਖਰਚ ਨਹੀਂ ਹੋਇਆ। ਗੁਰਦੁਆਰਾ ਸਾਹਿਬ ਹਰ ਸਾਲ £25,000 ਤੋਂ ਉੱਪਰ ਬਿਜਲੀ ਦੇ ਬਿੱਲ ਵਿੱਚ ਬੱਚਤ ਕਰਦਾ ਹੈ।



## ਬੱਸ ਸਟਾਪ ਦੀ ਉਸਾਰੀ

ਸੰਗਤ ਦੇ ਬਹੁਤ ਮੈਂਬਰ ਬੱਸ ਰਾਹੀਂ ਵੀ ਗੁਰੂ-ਘਰ ਆਉਂਦੇ ਹਨ ਤੇ ਉਹਨਾਂ ਵਿੱਚ ਜ਼ਿਆਦਾ ਬਜ਼ੁਰਗ ਹਨ। ਪਹਿਲਾਂ ਬੱਸ ਸਟਾਪ ਤੇ ਮੀਂਹ ਕਣੀ ਵੇਲੇ ਬੈਠਣ ਲਈ ਸ਼ੈਡ ਨਹੀਂ ਸੀ। ਸਿੱਖ ਪੰਚਾਇਤ ਦੇ ਮੈਂਬਰਾਂ ਨੇ ਸਿਟੀ ਤੇ ਕਾਊਂਟੀ ਨਾਲ ਗੱਲ ਕਰਕੇ ਬਿਨਾ ਖਰਚ ਕੀਤੇ ਮੁਫ਼ਤ ਵਿੱਚ ਬੱਸ ਸਟਾਪ ਬਣਵਾਇਆ।

ਇਹਨਾਂ ਮੁੱਖ ਕੰਮਾਂ ਤੋਂ ਬਿਨਾ ਗੁਰਦੁਆਰਾ ਸਾਹਿਬ ਅਨੇਕਾਂ ਹੀ ਸੇਵਾਦਾਰ ਹਰ ਰੋਜ਼ ਸੇਵਾ ਵਿੱਚ ਹਿੱਸਾ ਪਾਉਂਦੇ ਹਨ ਜਿਨਾ ਦੀ ਸਿੱਖ ਪੰਚਾਇਤ ਸ਼ਲਾਘਾ ਵੀ ਕਰਦੀ ਹੈ ਤੇ ਧੰਨਵਾਦੀ ਵੀ ਹੈ। ਸਿੱਖ ਪੰਚਾਇਤ ਦੇ ਮੈਂਬਰ ਵੀ ਇਹਨਾਂ ਸੇਵਾਵਾਂ ਵਿੱਚ ਵੱਧ ਚੜ ਕੇ ਹਿੱਸਾ ਪਾਉਂਦੇ ਹਨ ਖ਼ਾਸ ਕਰ ਪਾਰਕਿੰਗ ਤੇ ਲੰਗਰਾਂ ਦੀ ਸੇਵਾ ਵਿੱਚ। ਹਰ ਸਾਲ ਖ਼ੂਨ ਦਾਨ ਕੈਂਪ, ਮੈਡੀਕਲ ਕੈਂਪ, ਦੂਜੀਆਂ ਕੌਮਾਂ ਨੂੰ ਸਿੱਖ ਧਰਮ ਦੀ ਜਾਣਕਾਰੀ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਕੁਦਰਤੀ ਕਰੋਪੀ ਜਾਂ ਬੇਘਰਿਆਂ ਲਈ ਕੰਬਲ਼ ਜਾ ਲੰਗਰ ਦੀ ਸੇਵਾ ਵਿੱਚ ਵੀ ਹਿੱਸਾ ਲੈਂਦੇ ਰਹਿੰਦੇ ਹਨ।

## ਖਾਲਸਾ-ਬਾਸਾ ਗਰੁੱਪ ਵੱਲੋਂ ਕੀਤੀਆਂ ਕੁੱਝ ਬੱਜਰ ਗਲਤੀਆਂ ਜੋ ਇਹਨਾਂ ਵੱਲੋਂ ਜੁਆਬ ਦੀ ਮੰਗ ਕਰਦੀਆਂ ਹਨ:

ਇਹ ਕਹਿੰਦੇ ਹਨ ਕਿ ਗੁਰਦੂਆਰਾ ਸਾਹਿਬ, ਪੰਜ ਪਿਆਰਾ ਸਿਧਾਂਤ ਦੀ ਰੋਸ਼ਨੀ ਦੀ ਬਜਾਏ ਕਾਰਪੋਰੇਸ਼ਨ ਕੋਡ ਹੇਠ ਚੱਲਦਾ ਹੈ ਕਿਉਂਕਿ ਪੰਜ ਪਿਆਰਾ ਤਾਂ ਇੱਕ ਸ਼ਬਦ ਹੈ ਅਤੇ ਪੰਜ ਪਿਆਰਾ ਸੰਵਿਧਾਨ ਵਿੱਚ ਗਲਤੀ ਨਾਲ ਪੈ ਗਿਆ ਸੀ। ਅਸੀਂ ਸੰਗਤ ਨੂੰ ਦੱਸਨਾ ਚਾਹੁੰਦੇ ਹਾਂ ਕਿ ਗੁਰਦੂਆਰਾ ਸੰਵਿਧਾਨ ਦੀ ਤਸੀਰ ਹੀ ਪੰਜ ਪਿਆਰਾ ਸਿਧਾਂਤ ਤੇ ਖੜੀ ਹੈ। ਦਸਵੇਂ ਪਾਤਿਸ਼ਾਹ ਨੇ ਇੱਕ ਪੁਰਖੀ ਸਿਸਟਮ ਖਤਮ ਕਰਕੇ ਪੰਜਾ ਮਨੁੱਖਾਂ ਨੂੰ ਇੱਕ ਇਕਾਈ ਬਣਾਇਆ। ਇਹ ਕਹਿ ਰਹੇ ਹਨ ਕਿ ਪੰਜ ਬਹੁਸੰਮਤੀ ਨਾਲ ਫ਼ੈਸਲੇ ਲੈ ਸਕਦੇ ਹਨ ਦਾ ਮਤਲਬ ਹੈ ਗੁਰਸਿਧਾਂਤ ਨੂੰ ਤਿਲਾਂਜਲੀ ਦੇਣਾ ਜੋ ਕਿ ਬੱਜਰ ਕਰਹਿਤ ਨਾਲ਼ੋਂ ਵੀ ਘਿਨਾਉਣੀ ਕਾਰਵਾਈ ਹੈ।

ਇਹਨਾਂ ਦੇ ਇੱਕ ਉਮੀਦਵਾਰ ਦਰਸ਼ਨ ਸੰਧੂ ਵੱਲੋਂ ਦੀਵਾਨ ਹਾਲ ਭਾਈ ਕੰਵਲਜੀਤ ਸਿੰਘ ਸੰਧੂ ਦੇ ਸਿਰ ਵਿੱਚ ਕਿਰਪਾਨ ਨਾਲ ਹਮਲਾ ਕਰਨਾ ਤੇ ਫੇਰ ਇਹਨਾਂ ਵੱਲੋਂ ਕੋਈ ਮੁਆਫੀ ਮੰਗਨ ਦੀ ਬਜਾਏ ਉਸਨੂੰ ਜਾਇਜ਼ ਠਹਿਰਾਉਣਾ।

ਸੰਗਤ ਵੱਲੋਂ ਪਰਵਾਨ ਤੇ ਫਰੀਮਾਂਟ ਸਿਟੀ ਵੱਲੋਂ ਪਰਮਿਟ ਮਿਲਨ ਉਪਰੰਤ ਠੇਕੇਦਾਰ ਨੂੰ ਵਕੀਲ ਦੀ ਧਮਕੀ ਦੇ ਕੇ ਉਸਾਰੀ ਪ੍ਰੋਜੈਕਟ ਰੁਕਵਾਉਣਾ

ਦੋਹਾਂ ਧੜਿਆਂ ਵੱਲੋਂ ਚੱਲ ਰਹੇ ਕੋਰਟ ਕੇਸ ਲਈ ਖਾਲਸਾ-ਬਾਸਾ ਧੜੇ ਵੱਲੋਂ ਉਹਨਾਂ ਦੇ ਵਕੀਲ ਦੀ ਫ਼ੀਸ ਗੁਰਦੂਆਰਾ ਸਾਹਿਬ ਵੱਲੋਂ ਅਦਾ ਕਰਨ ਲਈ ਇੰਸ਼ੋਰੈਂਸ ਤੇ ਕਲੇਮ ਫ਼ਾਈਲ ਕਰਨਾ ।



# ਫਰੀਮੌਂਟ ਦੇ ਚੌਧਰੀਆਂ ਨੂੰ ਗੁਰੂ ਦੀ ਗੋਲਕ ਜਾਂ ਇੰਸ਼ੋਰੈਂਸ ਤੋਂ ਪੈਸੇ ਨਹੀਂ ਲੈਣ ਦਿਆਂਗੇ : ਜਸਦੇਵ ਸਿੰਘ

## ਇੰਸ਼ੋਰੈਂਸ ਦੇ ਕੈਂਸਲ ਹੋਣ ਦੇ ਆਸਾਰ

**ਫਰੀਮੌਂਟ/ ਏ.ਟੀ.ਨਿਊਜ਼:** ਗੁਰਦੂਆਰਾ ਸਾਹਿਬ ਦੀ ਮੌਜੂਦਾ ਸੁਪਰੀਮ ਕੌਂਸਲ ਦੇ ਮੈਂਬਰ ਹਰਮਿੰਦਰ ਸਿੰਘ, ਕੁਲਜੀਤ ਸਿੰਘ ਤੇ ਬੀਬੀ ਅਰਵਿੰਦਰ ਕੌਰ ਨੇ ਪਿਛਲੇ ਮਹੀਨੇ ਉਹਨਾਂ ਦੇ ਵਕੀਲ ਦੇ ਬਿੱਲ ਅਦਾ ਕਰਨ ਲਈ ਗੁਰਦੂਆਰਾ ਸਾਹਿਬ ਨੂੰ ਚਿੱਠੀ ਪਾਈ ਸੀ। ਭਾਈ ਐਚ ਪੀ ਸਿੰਘ ਨੇ ਉਸਨੂੰ ਅਦਾ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਹੁਣ ਇਹਨਾਂ ਦੇ ਵਕੀਲ ਨੇ ਗੁਰਦੂਆਰਾ ਸਾਹਿਬ ਦੀ ਇੰਸੋਰੈਂਸ ਤੇ ਸਿੱਧਾ ਹੀ ਕਲੇਮ ਪਾ ਦਿੱਤਾ ਹੈ (ਦੇਖੋ ਫੋਟੋ ਨੰਬਰ 1) ਜੇ ਇੰਸੋਰੈਂਸ ਇਹਨਾਂ ਦਾ ਬਿੱਲ ਅਦਾ ਕਰ ਦਿੰਦੀ ਹੈ ਤਾਂ ਇਸਦੀ ਕਿਸਤ ਬਹੁਤ ਵੱਧ ਜਾਵੇਗੀ ਜਾਂ ਇੰਸੋਰੈਂਸ ਪੋਲਸੀ ਨੂੰ ਰੀਨੀਊ ਕਰਨੋਂ ਵੀ ਨਾਂਹ ਹੋ ਸਕਦੀ ਹੈ।

ਭਾਈ ਐਚ ਪੀ ਸਿੰਘ ਨੇ ਅਖਬਾਰ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਸੁਪਰੀਮ ਕੌਂਸਲ ਦੀ ਮੀਟਿੰਗ ਵਿੱਚ ਉਹਨਾਂ ਨੇ ਇਹ ਮੁੱਦਾ ਲਿਆਂਦਾ ਸੀ ਤੇ ਕਿਹਾ ਸੀ ਕਿ ਜਸਦੇਵ ਸਿੰਘ ਨੇ ਜੋ ਕੇਸ ਕੀਤਾ ਹੈ ਉਸ ਵਿੱਚ ਗੁਰਦੂਆਰਾ ਸਾਹਿਬ ਮੁਦਈ ਨਹੀਂ (ਦੇਖੋ ਫੋਟੋ ਨੰਬਰ 2) ਤੇ ਕੇਸ ਵੀ ਇਹਨਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਦੀ ਨਾਲਾਇਕੀ ਤੇ ਗੁਰਸਿਧਾਂਤ ਦਾ ਖਿਲਵਾੜ ਕਰਨ ਲਈ ਹੋਇਆ ਹੈ। ਗੁਰਦੂਆਰੇ ਤੇ ਕੇਸ ਨਹੀਂ ਹੋਇਆ ਇਸਲਈ ਗੁਰਦੂਆਰਾ ਸਾਹਿਬ ਵਕੀਲਾਂ ਦੇ ਬਿੱਲ ਨਹੀਂ ਦੇਵੇਗਾ। ਇਹਨਾਂ ਨੇ ਆਪਣੀ ਚੌਧਰ ਬਰਕਰਾਰ ਰੱਖਣ ਲਈ ਕੇਸ ਲੜਿਆ ਹੈ ਇਸ ਲਈ ਗੁਰਦੂਆਰੇ ਦੀ ਇੰਸੋਰੈਂਸ ਨੂੰ ਅਸੀਂ ਇਹ ਕਲੇਮ ਨਾਂ ਅਦਾ ਕਰਨ ਨੂੰ ਕਿਹਾ ਹੈ।

ਭਾਈ ਜਸਦੇਵ ਸਿੰਘ ਨੇ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਇਹ ਲੋਕ ਗੁਰਦੂਆਰਾ ਸਾਹਿਬ ਨੂੰ ਦੋਹੀਂ ਹੱਥੀ ਲੁੱਟਣ ਨੂੰ ਫਿਰਦੇ ਹਨ. ਇਹਨਾਂ ਲੋਕਾਂ ਨੇ ਗੁਰੂ ਦੀ ਗੋਲਕ ਨੂੰ ਆਪਣੇ ਪਿਉ ਦੀ ਜਗੀਰ ਸਮਝਿਆ ਹੈ। ਇਹ ਉਹ ਲੋਕ ਹਨ ਜਿਹੜੇ  ਦੇ ਬਿੱਲ ਵੀ ਗੁਰਦੂਆਰੇ ਆਕੇ ਜਮਾਂ ਕਰਾਉਂਦੇ ਹਨ ਤੇ ਜਦੋਂ ਐਚ ਪੀ ਸਿੰਘ ਅਦਾ ਨਹੀਂ ਕਰਦੇ ਤਾਂ ਉਹਦੇ ਲਈ ਮੰਦੀ ਭਾਸਾ ਵਰਤਦੇ ਹਨ। ਭਾਈ ਜਸਦੇਵ ਸਿੰਘ ਨੇ ਕਿਹਾ ਕਿ ਜੇ ਅਜਿਹੇ ਬੰਦਿਆਂ ਕੋਲ ਗੋਲਕ ਹੋਵੇ ਤਾਂ ਹੁਣ ਜੋ 7 ਲੱਖ ਪਿਆ ਹੈ, ਇਹਨਾਂ ਨੇ ਖਜਾਨਾ ਖਾਲੀ ਕਰ ਦੇਣਾ ਹੈ। ਭਾਈ ਜਸਦੇਵ ਸਿੰਘ ਨੇ ਕਿਹਾ ਕਿ ਜੇ ਚੌਧਰੀ ਬਣਨ ਦਾ ਇੰਨਾ ਹੀ ਚਾਅ ਹੈ ਤਾਂ ਜੇਬਾਂ ਵੀ ਹੌਲੀਆਂ ਕਰਨਾ ਸਿੱਖਣ . ਹਰ ਵੇਲੇ ਇਨ੍ਹਾਂ ਦੀ ਅੱਖ ਗੁਰਦੂਆਰੇ ਦੀ ਗੋਲਕ ਤੇ ਰਹਿੰਦੀ ਹੈ। ਹੁਣ ਵੀ ਸੰਗਤ ਚੋਣਾਂ ਵਿੱਚ ਇਹਨਾਂ ਨੂੰ ਭਾਰੀ ਹਾਰ ਦੇ ਕੇ ਅਜਿਹੇ ਲੋਕਾਂ ਨੂੰ ਸੁਨੇਹਾ ਦਵੇ ਕਿ ਸੰਗਤ ਨਿੱਜੀ ਲਾਭ ਲੈਣ ਵਾਲਿਆਂ ਨੂੰ ਪ੍ਰਬੰਧ ਵਿੱਚ ਨਹੀਂ ਆਉਣ ਦੇਵੇਗੀ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹਨਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੇ ਆਪ ਹੀ ਗੁਰਦੂਆਰੇ ਤੇ ਕੇਸ ਕੀਤਾ (ਦੇਖੋ ਫੋਟੋ ਨੰਬਰ 3) ਤੇ ਹੁਣ ਆਪਦੇ ਵਕੀਲ ਦੀ ਫੀਸ ਵੀ ਗੁਰਦੂਆਰੇ ਤੋਂ ਹੀ ਮੰਗ ਰਹੇ ਹਨ। ਭਾਈ ਐਚ ਪੀ ਸਿੰਘ ਨੇ ਇੰਸੋਰੈਂਸ ਕੰਪਨੀ ਨੂੰ ਲਿੱਖ ਕੇ ਦੇ ਦਿੱਤਾ ਹੈ ਕਿ ਇਹਨਾਂ ਦਾ ਕਲੇਮ ਵਾਜਿਬ ਨਹੀਂ ਤੇ ਇਸਨੂੰ ਅਦਾ ਨਾਂ ਕੀਤਾ ਜਾਵੇ।


ROSSI DOMINGUE FOX LLP

JOHN F. DOMINGUE
ATTORNEY AT LAW
john@rdflp.com | DIRECT 408.591.5180
OFFICE 408.495.3900 | FAX 408.495.3901
1570 The Alameda, Suite 316, San Jose, CA 95126

February 13, 2020

*Via Email & U.S. Mail*
Travelers Bond & Specialty Insurance Claim
385 Washington Street
Mail Code 9275-SB02F
St. Paul, MN 55102

Email: BSIClaims@travelers.com

Re: *Singh, et al. v. Singh, etal.*
Sikh Temple San Francisco Bay Area
Policy No.: 107031139
Tender of Defense

Dear Travelers:

We are writing on behalf of our clients, Harminder Singh, Kuljit Singh and Arvinder Kaur (collectively "Singh/Kaur"). They are your insureds as members of a Board of Directors under the above referenced policy. As explained below, they have been named as parties in a lawsuit for acts done in their capacity as Board members, and therefore, there should be coverage under the applicable Directors and Officers Liability Policy.

This is not the first attempt to seek coverage. We are informed that our client first contacted the agent involved directly. After this, our office sent the lawsuit to the agent with a request for a response on coverage. None of these efforts have resulted in a response so we are sending this letter to you. The background is below and relevant materials are attached.

On or about June 26, 2019, Jasdev Singh and Jaspreet Singh Atwal filed a Petition against Singh/Kaur in the Alameda Superior Court (*Singh, et al. v. Singh, et al.* Alameda Superior Court Case No.: HG19024582). This petition arises out of their role as Board Members of the Sikh Temple - San Francisco Bay Area ("Temple"). A copy of the original petition is attached.

Our clients Singh/Kaur are the majority members of a five-person Board of Directors for the Temple. The attached petition seeks to have them removed for alleged misconduct. In addition, the petition alleges that Singh/Kaur did things to tarnish the reputations of other Board

members and engaged in "derogatory" statements and "false claims." See Petition at para. 11. These allegations are denied, but they must be defended.

The allegations of the petition, or at least certain of them, appear to trigger your obligation to defend. Our office has defended the case while we have been awaiting confirmation of coverage. The matter is generating a lot of attorneys' fees right now so time is of the essence. We would like to have confirmation of coverage as soon as possible.

Thank you for your consideration and please feel free to contact me with any questions.

Very truly yours,

ROSSI DOMINGUE FOX LLP

John F. Domingue

JFD/mew

Enclosure

1


TREVOR J. ZINK, ESQ. (218860)
OMNI LAW GROUP, LLP
1940 Hamilton Ave
San Jose, CA 95125
Telephone: (408) 879-8500
Facsimile: (408) 879-8501

Attorneys for Petitioners
JASDEV SINGH and
JASPREET SINGH ATWAL

FILED BY FAX
ALAMEDA COUNTY
June 26, 2019
CLERK OF THE SUPERIOR COURT
By Shabra Iyamu, Deputy
CASE NUMBER:
HG19024582

SUPERIOR COURT OF THE STATE OF CALIFORNIA
IN AND FOR THE COUNTY OF ALAMEDA

| | |
|---|---|
| JASDEV SINGH, an individual; JASPREET SINGH ATWAL, an individual, Petitioners, v. HARMINDER SINGH, an individual; ARVINDER KAUR, an individual; KULJIT SINGH, an individual; HARINDERPAL SINGH, an individual; JASWINDER SINGH, an individual; and DOES 1-50, Respondents. | CASE NO. PETITION FOR: 1. DECLARATORY RELIEF, 2. ORDER AUTHORIZING ELECTION TO REMOVE SUPREME COUNCIL MEMBERS, 3. ORDER SETTING COURT-SUPERVISED ELECTIONS FOR NEW SUPREME COUNCIL MEMBERS, AND 4. ORDER DETERMINING MEMBERS ELIGIBLE TO VOTE |

2


NAVI SINGH DHILLON (SBN 279537)
E-Mail: Navi.Dhillon@BakerBotts.com
DYLAN J. CROSBY (SBN 299536)
E-Mail: Dylan.Crosby@BakerBotts.com
BAKER BOTTS LLP
101 California Street, Suite 3600
San Francisco, California 94111
Telephone: (415) 291-6200

Attorneys for Cross-Complainants
HARMINDER SINGH, ARVINDER KAUR,
and KULJIT SINGH

ENDORSED
FILED
ALAMEDA COUNTY
JUL 19 2019
CLERK OF THE SUPERIOR COURT
By ALICIA ESPINOZA
Deputy

SUPERIOR COURT OF CALIFORNIA
COUNTY OF ALAMEDA

| | |
|---|---|
| JASDEV SINGH, *et al.*, Petitioners, v. HARMINDER SINGH, et al., Respondents. | CASE NO. HG19024582 CROSS-COMPLAINT OF HARMINDER SINGH, ARVINDER KAUR, AND KULJIT SINGH |
| HARMINDER SINGH, ARVINDER KAUR, and KULJIT SINGH, Cross-Complainants, v. HARINDERPAL SINGH and JASWINDER SINGH JANDI, and ROES 1-10, Cross-Defendants, SIKH TEMPLE – SAN FRANCISCO BAY AREA, a non-profit corporation, Real Party in Interest. | |

3


TRAVELERS

385 Washington Street
Mail Code 9275-NB03F
St. Paul, MN 55102

February 17, 2020

Sikh Temple San Francisco Bay Area
300 Gurdwara Rd
FREMONT, CA 94536

RE: Insured Name: Sikh Temple San Francisco Bay Area
Policy Number: 107031139
Reference: Singh, Jasdev
Reference Number: 005-DON-T2002706-NR

Dear Sir/Madam:

This letter formally acknowledges Travelers Casualty and Surety Company of America's receipt of the above matter.

Travelers understands that life is full of uncertainty. Rest assured that our claim professionals are ready to help. When working with Travelers you can always expect to be assisted promptly and treated with the utmost respect, integrity, professionalism and skill. Please refer to the attached Claim Service Guide for information on the Travelers Claim Experience.

This matter has been assigned to the below-referenced claim professional who will contact you shortly. Please refer to the matter number 005-DON-T2002706-NR on all future communications to us.

Diane Holtog
Claim Executive
Bond & Specialty Insurance Claim
Phone: (925) 944-3263
Fax: (866) 594-7310
Email: DHOLTOG@travelers.com

The claim professional will be communicating with you regarding coverage for this matter. Please note that our attention to this matter shall not be deemed a waiver of any rights or defenses that may be available to Travelers Casualty and Surety Company of America and all such rights and defenses are hereby expressly reserved.

Travelers Bond & Specialty Insurance
Travelers Casualty and Surety Company of America

cc: MCNAMARA INS SVCS INC
Manjit Gill
1050 NORTHGATE DR STE 515
SAN RAFAEL, CA 94903

John F. Domingue

# ਬੀਬੀ ਚੀਮਾ ਨੇ ਇਖ਼ਲਾਕ ਛਿੱਕੇ ਟੰਗਿਆ - ਜਸਜੀਤ ਸਿੰਘ

**ਫਰੀਮੌਂਟ/ ਏ.ਟੀ. ਨਿਊਜ਼** :ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਚੋਣ ਲੜ ਰਹੀ ਬੀਬੀ ਸਰਬਜੀਤ ਕੌਰ ਚੀਮਾ ਨੇ ਪਿਛਲੀ ਦਿਨੀਂ ਆਪਣੇ ਫੇਸ ਬੁੱਕ ਖਾਤੇ ਤੇ ਭਾਈ ਜਸਜੀਤ ਸਿੰਘ ਬਾਰੇ 2003 ਵਿੱਚ ਲੱਗੇ ਆਰਟੀਕਲ ਦਾ ਹਵਾਲਾ ਦੇ ਕੇ ਪੋਸਟ ਪਾਈ। ਯਾਦ ਰਹੇ ਬੀਬੀ ਚੀਮਾ ਗੁਰਦੁਆਰਾ ਸਾਹਿਬ ਦੀ ਕਮੇਟੀ ਵਿੱਚ ਵੀ ਰਹਿ ਚੁੱਕੇ ਹਨ ਅਤੇ ਇਸ ਵੇਲੇ ਯੂਨੀਅਨ ਸਿਟੀ ਸਕੂਲ ਬੋਰਡ ਦੇ ਮੈਂਬਰ ਹਨ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਮੈਂ ਨਿੱਜੀ ਤੌਰ ਤੇ ਬੀਬੀ ਚੀਮਾ ਦੀ ਹਮੇਸ਼ਾ ਇੱਜ਼ਤ ਕੀਤੀ ਹੈ ਅਤੇ ਬੋਰਡ ਦੀਆਂ ਚੋਣਾਂ ਵੇਲੇ ਮੈਂ ਤੇ ਸਿੱਖ ਸੰਗਤ ਨੇ ਹਮੇਸ਼ਾਂ ਮਦਦ ਕੀਤੀ ਹੈ। ਬੜੇ ਦੁੱਖ ਦੀ ਗੱਲ ਹੈ ਕਿ ਅਮਰੀਕਨ ਸਿਆਸਤ ਵਿੱਚ ਆਪਣੇ ਆਪ ਨੂੰ ਮਾਹਰ ਸਮਝਨ ਵਾਲੀ ਬੀਬੀ ਜਿਸ ਅਖਬਾਰ ਦਾ ਹਵਾਲਾ ਦੇ ਰੱਹੀ ਹੈ ਉਸ ਅਖਬਾਰ ਨੇ ਤੱਥਾਂ ਰਹਿਤ ਆਰਟੀਕਲ ਲਾਉਣ ਲਈ ਮੇਰੇ ਤੋਂ ਮੁਆਫੀ ਮੰਗੀ ਸੀ।

ਬੀਬੀ ਚੀਮਾ ਬਾਰੇ ਮੈਂ ਬਹੁਤ ਸਮੇਂ ਤੋਂ ਚੁੱਪ ਧਾਰੀ ਹੋਈ ਸੀ। ਇਹ ਸਿੱਖਾਂ ਦੀ ਵੋਟਾਂ ਤੇ ਪੈਸਾ ਲੈ ਕੇ ਬੋਰਡ ਮੈਂਬਰ ਬਣੀ ਪਰ ਇਸ ਵੱਲੋਂ ਚਾਰਟਰ ਸਕੂਲ ਸਮੇਂ ਖੇਡੀ ਸਿਆਸਤ ਨਿੰਦਣਯੋਗ ਹੈ। ਇਸੇ ਤਰਾਂ ਜਕਾਰਾ ਵੱਲੋਂ ਇਸ ਨੂੰ ਇੱਕ ਸਕੂਲ ਦਾ ਨਾਮ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਮ ਤੇ ਰੱਖਣ ਦੀ ਗੱਲ ਚਲਾਈ ਜਿਸ ਤੇ ਇਸਨੇ ਹਾਮੀ ਨਹੀਂ ਭਰੀ ਜਦੋਂ ਕਿ ਦੋ ਗ਼ੈਰ-ਸਿੱਖਾਂ ਨੇ ਵੋਟ ਪਾਉਣਾ ਮੰਨ ਲਿਆ ਸੀ ਪਰ ਬੀਬੀ ਚੀਮਾ ਤੇ ਦੂਜੀ ਬੋਰਡ ਮੈਂਬਰ ਸ਼ੈਰਨ ਕੌਰ ਵੀ ਇਸ ਤੋਂ ਪਾਸਾ ਵੱਟ ਗਈ।

ਭਾਈ ਰਾਮ ਸਿੰਘ ਨੇ ਕਿਹਾ ਕਿ ਬੀਬੀ ਚੀਮਾ ਨੇ ਬੋਰਡ ਦੀ ਮੈਂਬਰ ਬਨਣ ਤੋਂ ਬਾਅਦ ਸਿੱਖਾਂ ਦੇ ਹੱਕ ਵਿੱਚ ਕੋਈ ਕੰਮ ਨਹੀਂ ਕੀਤਾ ਸਗੋਂ ਸਿੱਖਾਂ ਵੱਲੋਂ ਚਾਰਟਰ ਸਕੂਲ ਲਈ ਕੀਤੀ ਕੋਸ਼ਿਸ਼ ਵੀ ਇਸ ਨੇ ਸਿਆਸਤ ਦੀ ਭੇੜ ਚੜਾ ਦਿੱਤੀ। ਉਹਨਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਬੀਬੀ ਚੀਮਾ ਗੁਰਦੁਆਰਾ ਚੋਣਾਂ ਲਈ ਯੋਗ ਉਮੀਦਵਾਰ ਨਹੀਂ, ਅਜਿਹੇ ਸਵਾਰਥੀ ਲੋਕ ਗੁਰੂ-ਘਰ ਦੇ ਪ੍ਰਬੰਧ ਤੋਂ ਦੂਰ ਰੱਖਣੇ ਚਾਹੀਦੇ ਹਨ।

# ਬਾਸਾ-ਖਾਲਸਾ ਧੜੇ ਨੇ ਉਮੀਦਵਾਰ ਸੰਗਤ ਦੇ ਸਨਮੁੱਖ ਹੋਣ ਤੋਂ ਰੋਕੇ

## ਸੰਗਤੀ ਬਹਿਸ (Debate) ਤੋਂ ਵੀ ਭੱਜੇ ਸਨ ਇਹ ਲੋਕ

**ਫਰੀਮੌਂਟ/ ਏ.ਟੀ. ਨਿਊਜ਼** : ਗੁਰਦੁਆਰਾ ਸਾਹਿਬ ਫਰੀਮੌਂਟ ਵਿੱਚ ਬਾਸਾ-ਖਾਲਸਾ ਧੜੇ ਵੱਲੋਂ ਧੱਕੇਸ਼ਾਹੀ ਦੀ ਉਸ ਵੇਲੇ ਹੱਦ ਨਾ ਰਹੀ ਜਦੋਂ ਚੋਣ ਲੜ ਰਹੇ ਉਮੀਦਵਾਰਾਂ ਨੂੰ ਸਟੇਜ ਤੋਂ ਬੋਲਨ ਲਈ ਸਮਾਂ ਨਹੀਂ ਦਿੱਤਾ। ਹਰ ਚੋਣ ਵਿੱਚ ਉਮੀਦਵਾਰ ਚੋਣ ਤੋਂ ਦੋ ਹਫ਼ਤੇ ਪਹਿਲਾਂ ਸੰਗਤ ਸਾਹਮਣੇ ਉਮੀਦਵਾਰ ਨੂੰ ਵਿਚਾਰ ਰੱਖਣ ਨੂੰ ਕਿਹਾ ਜਾਂਦਾ ਹੈ ਤਾਂ ਜੋ ਸੰਗਤ ਵੋਟ ਪਾਉਣ ਲਈ ਆਪਣਾ ਫੈਸਲਾ ਕਰ ਸਕੇ। ਇਸ ਐਤਵਾਰ ਨੂੰ ਸਟੇਜ ਤੋਂ ਉਮੀਦਵਾਰਾਂ ਨੇ ਬੋਲਣਾ ਸੀ ਜੋ ਕਿ ਕੋਰਟ ਵੱਲੋਂ ਵੀ ਉਸ ਨੂੰ ਪ੍ਰਵਾਨਗੀ ਸੀ।

ਸਿੱਖ ਪੰਚਾਇਤ ਦੇ ਉਮੀਦਵਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਹਰ ਚੋਣ ਵਿੱਚ ਉਮੀਦਵਾਰਾਂ ਨੂੰ ਸੰਗਤ ਸਾਹਮਣੇ ਆਪਣੀ ਗੱਲ ਰੱਖਣ ਦਾ ਸਮਾਂ ਦਿੱਤਾ ਜਾਂਦਾ ਹੈ ਤਾਂ ਜੋ ਸੰਗਤ ਉਮੀਦਵਾਰਾਂ ਨੂੰ ਆਪ ਸੁਣ ਸਕੇ। ਭਾਈ ਜੰਡੀ ਨੇ ਕਿਹਾ ਕਿ ਇਹ ਲੋਕ ਝੂਠ ਸਹਾਰੇ ਇਲੈਕਸ਼ਨ ਲੜ ਰਹੇ ਹਨ। ਇਨਾਂ ਨੂੰ ਅਸੀਂ ਕਈ ਵਾਰੀ ਸੰਗਤੀ ਬਹਿਸ ਲਈ ਸੱਦਾ ਦੇ ਚੁੱਕੇ ਹਾਂ ਪਰ ਇਹ ਉਸ ਬਹਿਸ ਲਈ ਵੀ ਸਾਹਮਣੇ ਨਹੀਂ ਆਏ।ਸਾਧ ਸੰਗਤ ਜੀ, ਸੱਚਾ ਬੰਦਾ ਕਦੇ ਵੀ ਖੁੱਲੀ ਬਹਿਸ ਤੋਂ ਕੰਨੀ ਨਹੀਂ ਕਤਰਾਉਂਦਾ ਅਤੇ ਸੰਗਤ ਨੂੰ ਉਮੀਦਵਾਰਾਂ ਦੇ ਵਿਚਾਰ ਸੁਨਣ ਦਾ ਹੱਕ ਹੈ।ਸਿੱਖ ਪੰਚਾਇਤ ਵਿਰੋਧੀ ਧੜੇ ਵੱਲੋਂ ਕੀਤੀ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ।

# ਦਰਸਨ ਸੰਧੂ ਨੂੰ ਮਾਰੂ ਹਥਿਆਰ ਦੇ ਦੋਸ ਵਿੱਚ ਕੀਤਾ ਸੀ ਗ੍ਰਿਫ਼ਤਾਰ

**ਫਰੀਮਾਂਟ/ ਏ.ਟੀ. ਨਿਊਜ਼:** ਸਿੱਖ ਪੰਚਾਇਤ ਨੇ ਅਖਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਗੁਰਦੂਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿੱਚ ਇੱਕ ਉਮੀਦਵਾਰ ਦਰਸਨ ਸੰਧੂ, ਇਸ ਅਹੁਦੇ ਲਈ ਯੋਗ ਉਮੀਦਵਾਰ ਨਹੀਂ ਕਿਉਂ ਕਿ ਇਸਨੇ ਦੀਵਾਨ ਹਾਲ ਵਿੱਚ ਮਮੂਲੀ ਤਕਰਾਰ ਕਾਰਣ ਭਾਈ ਕੰਵਲਜੀਤ ਸਿੰਘ ਦੇ ਸਿਰ ਵਿੱਚ ਕਿਰਪਾਨ ਨਾਲ ਦੋ ਵਾਰ ਕੀਤੇ ਸਨ ਤੇ ਉਹਨੂੰ ਜਖਮੀ ਕਰ ਦਿੱਤਾ ਸੀ। ਪੁਲਿਸ ਨੇ ਇਸਨੂੰ ਫਰੀਮਾਂਟ ਗੁਰਦੂਆਰਾ ਸਾਹਿਬ ਤੋਂ ਗ੍ਰਿਫ਼ਤਾਰ ਕੀਤਾ ਤੇ ਉਸ ਕੇਸ ਵਿੱਚ ਇਸਨੂੰ ਸਜਾਯਾਫਤਾ ਕਰਕੇ  ਕਲਾਸਾਂ ਵੀ ਲਾਉਣੀਆਂ ਪਈਆਂ।

ਇਹ ਅਮਰੀਕਾ ਆਉਣ ਤੋਂ ਪਹਿਲਾਂ ਬੈਲਜੀਅਮ ਰਹਿੰਦਾ ਸੀ ਅਤੇ ਇਸਦਾ ਅਸਲੀ ਨਾਮ ਜੋਗਾ ਸਿੰਘ ਹੈ। ਉੱਥੇ ਵੀ ਇਸਨੇ ਸੁਰਿੰਦਰ ਸਿੰਘ ਦੇ ਕਿਰਪਾਨਾਂ ਮਾਰੀਆਂ ਤੇ ਇਹਨੂੰ ਸਜਾ ਹੋਈ ਪਰ ਇਹ ਉੱਥੋਂ ਦੌੜ ਆਇਆ। ਉੱਥੇ ਵੀ ਗੁਰਦੂਆਰਾ ਸਾਹਿਬ ਵਿੱਚ ਇਸਨੇ ਝਗੜਾ ਕਰਾਇਆ ਸੀ। ਆਪਣੇ ਵਿਰੋਧੀ ਸੁਰਿੰਦਰ ਸਿੰਘ ਨਾਮੀ ਵਿਅਕਤੀ ਦੇ ਘਰ ਇਸਨੇ ਦੋ ਬੰਦੇ ਭੇਜ ਦਿੱਤੇ ਅਤੇ ਉਸਨੇ ਉਹਨਾਂ ਨੂੰ ਚਾਹ ਪਾਣੀ ਪਲਾਇਆ। ਜਦੋਂ ਉਹ ਬਾਹਰ ਦਰਵਾਜੇ ਤੱਕ ਉਹਨਾਂ ਨੂੰ ਛੱਡਨ ਆਇਆ ਤਾਂ ਉਹਨਾਂ ਵਿੱਚੋਂ ਇੱਕ ਨੇ ਪਿੱਛੋਂ ਜੱਫਾ ਮਾਰ ਲਿਆ ਤੇ ਇੰਨੇ ਨੂੰ ਦਰਸਨ ਸੰਧੂ ਤੇ ਹੋਰਾਂ ਨੇ ਸੁਰਿੰਦਰ ਸਿੰਘ ਤੇ ਕਿਰਪਾਨਾਂ ਨਾਲ ਵਾਰ ਕਰ ਦਿੱਤੇ ਤੇ ਉਹਦੀ ਲੱਤ ਤੋੜ ਦਿੱਤੀ।

ਫਰੀਮਾਂਟ ਵਾਪਰੀ ਘਟਨਾ ਕੁੱਝ ਇਸ ਤਰਾਂ ਹੈ। 23 ਨਵੰਬਰ 2018 ਨੂੰ ਗੁਰੂ ਨਾਨਕ ਪਾਤਸਾਹ ਦੇ ਗੁਰਪੁਰਬ ਵਾਲੇ ਦਿਨ ਦਰਸਨ ਸੰਧੂ ਨੇਹਰਜੀਤ ਸਿੰਘ ਨਾਲ ਰਲ ਕੇ ਕੰਵਲਜੀਤ ਸਿੰਘ ਦੇ ਸਿਰ ਵਿੱਚ ਸਿਰੀ ਸਾਹਿਬ ਨਾਲ ਵਾਰ ਕੀਤੇ।

ਗੁਰੂ ਸਾਹਿਬ ਦੀ ਪਾਲਕੀ ਸਾਹਿਬ ਦੇ ਰੰਗ ਦੀ ਸੇਵਾ ਬੰਬੇ ਗਾਰਡਨ ਵਾਲਿਆਂ ਨੇ ਲਈ ਸੀ ਤੇ ਉਹਨਾਂ ਨੇ ਉਸਾਰੀ




ਕਮੇਟੀ ਦੀ ਸਹਿਮਤੀ ਨਾਲ ਅਸਮਾਨੀ ਰੰਗ ਕਰਵਾਇਆ ਸੀ। ਦਰਸਨ ਸੰਧੂ ਤੇ ਹਰਜੀਤ ਸਿੰਘ, ਕਮੇਟੀ ਦੀਪ੍ਰਵਾਨਗੀ ਜਾਂ ਪਰਿਵਾਰ ਜਿਸਨੇ ਸੇਵਾ ਕਰਾਈ ਸੀ ਦੀ ਸਹਿਮਤੀ ਤੋਂ ਬਿਨਾਂ ਹੀ ਰੰਗ ਬਦਲਨ ਲਈ ਬਾਲਟੀਆਂ ਲੈ ਕੇ ਪਹੁੰਚ ਗਏ। ਸਿੱਖ ਪੰਚਾਇਤ ਦੇ ਹੋਰ ਮੈਂਬਰ ਵੀ ਗੁਰਪੁਰਬ ਕਰਕੇ ਗੁਰਦੂਆਰਾ ਸਾਹਿਬ ਵਿੱਚ ਹਾਜਰਿ ਸੀ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਅਸੀਂ ਇਸਨੂੰ ਤੇ ਹਰਜੀਤ ਸਿੰਘ ਨੂੰ ਬਹੁਤ ਸਮਝਾਇਆ ਕਿ ਰੰਗ ਨਾ ਬਦਲੇ। ਜਿਸ ਪਰਿਵਾਰ ਨੇ ਸੇਵਾ ਕਰਾਈ ਉਹਨਾਂ ਨੂੰ ਵੀ ਭਰੋਸੇ ਵਿੱਚ ਲੈ ਲਉ ਪਰ ਇਹਨਾਂ ਨੇ ਇੱਕ ਨਾਂ ਸੁਣੀ। ਇਸੇ ਬਹਿਸ ਵਿੱਚ ਦਰਸਨ ਸਿੰਘ ਆਪਣੀ ਨਿੱਜੀ ਰੰਜਸ ਕੱਢਨ (ਕਿਉਂ ਕਿ ਉਹ ਮੇਰੇ ਕੇਸ ਵਿੱਚ ਇਸ ਵਿਰੁੱਧ ਗਵਾਹ ਸੀ) ਲਈ ਕਮੇਟੀ ਮੈਂਬਰ ਕੰਵਲਜੀਤ ਸਿੰਘ ਮਗਰ ਪੈ ਗਿਆ।ਸੰਗਤ ਤੇ ਸਿੱਖ ਪੰਚਾਇਤ ਮੈਂਬਰਾਂ ਨੇ ਬਹੁਤ ਛੁਡਾਉਣ ਦੀ ਕੋਸਸਿ ਕੀਤੀ ਪਰ ਇਹ ਕਿਰਪਾਨ ਨਾਲ ਦੋ ਵਾਰ ਕਰ ਗਿਆ. ਕਿਸੇ ਨੂੰ ਇਹ ਵਿਸਵਾਸ ਨਹੀਂ ਸੀ ਕਿ ਕੋਈ ਅੰਮ੍ਰਿਤਧਾਰੀ, ਸਿਰੀ ਸਾਹਿਬ ਨਾਲ ਵੀ ਕਿਸੇ ਤੇ ਵਾਰ ਕਰ ਸਕਦਾ ਹ।

ਬਾਕੀ ਸਫ਼ਾ 30 'ਤੇ

# ਡੀ.ਜੀ.ਪੀ ਦਿਨਕਰ ਗੁਪਤਾ ਦਾ ਗੁ: ਕਰਤਾਰਪੁਰ ਸਾਹਿਬ ਦੇ ਖਿਲਾਫ ਦਿੱਤਾ ਬਿਆਨ ਸਿੱਖ ਕੌਮ ਲਈ ਵੱਡੀ ਚੁਣੌਤੀ: ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਕਮੇਟੀ ਨੇ ਪੰਜਾਬ ਦੇ ਡੀ.ਜੀ.ਪੀ.ਦਿਨਕਰ ਗੁਪਤਾ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਅਤੇ ਸਮੁੱਚੀ ਸਿੱਖ ਕੌਮ ਖ਼ਿਲਾਫ਼ ਘੇਰਾਬੰਦੀ ਕਰਕੇ ਦਿੱਤੇ ਅਪਮਾਨਜਨਕ ਬਿਆਨ ਨੂੰ ਇਕ ਚੁਣੌਤੀ ਅਲੈਨਿਆ ਹੈ। ਕਮੇਟੀ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋਫੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦੇ 550ਸਾਲਾ ਪ੍ਰਕਾਸ਼ ਦਿਵਸ ਦੇ ਮੌਕੇ ਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਖੁਲਣ ਤੋਂ ਪਹਿਲਾਂ ਹੀ ਦਿੱਲੀ ’ਚ ਸੱਤਾ ਤੇ ਬੈਠੀ ਭਾਜਪਾ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਸ ਦੇ ਖੁੱਲਣ ਦਾ ਵਿਰੋਧ ਕੀਤਾ ਸੀ। ਪਰ ਸਿੱਖਾਂ ਦੀ ਕੌਮਾਂਤਰੀ ਮੰਗ ਤੇ ਨਿੱਤ ਦੀ ਅਰਦਾਸ ਅਤੇ ਪਾਕਿਸਤਾਨ ਸਰਕਾਰ ਵੱਲੋਂ ਅਪਣਾਏ ਜ਼ਬਰਦਸਤ ਹਾਂਪੱਖੀ ਰਵਈਏ ਦੇ ਸਾਹਮਣੇ ਭਾਰਤੀ ਹਕੂਮਤ ਨੂੰ ਨਾ ਚਾਹੁੰਦੇ ਹੋਏ ਵੀ ਇਹ ਲਾਂਘਾ ਖੋਲਣਾ ਪਿਆ।

ਹੁਣ ਜਦ ਇਹ ਲਾਂਘਾ ਖੁੱਲ ਗਿਆ ਹੈ ਤਾਂ ਇਸ ਨੂੰ ਬੰਦ ਕਰਵਾਉਣ ਦੀ ਸਾਜਿਸ਼ ਹੇਠ ਡੀ.ਜੀ.ਪੀ ਦਿਨਕਰ ਗੁਪਤਾ ਵੱਲੋਂ ਸਮੁੱਚੀ ਸਿੱਖ ਕੌਮ ਅਤੇ ਕਰਤਾਰਪੁਰ ਦੇ ਦਰਸ਼ਨ ਕਰਲ ਲਈ ਗਏ ਸ਼ਰਧਾਲੂਆਂ ਨੂੰ ਇਹ ਕਹਿ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਜਦ ਉਹ ਸਵੇਰੇ ਜਾ ਕੇ ਸ਼ਾਮ ਨੂੰ ਵਾਪਸ ਆਉਂਦੇ ਹਨ ਤਾਂ ਉਹ ਹਥਿਆਰਾਂ ਦੀ ਅਤੇ ਬਾਰੂਦ ਦੀ ਟ੍ਰੇਨਿੰਗ ਲੈ ਕੇ ਅਤਿਵਾਦੀ ਬਣ ਕੇ ਪਰਤਦੇ ਹਨ। ਦਿਨਕਰ ਗੁਪਤਾ ਦੀ ਇਹ ਟਿੱਪਣੀ ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ ਨਾਮ ਜਪੋ, ਕਿਰਤ



ਕਰੋ, ਵੰਡ ਛਕੋ, ਦੀ ਤੌਹੀਨ ਕਰਦੀ ਹੈ। ਗੁ: ਕਰਤਾਰਪੁਰ ਸਾਹਿਬ ਤੋਂ ਸਮੁੱਚੀ ਮਾਨਵਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ। ਪਰ ਭਾਜਪਾ, ਕਾਂਗਰਸ ਅਤੇ ਡੀ.ਜੀ.ਪੀ ਦਿਨਕਰ ਗੁਪਤਾ ਨੂੰ ਕਰਤਾਰਪੁਰ ਦਾ ਲਾਂਘਾ ਹਜ਼ਮ ਨਹੀਂ ਹੋ ਰਿਹਾ। ਸੰਯੁਕਤ ਰਾਸ਼ਟਰ ਦੇ ਸਕੱਤਰ ਪਿਛਲੇ ਦਿਨੀਂ ਗੁ: ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਗੁਰੂ ਕਾ ਲੰਗਰ ਛਕਿਆ। ਉਨਾਂ ਨੇ ਪਾਕਿਸਤਾਨ ਸਰਕਾਰ ਅਤੇ ਸਿੱਖਾਂ ਦੀ ਪ੍ਰਸ਼ੰਸਾ ਕੀਤੀ। ਭਾਰਤੀ ਹਕੂਮਤ ਨੂੰ ਇਹ ਸਭ ਕੁਝ ਬਰਦਾਸ਼ਤ ਨਹੀਂ ਹੋ ਰਿਹਾ ਹੈ। ਇਸ ਲਈ ਕੇਂਦਰ ਦੇ ਇਸ਼ਾਰੇ ਤੇ ਚਲਦਿਆਂ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਡੀ.ਜੀ.ਪੀ ਨੇ ਗੁ: ਕਰਤਾਰਪੁਰ ਅਤੇ ਸਿੱਖ ਸ਼ਰਧਾਲੂਆਂ ਨੂੰ ਅੱਤਵਾਦੀ ਕਹਿ ਕੇ ਬਦਨਾਮ ਕਰਨ ਲਈ ਇਹ ਬਿਆਨ ਦਿੱਤਾ ਹੈ। ਜਿਸ ਦਾ ਕਿ ਸਿੱਖ ਕੌਮ ਡਟਵਾਂ ਵਿਰੋਧ ਕਰਦੀ ਹੈ।

## ਲਾਸ ਏਂਜਲਸ ’ਚ ਹਰਿਆਣੇ ਦੇ ਇਕ ਨੌਜਵਾਨ ਦੀ ਗੋਲੀ ਮਾਰ ਕੇ ਹਤਿਆ

**ਲਾਸ ਏਂਜਲਸ/ਰਾਜ ਗੋਗਨਾ:** ਬੀਤੇ ਦਿਨ ਤੜਕੇ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਵਿਚ ਇਕ ਨਕਾਬਪੋਸ਼ ਹਥਿਆਬੰਦ ਲੁਟੇਰੇ ਨੇ ਇਕ ਭਾਰਤੀ ਮੂਲ ਦੇ 31 ਸਾਲਾ ਨੌਜਵਾਨ ਮਨਿੰਦਰ ਸਿੰਘ ਸ਼ਾਹੀ ਦੀ ਗੋਲੀ ਮਾਰ ਕੇ ਹਤਿਆ ਕਰ ਦਿੱਤੀ। ਸਥਾਨਕ ਸਮੇਂ ਮੁਤਾਬਕ ਬੀਤੇ ਸ਼ਨੀਵਾਰ ਨੂੰ ਸਵੇਰੇ ਇਕ 7 ਇਲੈਵਨ ਦੇ ਗਰੋਸਰੀ ਸਟੋਰ ’ਤੇ ਕੰਮ ਕਰਨ ਵਾਲੇ ਮ੍ਰਿਤਕ ਇਸ ਭਾਰਤੀ ਨੌਜਵਾਨ ਜਿਸ ਦਾ ਪਿਛੋਕੜ ਭਾਰਤ ਤੋਂ ਹਰਿਆਣਾ ਸੂਬੇ ਦੇ ਕਰਨਾਲ ਨਾਲ ਦਸਿਆ ਜਾਂਦਾ ਹੈ ਸਟੋਰ ’ਚ ਨਕਾਬਪੋਸ਼ ਲੁਟੇਰੇ ਨੇ ਮਨਿੰਦਰ ਸਿੰਘ ਸਾਹੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਦੀ ਪੁਸ਼ਟੀ ਸਥਾਨਕ ਪੁਲਿਸ ਨੇ ਕੀਤੀ। ਦਸਿਆ ਜਾ ਰਿਹਾ ਹੈ ਕਿ ਮਨਿੰਦਰ ਸਿੰਘ ਸ਼ਾਹੀ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ



ਸੀ ਅਤੇ ਉਹ ਵਿਆਹੁਤਾ ਸੀ ਅਤੇ ਉਨਾਂ ਦੇ 2 ਬੱਚੇ ਹਨ ਜਿਨਾਂ ਦੀ ਉਮਰ 5 ਅਤੇ 9 ਸਾਲ ਦੇ ਕਰੀਬ ਹੈ। ਹਰਿਆਣਾ ਦੇ ਕਰਨਾਲ ਤੋਂ ਆਏ ਮਨਿੰਦਰ ਸਿੰਘ ਸ਼ਾਹੀ ਨੇ ਕਰੀਬ 6 ਮਹੀਨੇ ਪਹਿਲਾਂ ਅਮਰੀਕਾ ਵਿਚ ਰਾਜਨੀਤਕ ਸ਼ਰਨ ਲਈ ਸੀ। ਮਨਿੰਦਰ ਸਿੰਘ ਸ਼ਾਹੀ ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਵਿੱਚ ਬਤੌਰ ਕਲਰਕ 7 ਇਲੈਵਨ ਸਟੋਰ ਤੇ ਨੌਕਰੀ ਕਰਦਾ ਸੀ। ਸਥਾਨਕ ਪੁਲਿਸ ਨੇ ਸ਼ੱਕੀ ਦੀ ਤਸਵੀਰ ਜਾਰੀ ਕਰਦਿਆਂ ਕਿਹਾ, ‘ਅਣਪਛਾਤੇ ਸ਼ੱਕੀ ਨੇ ਮਨਿੰਦਰ ਨੂੰ ਗੋਲੀ ਮਾਰ ਦਿੱਤੀ। ਸ਼ੱਕੀ ਮੌਕੇ ਤੋਂ ਹੀ ਫਰਾਰ ਹੋ ਗਿਆ। ‘ਪੁਲਿਸ ਨੇ ਦਸਿਆ ਕਿ ਘਟਨਾ ਦੇ ਸਮੇਂ ਸਟੋਰ ਵਿਚ ਦੋ ਗਾਹਕ ਵੀ ਸਨ, ਜੋ ਜ਼ਖਮੀ ਹਨ। ਸ਼ੱਕੀ ਗੋਰਾ ਬਾਲਗ ਦੱਸਿਆ ਜਾ ਰਿਹਾ ਹੈ ਜਿਸ ਦੀ ਹਾਈਟ 5 ਫੁੱਟ 7 ਇੰਚ ਦੇ ਕਰੀਬ ਹੋਵੇਗੀ। ਸ਼ੱਕੀ ਨੇ ਆਪਣਾ ਚਿਹਰਾ ਅੰਸ਼ਕ ਰੂਪ ਨਾਲ ਢੱਕਿਆ ਹੋਇਆ ਸੀ। ਪੀੜਤ ਦੇ ਭਰਾ ਨੇ ਲਾਸ਼ ਨੂੰ ਭਾਰਤ ਲਿਜਾਣ ਲਈ ਚੰਦਾ ਜੁਟਾਉਣ ਦੇ ਉਦੇਸ਼ ਨਾਲ ਗੋਫੰਡ ਨਾਂ ਦਾ ਪੇਜ ਬਣਾਇਆ ਹੈ। ਉਸ ਦੇ ਭਰਾ ਨੇ ਐਤਵਾਰ ਨੂੰ ਗੋਫੰਡ ਪੇਜ ’ਤੇ ਲਿਖਿਆ,‘ਉਹ ਆਪਣੇ ਪਿੱਛੇ ਮਾਤਾ-ਪਿਤਾ, ਪਤਨੀ ਅਤੇ 2 ਛੋਟੇ ਬੱਚੇ ਛੱਡ ਗਿਆ ਹੈ। ਬੱਚਿਆਂ ਦੀ ਉਮਰ 5 ਅਤੇ 9 ਸਾਲ ਹੈ। ਮੈਂ ਉਸ ਦੀ ਲਾਸ਼ ਭਾਰਤ ਲਿਜਾਣ ਵਿਚ ਮਦਦ ਚਾਹੁੰਦਾ ਹਾਂ ਤਾਂ ਜੋ ਉਸ ਦੀ ਪਤਨੀ ਅਤੇ ਬੱਚੇ ਉਸ ਦਾ ਆਖਰੀ ਵਾਰ ਚਿਹਰਾ ਦੇਖ ਸਕਣ।

## ਸ਼ਰਜੀਲ ਇਮਾਮ ਦਾ ਪੁਲੀਸ ਰਿਮਾਂਡ ਵਧਾਇਆ

**ਗੁਹਾਟੀ/ਏ.ਟੀ.ਨਿਊਜ਼:** ਸਥਾਨਕ ਅਦਾਲਤ ਨੇ ਜੇਐੱਨਯੂ ਵਿਦਿਆਰਥੀ ਸ਼ਰਜੀਲ ਇਮਾਮ ਦਾ ਪੁਲਿਸ ਰਿਮਾਂਡ ਚਾਰ ਦਿਨਾਂ ਲਈ ਵਧਾ ਦਿੱਤਾ ਹੈ। ਉਸ ਨੂੰ ਦੇਸ਼ਧਰੋਹ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਪਿਛਲੇ ਹਫ਼ਤੇ ਹੀ ਉਸ ਨੂੰ ਇਥੇ ਲਿਆਂਦਾ ਗਿਆ ਸੀ। ਇਮਾਮ ਨੂੰ 20 ਫਰਵਰੀ ਨੂੰ ਨਵੀਂ ਦਿੱਲੀ ਤੋਂ ਅਸਾਮ ਲਿਆਇਆ ਗਿਆ ਸੀ। ਰਿਮਾਂਡ ਖ਼ਤਮ ਹੋਣ ਬਾਅਦ ਉਸ ਨੂੰ ਮੁੜ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਉਸ ਦਾ ਰਿਮਾਂਡ ਵਧਾ ਦਿੱਤਾ। ਉਹ ਸੀਏਏ ਦੇ ਵਿਰੋਧ ਵਿੱਚ ਸ਼ਾਹੀਨ ਬਾਗ ਵਿੱਚ ਜਾਰੀ ਪ੍ਰਦਰਸ਼ਨਾਂ ਦੌਰਾਨ ਚਰਚਾ ਵਿੱਚ ਆਇਆ ਸੀ ਤੇ ਉਸ ਨੂੰ ਕਥਿਤ ਤੌਰ ‘ਤੇ ਜਾਮੀਆ



ਮਿਲੀਆ ਇਸਲਾਮੀਆ ਯੂਨੀਵਰਸਿਟੀ ਅਤੇ ਅਲੀਗੜ ਵਿੱਚ ਭੜਕਾਊ ਭਾਸ਼ਣ ਦੇਣ ਦੇ ਦੋਸ਼ ਹੇਠ 28 ਜਨਵਰੀ ਨੂੰ ਬਿਹਾਰ ਦੇ ਜਹਾਨਾਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।




# ਕੈਪਟਨ ਅਮਰਿੰਦਰ ਸਿੰਘ ਅਸਤੀਫਾ ਲਵੇ ਜਾਂ ਦੇਵੇ : ਘੁੰਮਣ



**ਪੈਰਿਸ/ਏ.ਟੀ.ਨਿਊਜ਼:** ਦੁਨੀਆਂ ਵਿਚ ਧਾਰਮਿਕ ਆਸਥਾ ਬਹੁਤ ਉੱਚੀ ਤੇ ਸੁੱਚੀ ਹੁੰਦੀ ਹੈ ਕੋਈ ਇਨਸਾਨ ਜੋ ਧਰਮ ਦੇ ਨਿਆਈਂ ਆਪਣਾ ਜੀਵਨ ਨਿਰਬਾਹ ਕਰਦਾ ਹੈ ਤਾਂ ਉਸ ਲਈ ਹੋਰ ਵੱਡਾ ਕੋਈ ਨਹੀਂ ਹੋ ਸਕਦਾ। ਸਿੱਖਾਂ ਦੀ ਧਰਮ ਪ੍ਰਤੀ ਸੰਵੇਦਨਸ਼ੀਲਤਾ ਬਹੁਤ ਹੈ। ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਵਲੋਂ ਸਿੱਖਾ ਦੇ ਧਾਰਮਿਕ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੀ ਸੰਗਤ ਨੂੰ ਅੱਤਵਾਦੀ ਕਹਿਣਾ ਕਿ 'ਜੋ ਸ੍ਰੀ ਕਰਤਾਰ ਪੁਰ ਸਾਹਿਬ ਦੀ ਯਾਤਰਾ ਤੇ ਜਾਂਦਾ ਹੈ ਛੇ ਘੰਟਿਆਂ 'ਚ ਅੱਤਵਾਦੀ ਬਣ ਕੇ ਆਉਂਦਾ ਹੈ।' ਆਪਣੀ ਜਿੰਮੇਵਾਰੀ ਤੋਂ ਬਾਹਰਾ ਹੋ ਕੇ ਬਿਆਨ ਦਿੱਤਾ ਹੈ ਜਿਸ ਤਰਕ ਨੂੰ ਪੇਸ਼ ਕੀਤਾ ਗਿਆ ਹੈ, ਉਹ ਫਿਰਕੂਪੁਣੇ ਦੀ ਸੋਚ ਦੀ ਉਪਜ ਹੈ। ਜਿਸ ਨਾਲ ਖ਼ੁਦ ਹੀ ਕਾਨੂੰਨ ਦੀ ਅਵੱਗਿਆ ਹੋਈ ਹੈ। ਇਸ ਨਾਲ ਸਿੱਖਾਂ ਵਿਚ ਭਾਰੀ ਰੋਹ ਜਾਗਿਆ ਹੈ। ਬੀ ਜੇ ਪੀ ਦੀ ਸਰਕਾਰ ਦੇ ਸੱਤਾ ਵਿਚ ਆਉਣ ਤੇ ਬਹੁਤ ਸੱਤਾਧਾਰੀ ਆਗੂਆਂ, ਸਾਂਸਦਾਂ, ਮੰਤਰੀਆਂ ਅਤੇ ਧਾਰਮਿਕ ਆਗੂਆਂ ਵਲੋਂ ਘੱਟ ਗਿਣਤੀਆਂ ਉੱਪਰ ਨਸਲੀ, ਧਾਰਮਿਕ ਵਿਵਾਦ, ਬਿਆਨ, ਨਵੇ ਕਟਾਸ ਕੀਤੇ ਜਾ ਰਹੇ ਹਨ। ਧਾਰਮਿਕ ਅਸਥਾਨਾਂ ਤੇ ਹਮਲੇ ਹੋ ਰਹੇ ਹਨ। ਜਿਸ ਨਾਲ ਦੇਸ਼ ਵਿਚ ਅਸਿਹਨਸੀਲਤਾ ਦਾ ਮਾਹੌਲ ਬਣਿਆ ਹੈ। ਅੱਜ ਹੋਰ ਵੀ ਦੁਖਦਾਇਕ ਅਤੇ ਘਾਤਕ ਹੈ ਜਦੋ ਪੁਲਿਸ ਫੋਰਸ ਦੇ ਜਿੰਮੇਵਾਰ ਮੁੱਖੀ ਵਲੋਂ ਗੈਰ ਜਿੰਮੇਵਾਰਾਨਾਂ ਬਿਆਨ ਦੇਣਾਂ ਮਾਹੌਲ ਖਰਾਬ ਕਰਨ ਦੇ ਤੁੱਲ ਹੈ। ਸਿੱਖਾਂ ਵਿਚ ਸਖਤ ਪ੍ਰਤੀਕਰਮ ਹੋਇਆ ਹੈ। ਪਿਛਲੇ ਦਿਨੀਂ ਇਸ ਤਰਾਂ ਦਾ ਬਿਆਨ ਫੌਜ ਮੁਖੀ ਵਲੋਂ ਵੀ ਆਇਆਂ ਸੀ। ਜੋ ਅਫਸਰਸ਼ਾਹੀ ਦੇ ਘੇਰੇ ਤੋ ਬਾਹਰ ਦੇ ਹਨ। ਇਹਨਾਂ ਲੋਕਾਂ ਨੂੰ ਆਪਣੀ ਡਿਊਟੀ ਦੇਣੀ ਚਾਹੀਦੀ ਹੈ ਨਾ ਕਿ ਰਾਜਨੀਤਿਕ ਲੋਕਾਂ ਦੀ ਤਰਜ ਉਪਰ ਸਰਕਾਰਾ ਪ੍ਰਤੀ ਆਪਣੀ ਵਫਾਦਾਰੀ ਵਿਖਾਉਣੀ ਚਾਹੀਦੀ ਹੈ। ਸ਼੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨਾਲ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਹੋਈ। ਇਹ ਧਾਰਮਿਕ ਅਸਥਾਨ ਦੋਹਾਂ ਦੇਸ਼ਾਂ ਵਿਚਕਾਰ ਅਮਨ ਦਾ ਕੇਂਦਰ ਬਣਦਾ ਨਜ਼ਰ ਆ ਰਿਹਾ ਹੈ। ਭਾਰਤ, ਪਾਕਿਸਤਾਨ ਮੁਲਕਾਂ ਦੀਆਂ ਸਰਹੱਦਾਂ ਤੇ ਸਥਾਈ ਅਮਨ ਪੈਦਾ ਹੋਵੇਗਾ। ਦੁਨੀਆਂ ਦੀ ਸਾਂਝੀ ਪਾਰਲੀਮੈਂਟ ਯੂ.ਐਨ.ਓ. ਦੇ ਮੁੱਖੀ ਵਲੋਂ ਪਾਕਿਸਤਾਨ ਵਿਚ ਸ਼੍ਰੀ ਕਰਤਾਰ ਪੁਰ ਸਾਹਿਬ ਦੀ ਯਾਤਰਾ ਦੇ ਵੱਡੇ ਅਰਥ ਹਨ। ਯੂਰਪ ਦੀ ਤਰਜ ਤੇ ਸਰਹੱਦਾਂ ਤੇ ਸ਼ਾਂਤੀ ਹੀ ਮਨੁੱਖੀ ਅਧਿਕਾਰਾਂ ਦੀ ਰਾਖੀ ਕਰ ਸਕਦੀ ਹੈ। ਅਫਸਰਸ਼ਾਹੀ ਨੂੰ ਆਪਣੇ ਕਾਨੂੰਨੀ ਦਾਇਰੇ ਅੰਦਰ ਰਹਿ ਕੇ ਆਪਣੀਆਂ ਜਿੰਮੇਵਾਰੀਆਂ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ। ਸਿਆਸੀ ਆਗੂਆਂ ਵਾਂਗ ਦਿਤੇ ਬਿਆਨ ਹਾਲਾਤਾਂ ਨੂੰ ਸਾਜਗਾਰ ਮਾਹੌਲ ਨਹੀ ਦੇ ਸਕਣਗੇ। ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਰਪ ਯੂਥ ਵਿੰਗ ਦੇ ਮੁੱਖ ਸੇਵਾਦਾਰ ਦਲਵਿੰਦਰ ਸਿੰਘ ਘੁੰਮਣ ਵਲੋਂ ਮੰਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੂੰ ਇਸ ਸੰਵੇਦਨਸ਼ੀਲ ਮੁੱਦੇ ਤੇ ਆਪਣੀ ਜਿੰਮੇਵਾਰੀ ਨੂੰ ਕਬੂਲਦੇ ਹੋਏ ਮੁੱਖ ਮੰਤਰੀ ਦੇ ਅਹੁਦੇ ਤੋ ਅਸਤੀਫਾ ਦੇਣਾ ਚਾਹੀਦਾ ਹੈ ਜਾਂ ਡੀ ਜੀ ਪੀ ਪੰਜਾਬ ਦੇ ਮੁੱਖੀ ਦਾ ਅਸਤੀਫਾ ਲੈ ਕੇ ਘਰ ਭੇਜਣਾ ਚਾਹੀਦਾ ਹੈ।

# 'ਭਾਰਤ-ਅਮਰੀਕਾ ਦੀਆਂ ਸਾਂਝੀਆਂ ਕਦਰਾਂ-ਕੀਮਤਾਂ 'ਚ ਪੱਖਪਾਤ ਤੇ ਕੱਟੜਤਾ ਸ਼ਾਮਲ'

**ਨਵੀਂ ਦਿੱਲੀ/ਏ.ਟੀ.ਨਿਊਜ਼** :ਐਮਨੈਸਟੀ ਇੰਟਰਨੈਸ਼ਨਲ (ਅਮਰੀਕਾ) ਦਾ ਕਹਿਣਾ ਹੈ ਕਿ ਭਾਰਤ ਤੇ ਅਮਰੀਕਾ ਵਿਚਾਲੇ ਜਿਨਾਂ ਸਾਂਝੀਆਂ ਕਦਰਾਂ-ਕੀਮਤਾਂ ਦੀ ਗੱਲ ਹੋ ਰਹੀ ਹੈ, ਉਨਾਂ ਕਦਰਾਂ-ਕੀਮਤਾਂ ਵਿਚ 'ਪੱਖਪਾਤ ਕਰਨਾ, ਕੱਟੜਤਾ ਅਤੇ ਸ਼ਰਨਾਰਥੀਆਂ ਤੇ ਸ਼ਰਨ ਮੰਗਣ ਵਾਲਿਆਂ ਦਾ ਵਿਰੋਧ ਕਰਨਾ ਸ਼ਾਮਲ ਹੈ।' ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪਰਿਵਾਰ ਸਣੇ ਭਾਰਤ ਦੌਰੇ 'ਤੇ ਹਨ ਅਤੇ ਦੋਵਾਂ ਮੁਲਕਾਂ ਵਿਚਾਲੇ ਸਾਂਝ ਦਾ ਕਈ ਥਾਂ ਜ਼ਿਕਰ ਕੀਤਾ ਗਿਆ ਹੈ। ਮਨੁੱਖੀ ਹੱਕਾਂ ਬਾਰੇ ਸੰਗਠਨ ਵੱਲੋਂ ਜਾਰੀ ਬਿਆਨ ਮੁਤਾਬਕ ਭਾਰਤ ਤੇ ਅਮਰੀਕੀ ਆਗੂਆਂ ਦੀਆਂ ਨੀਤੀਆਂ ਵਿਚ ਮੁਸਲਿਮ ਵਿਰੋਧੀ ਭਾਵਨਾ ਭਰੀ ਹੋਈ ਹੈ। ਦਹਾਕਿਆਂ ਬੱਧੀ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਮਨੁੱਖੀ ਅਧਿਕਾਰਾਂ ਤੇ ਇਨਸਾਨੀਅਤ ਦੇ ਪੱਖ ਤੋਂ ਪੇਸ਼ ਕੀਤਾ ਜਾਂਦਾ ਰਿਹਾ ਹੈ, ਪਰ ਹੁਣ ਇਸ ਸਾਂਝ ਨੇ ਰੂਪ ਵਟਾ ਲਿਆ ਹੈ। ਐਮਨੈਸਟੀ ਦੀ ਅਮਰੀਕਾ ਵਿਚ ਕਾਰਜਕਾਰੀ ਡਾਇਰੈਕਟਰ ਮਾਰਗ੍ਰੇਟ ਹੁਆਂਗ ਨੇ ਇਹ ਬਿਆਨ ਭਾਰਤ ਵਿਚ ਜਾਰੀ ਨਾਗਰਿਕਤਾ ਕਾਨੂੰਨ (ਸੀਏਏ) ਦੇ ਵਿਰੋਧ ਤੇ ਜੰਮੂ ਕਸ਼ਮੀਰ ਵਿਚ ਇੰਟਰਨੈੱਟ ਦੀ ਪਾਬੰਦੀ ਦੇ ਸੰਦਰਭ ਵਿਚ ਜਾਰੀ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਵੱਲੋਂ ਲਾਈਆਂ ਪਾਬੰਦੀਆਂ ਮੁਸਲਿਮ ਜਗਤ ਨੂੰ ਨਾਇਜੀਰੀਆ, ਮਿਆਂਮਾਰ, ਕਿਰਗਿਜ਼ਸਤਾਨ, ਸੂਡਾਨ ਤੇ ਤਨਜ਼ਾਨੀਆ ਸਣੇ ਕਈ ਦੇਸ਼ਾਂ 'ਚ ਪ੍ਰਭਾਵਿਤ ਕਰ ਰਹੀਆਂ ਹਨ। ਸੰਗਠਨ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਭਾਰਤ ਦਾ ਸੀਏਏ ਨਿਰੋਲ ਪੱਖਪਾਤੀ ਹੈ ਤੇ ਬੇਸ਼ੱਕ ਧਰਮ ਦੇ ਅਧਾਰ 'ਤੇ ਨਾਗਰਿਕਤਾ ਦੇਣ ਵਿਚ ਪੱਖਪਾਤ ਕਰ ਰਿਹਾ ਹੈ। ਭਾਰਤ ਵਿਚ ਹੋਈ ਬਿਆਨਬਾਜ਼ੀ- 'ਮੁਜ਼ਾਹਰਾਕਾਰੀ ਕੱਪੜਿਆਂ ਤੋਂ ਪਛਾਣੇ ਜਾਂਦੇ ਹਨ', 'ਗੱਦਾਰਾਂ ਨੂੰ ਗੋਲੀ ਮਾਰੋ' ਦੀ ਵੀ ਐਮਨੈਸਟੀ ਨੇ ਸਖ਼ਤ ਨਿਖੇਧੀ ਕੀਤੀ ਹੈ। ਉਨਾਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਡਰ ਪੈਦਾ ਕਰਨ ਦੇ ਨਾਲ-ਨਾਲ ਵੰਡੀਆਂ ਪਾਉਂਦੀਆਂ ਹਨ।

# ਸੁਨੰਦਾ ਪੁਸ਼ਕਰ ਮਾਮਲਾ: ਅਦਾਲਤ ਨੇ ਥਰੂਰ ਦੀ ਪਟੀਸ਼ਨ 'ਤੇ ਪੁਲੀਸ ਤੋਂ ਜਵਾਬ ਮੰਗਿਆ



**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਦੀ ਇਕ ਅਦਾਲਤ ਨੇ ਪੁਲਿਸ ਤੋਂ ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਆਪਣੀ ਮ੍ਰਿਤਕ ਪਤਨੀ ਦੇ ਟਵਿੱਟਰ ਅਕਾਊਂਟ ਅਤੇ 2014 ਵਿੱਚ ਉਸਦੀ ਮੌਤ ਤੋਂ ਪਹਿਲਾਂ ਦੇ ਟਵੀਟ ਦੀ ਸੰਭਾਲ ਸਬੰਧੀ ਜਵਾਬ ਮੰਗਿਆ ਹੈ। ਵਿਸ਼ੇਸ਼ ਜੱਜ ਅਜੈ ਕੁਮਾਰ ਕੁਹਾੜ ਨੇ ਜਾਂਚ ਅਧਿਕਾਰੀ (ਆਈ.ਓ.) ਨੂੰ ਇਸ ਮਾਮਲੇ ਵਿੱਚ 20 ਮਾਰਚ ਤੱਕ ਆਪਣਾ ਜਵਾਬ ਦਾਖਲ ਕਰਨ ਦੀ ਹਦਾਇਤ ਕੀਤੀ ਹੈ। ਅਦਾਲਤ ਨੇ ਪਿਛਲੇ ਮਹੀਨੇ ਥਰੂਰ ਦੀ ਆਪਣੀ ਪਤਨੀ ਦੇ ਕੁਝ ਟਵੀਟ ਪੇਸ਼ ਕਰਨ ਦੀ ਅਪੀਲ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ ਉਸ ਨੂੰ ਉਨਾਂ ਨੂੰ ਢੁਕਵੇ ਪੜਾਅ 'ਤੇ ਪੇਸ਼ ਕਰਨ ਦੀ ਆਜ਼ਾਦੀ ਹੋਵੇਗੀ। ਸਾਬਕਾ ਕੇਂਦਰੀ ਮੰਤਰੀ ਜਿਸ ਨੂੰ ਅਗਾਊਂ ਜ਼ਮਾਨਤ ਮਿਲ ਗਈ ਸੀ, ਜਿਸ ਨੂੰ ਬਾਅਦ ਵਿਚ ਰੈਗੂਲਰ ਜ਼ਮਾਨਤ ਵਿਚ ਬਦਲ ਦਿੱਤਾ ਗਿਆ ਸੀ 'ਤੇ ਧਾਰਾ 498-ਏ ਅਤੇ 306 ਤਹਿਤ ਦੋਸ਼ ਆਇਦ ਕੀਤੇ ਗਏ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# 20ਵੇਂ .ਗਦਰੀ ਮੇਲੇ ਸਬੰਧੀ ਭਾਈਚਾਰੇ ਵਲੋਂ ਮਿਲ ਰਿਹੈ ਭਰਪੂਰ ਹੁੰਗਾਰਾ: ਅਣਖੀ



*ਕੈਪਸ਼ਨ: ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਮੈਂਬਰਾਂ ਦੀ ਯਾਦਗਰੀ ਤਸਵੀਰ*

**ਫਰਿਜ਼ਨੋਂ/ਕੁਲਵੀਰ ਹੇਅਰ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ 29 ਮਾਰਚ ਦਿਨ ਐਤਵਾਰ ਨੂੰ ਕਰਵਾਏ ਜਾਣ ਵਾਲੇ 20ਵੇਂ ਗਦਰੀ ਬਾਬਿਆਂ ਦੇ ਮੇਲੇ ਨੂੰ ਭਾਰਤੀ ਭਾਈਚਾਰੇ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਸਬੰਧੀ ਗੱਲ ਕਰਦਿਆਂ ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਦੱਸਿਆ ਕਿ ਇਹ 20ਵਾਂ ਮੇਲਾ ਕਾਲੇ ਪਾਣੀ ਦੇ ਮਹਾਨ ਸਹੀਦਾਂ ਅਤੇ ਦੇਸ਼ ਦੇ ਹੋਰ ਸ਼ਹੀਦਾਂ ਸਮਰਪਿਤ ਹੈ ਅਤੇ ਇਸ ਸਬੰਧੀ ਹਰ ਵਰਗ ਜਿਵੇਂ ਖੇਡ, ਧਾਰਮਿਕ, ਸੱਭਿਆਚਾਰਕ ਸੰਸਥਾਵਾਂ ਅਤੇ ਆਮ ਲੋਕਾਂ ਵਲੋਂ ਹਰ ਤਰਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ 20ਵੇਂ ਮੇਲੇ ਵਿਚ ਮੁੱਖ ਮਹਿਮਾਨ ਤੇ ਬੁਲਾਰੇ ਵਜੋਂ ਸਹੀਦ ਭਗਤ ਸਿੰਘ ਦਾ ਭਾਣਜਾ ਪ੍ਰੋ. ਜਗਮੋਹਨ ਸਿੰਘ ਹੋਣਗੇ। ਵਿਸ਼ੇਸ਼ ਮਹਿਮਾਨ ਸ. ਜਰਨੈਲ ਸਿੰਘ ਅੱਚਰਵਾਲ ਅਤੇ ਡਾ. ਅਮਰਜੀਤ ਸਿੰਘ ਮਰਵਾਹਾ ਹੋਣਗੇ। ਇਸ ਤੋਂ ਇਲਾਵਾ ਸਥਾਨਕ ਸੱਭਿਆਚਾਰਕ ਸੰਸਥਾਵਾਂ ਦੇ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਕੀਤੇ ਜਾਣਗੇ ਅਤੇ ਖਾਸ ਤੌਰ ਤੇ ਬੱਚਿਆਂ ਵਲੋਂ ਗੀਤ, ਕਵਿਤਾ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ ਅਤੇ ਵਿੱਦਿਆ ਵਿਚ ਚੰਗੇ ਨੰਬਰਾਂ ਤੇ ਪਾਸ ਹੋਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।ਇਸ ਮੌਕੇ ਲਗਾਈ ਜਾਣ ਵਾਲੀ ਫੋਟੋ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਬਣੇਗੀ। ਸਥਾਨਕ ਗਾਇਕ ਸੱਤੀ ਪਾਬਲਾ, ਹਰਜੀਤ ਸਿੰਘ ਸ਼ੇਰਗਿਲ ਮਰਸਿਡ ਅਤੇ ਰਾਜ ਬਰਾੜ ਵਲੋਂ ਗੀਤਾਂ ਰਾਹੀਂ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਇਹ ਮੇਲਾ ਪਿਛਲੇ ਸਾਲ ਦੀ ਤਰਾਂ ਇਹ ਮੇਲਾ ਸੈਂਟਰਲ ਹਾਈ ਸਕੂਲ 3535 ਨੌਰਥ ਕੋਰਨੀਲੀਆ (ਫਰਿਜ਼ਨੋਂ) ਵਿਖੇ 29 ਮਾਰਚ 2020, ਦਿਨ ਐਤਵਾਰ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।ਚਾਹ ਅਤੇ ਪਕੌੜਿਆਂ ਦਾ ਖਾਸ ਪ੍ਰਬੰਧ ਹੋਵੇਗਾ ਅਤੇ ਕਾਰ ਪਾਰਕਿੰਗ ਮੁਫਤ ਹੋਵੇਗੀ। ਵਧੇਰੇ ਜਾਣਕਾਰੀ ਲਈ 559-287-0822 ਤੇ ਕਾਲ ਕੀਤੀ ਜਾ ਸਕਦੀ ਹੈ

# ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ

ਧਰਮ ਕਮਾਈ ਸਾਰੀ ਜਿੰਦਗੀ, ਰੱਬ ਦਾ ਹੀ ਦਿੱਤਾ ਜ਼ਰਕੇ ਜੀ,
ਦਸਵੰਧ ਵੀ ਕੱਢੀਏ ਗੁਰੂ ਲਈ, ਦਸਾਂ ਨਹੁੰਆਂ ਦੀ ਕਿਰਤ ਕਰਕੇ ਜੀ,
ਦਾਤਾ ਜੀ ਨੇੜੇ ਹੈ ਨੇੜੇ ਜੀ, ਸ਼ੋਭਾ ਆਪਣੇ ਗੁਰੂ ਦੀ ਖਿਲਾਰੀਏ।
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਗੁਰੂ ਜੀ ਦੀ ਕ੍ਰਿਪਾ ਚਾਹੀਦੀ, ਗੁਰੂਘਰ ਦੀ ਸ਼ਾਨ ਵਧਾਵਾਂਗੇ,
ਲੰਗਰ ਹਾਲ ਦੀ ਇਮਾਰਤ ਪੁਰਾਣੀ, ਬਹੁਤ ਹੀ ਵਧੀਆ ਜੀ ਬਣਾਵਾਂਗੇ।
ਸਹੀ ਜਗਾ ਤੇ ਹੀ ਕਾਰ ਲਗਾਉ, ਭਾਵੇਂ ਤੰਗੀ ਆਪ ਸਹਾਰੀਏ,
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਸਾਂਭ ਸਾਂਭ ਕੇ ਰੱਖਾਂਗੇ ਜੀ, ਗੁਰਦੁਆਰੇ ਦਾ ਪੈਸਾ ਸਾਰਾ
ਫਾਲਤੂ ਖਰਚਾ ਨਹੀਂ ਹੋਵੇਗਾ, ਵਾਅਦਾ ਹੈ ਇਹ ਸਾਡਾ ਭਾਰਾ
ਲੇਖਾ ਹਿਸਾਬ ਦਿਆਂਗੇ ਜੀ ਪੂਰਾ, ਜਨਮ ਜੂਏ ਵਿਚ ਨਾ ਹਾਰੀਏ,
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਆਪਸ ਦੇ ਵਿਚ ਗੁਰਭਾਈ ਬਣਕੇ, ਦਿਨ ਕੱਟਾਂਗੇ ਜੀ ਪਿਆਰ ਨਾਲ
ਆਪਣਾ ਬੀਜਿਆ ਖਾਣਾ ਪੈਂਦਾ, ਗੁਰੂ ਜੀ ਦਾ ਸਮਝੀਏ ਸਵਾਲ,
ਸੇਵਾ ਕਰਕੇ ਜੀ ਤਨੋ ਮਨੋ, ਆਪਣਾ ਆਪ ਗੁਰੂ ਉੱਤੋਂ ਵਾਰੀਏ,
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਆਪਣੇ ਵੱਡੇ ਵਡੇਰਿਆਂ ਦਾ ਜੀ, ਪੜਿਆ ਕਰੀਏ ਇਤਿਹਾਸ ਪੁਰਾਣਾ
ਬੱਚਿਆ ਨੂੰ ਸਮਝਾ ਕੇ ਰੱਖੀਏ, ਗੁਰੂ ਦੀ ਬਾਣੀ ਗੁਰੂ ਦਾ ਬਾਣਾ।
ਇਧਰ ਉਧਰ ਜਾਈਏ ਨਾ ਕਦੇ, ਖਾਲਸਾ ਪੰਥ ਦੀ ਚਾਲ ਨਿਆਰੀਏ
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਗੁਰੂ ਗੋਬਿੰਦ ਸਿੰਘ ਦੇ ਬਣੇ ਰਹੀਏ, ਪੂਜਾਰੀਵਾਦ ਨੂੰ ਛੱਡ ਦਈਏ
ਨਾਨਕਸ਼ਾਹੀ ਕਲੰਡਰ ਹੈ ਆਪਣਾ, ਸੱਚ ਦੇ ਝੰਡੇ ਗੱਡ ਦਈਏ।
ਸਿੱਖੀ ਦੇ ਰਾਹ 'ਤੇ ਤੁਰਨਾ, ਬਸ ਆਪਣੇ ਦਿਲ ਵਿਚ ਧਾਰੀਏ।
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਬਹਿਰੂਪੀਏ ਗੱਦਾਰ ਸਾਨੂੰ ਧੋਖਾ ਦਿੰਦੇ, ਸੱਚੀ ਗੱਲ ਨੂੰ ਕਹਿਣਾ ਪੈਂਦਾ,
ਧੱਕੇਸ਼ਾਹੀ ਨੂੰ ਰੋਕਣ ਲਈ ਜੀ, ਵੋਟਾਂ ਦੇ ਕੰਮ 'ਚ ਪੈਣਾ ਪੈਂਦਾ
ਗੁਰੂ ਗ੍ਰੰਥ ਨਾਲ ਦਿਲੋਂ ਜੁੜੀਏ, ਆਪਣੇ ਗੁਰੂ ਦੀ ਸੋਚ ਪਿਆਰੀਏ..
ਸਿੱਖ ਪੰਚਾਇਤ ਨੂੰ ਵੋਟ ਪਾਉਣੀ ਜੀ, ਗੁਰਬਾਣੀ ਸਦਾ ਵੀਚਾਰੀਏ...
ਗੁਰੂ ਦੀ ਗੱਲ ਕੋਈ ਮੰਨ ਕੇ, ਆਪਣਾ ਕੀਮਤੀ ਜਨਮ ਸਵਾਰੀਏ।

ਅਜੀਤ ਸਿੰਘ ਬਾਹੀਆ
ਕੁੱਕੜ ਪਿੰਡ


ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇਂਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸਿੱਖ ਬੁੱਧੀਜੀਵੀਆਂ ਵੱਲੋਂ ਢੱਡਰੀਆਂ ਵਾਲੇ ਅਤੇ ਟਕਸਾਲ ਦਰਮਿਆਨ ਚਲਦੇ ਤਕਰਾਰ ਬਾਰੇ ਸਪੱਸ਼ਟੀਕਰਨ

**ਚੰਡੀਗੜ੍ਹ :ਏ.ਟੀ.ਨਿਊਜ਼ :** ਪਿਛਲੇ ਦਿਨੀਂ ਇਕ ਬੁੱਧੀਜੀਵੀ ਵੱਲੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਸਬੰਧ ਵਿਚ ਜਾਰੀ ਵੀਡੀਓ ਨੇ ਢੱਡਰੀਆਂ ਵਾਲੇ ਅਤੇ ਦਮਦਮੀ ਟਕਸਾਲ ਦਰਮਿਆਨ ਸਿੱਖ ਧਾਰਮਿਕ ਵਿਆਖਿਆਵਾਂ ਨੂੰ ਲੈ ਕੇ ਚਲ ਰਹੇ ਆਪਸੀ ਤਕਰਾਰ ਨੂੰ ਗਲਤ ਰੰਗਤ ਦੇ ਕੇ ਸਿੱਖ ਸਮਾਜ ਅੰਦਰ ਕਈ ਭਰਮ-ਭੁਲੇਖੇ ਖੜੇ ਕਰ ਦਿੱਤੇ ਹਨ, ਜਿਸ ਕਰਕੇ ਸਿੱਖ ਵਿਚਾਰ ਮੰਚ ਚੰਡੀਗੜ੍ਹ ਨਾਲ ਜੁੜੇ ਬੁੱਧੀਜੀਵੀਆਂ ਨੇ ਉਸ ਵੀਡੀਓ ਰਾਹੀਂ ਦਿੱਤੀ ਵਿਆਖਿਆ ਨਾਲੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ ਹੈ। ਵੀਡੀਓ ਦੀ ਆਲੋਚਨਾ ਕਰਦਿਆਂ ਸਿੱਖ ਵਿਚਾਰ ਮੰਚ ਦਾ ਇਹ ਮੱਤ ਹੈ ਕਿ ਕੋਈ ਧਾਰਮਿਕ ਵਿਸਵਾਸ਼ ਦੂਜੇ ਧਾਰਮਿਕ ਫਿਰਕੇ ਦੇ ਲੋਕਾਂ ਨੂੰ ਗੁਲਾਮ ਜਾਂ ਅਧੀਨ ਕਰਨ ਲਈ ਵਰਤਣਾ ਕੋਈ ਵਡੱਪਣ ਜਾਂ ਸਾਰਥਕਤਾ ਵਾਲਾ ਕਦਮ ਨਹੀਂ ਹੈ।

ਧਰਮ ਦੀ ਅਜਿਹੀ ਵਰਤੋਂ/ਦੁਰਵਰਤੋਂ ਨਿੰਦਣਯੋਗ ਪ੍ਰਕਿਰਿਆ ਹੈ, ਜਿਹੜੀ ਉਸ ਧਰਮ ਨੂੰ ਵਿਗਾੜਦੀ ਹੈ ਅਤੇ ਉਸ ਦੇ ਰੂਹਾਨੀ ਪੱਖ ਨੂੰ ਥੋਥਾ ਕਰਦੀ ਹੈ। ਸਿੱਖ ਧਰਮ ਦਾ ਰੂਹਾਨੀਅਤ ਅਤੇ ਅਧਿਆਤਮਕ ਪੱਖ ਵੱਡਾ ਹੈ, ਜਿਹੜਾ ਸ਼ਰਧਾਲੂਆਂ ਨੂੰ ਸੁਚੱਜੀ ਜੀਵਨ-ਜਾਚ, ਅੰਤਰੀਵ ਸ਼ਾਂਤੀ ਅਤੇ ਮਨੁੱਖਤਾ ਦੇ ਪਿਆਰ ਖਾਤਰ ਹੱਕ ਸੱਚ ਉਤੇ ਪਹਿਰਾ ਦੇਣਾ ਅਤੇ ਲੜ ਮਰਨ ਲਈ ਤਿਆਰ ਕਰਦਾ ਹੈ।

ਇਹ ਕਹਿਣਾ ਕਿ ਯੂਰਪੀਅਨ ਕੌਮਾਂ ਨੇ ਇਸਾਈ ਮੱਤ ਵਿਚ ਡੂੰਘਾ ਵਿਸਵਾਸ਼ ਕਰਕੇ ਹੀ ਦੁਨੀਆ ਜਿੱਤੀ ਸੀ, ਨੇ ਦੁਨੀਆਂ ਉਤੇ ਕਬਜਾ ਸਾਇੰਸ ਦੀ ਤਰੱਕੀ, ਵਧੀਆ ਤਕਨੀਕਾਂ ਅਤੇ ਵਧੀਆ ਫੌਜੀ ਹਥਿਆਰ ਸਾਜੋ-ਸਾਮਾਨ ਤਿਆਰ ਕਰਕੇ ਹੀ ਕੀਤਾ ਸੀ। ਸਗੋਂ ਪਛੜੇ ਲੋਕਾਂ ਉਤੇ ਕਬਜਾ ਕਰਨ ਲਈ ਬਾਈਬਲ ਦੀ ਦੁਰਵਰਤੋਂ ਇਸਾਈਅਤ ਦੀ ਗਿਰਾਵਟ ਦੀ ਨਿਸ਼ਾਨੀ ਸੀ। ਭਾਵੇਂ ਮੰਚ ਦੋਨਾਂ ਧਾਰਮਿਕ ਵਿਆਖਿਆ ਕਰਨ ਵਾਲੇ ਕੈਂਪਾਂ ਵਿਚ ਚਲਦੇ ਆਪਸੀ ਵਾਦ-ਵਿਵਾਦ ਦਾ ਸੁਖਾਵਾਂ ਹੱਲ ਚਾਹੁੰਦਾ ਹੈ, ਪਰ ਜਿਸ ਪੱਧਰ ਉਤੇ ਟਕਸਾਲ ਕੈਂਪ ਹਮਲਾਵਰ ਰੁਖ ਧਾਰਨ ਕਰਕੇ ਭਾਈ ਢੱਡਰੀਆਂ ਵਾਲੇ ਵੱਲੋਂ ਕਥਾ ਕਰਨ ਦੇ ਪ੍ਰੋਗਰਾਮ ਨੂੰ ਧੱਕੇ ਨਾਲ ਰੋਕਦਾ ਹੈ, ਉਸ ਪ੍ਰਤੀ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ, ਅਸੀਂ ਉਸਦੀ ਪੁਰਜ਼ੋਰ ਨਿਖੇਧੀ ਕਰਦੇ ਹਾਂ।



ਅਸੀਂ ਤਰਕ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਮੁਤਾਬਕ ਵਿਵੇਕ-ਬੁੱਧੀ ਦਾ ਨਿਰਮਾਣ ਕਰਨ ਲਈ ਵਰਤਣ ਦੇ ਹੱਕ ਵਿਚ ਹਾਂ। ਮਿਥਿਹਾਸਕ, ਰੂੜੀਵਾਦੀ ਅਤੇ ਵਹਿਮ-ਭਰਮ ਨਾਲ ਲਪੇਟੀ ਅਖੌਤੀ ਧਾਰਮਿਕ ਸ਼ੈਲੀ ਦਾ ਖੰਡਨ ਗੁਰੂ ਦੀ ਰੀਤ ਹੈ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸ।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।'

ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ ਹੀ ਧਰਮ ਹੈ। ਡੇਰੇਦਾਰੀਆਂ ਅਤੇ ਸਰਕਾਰੀ ਦਰਬਾਰੀ ਸਹਾਇਤਾ ਨਾਲ ਖੜੀਆਂ ਕੀਤੀਆਂ ਗੁਰੂ ਨਾਮ ਉਤੇ ਮੰਜੀਆਂ/ਪੀੜੀਆਂ ਦਾ ਵਿਰੋਧ ਸਿੱਖੀ ਅਨੁਸਾਰ ਹੈ। ਇਸੇ ਸਮਝ ਨੂੰ ਲੈ ਕੇ ਅਸੀਂ ਇਕਪਾਸੜ ਵਿਵਾਦਤ ਵੀਡੀਓ ਦਾ ਵਿਰੋਧ ਕਰਦੇ ਹਾਂ।

ਇਸ ਮੌਕੇ ਸ. ਗੁਰਤੇਜ ਸਿੰਘ ਆਈ ਏ ਐਸ, ਸ. ਜਸਪਾਲ ਸਿੰਘ ਸਿੱਧੂ, ਸ. ਰਜਿੰਦਰ ਸਿੰਘ ਖਾਲਸਾ, ਸ. ਗੁਰਬਚਨ ਸਿੰਘ, ਸ. ਮੱਖਣ ਸਿੰਘ ਜੰਮੂ, ਪ੍ਰੋ. ਮਨਜੀਤ ਸਿੰਘ ਅਤੇ ਡਾ. ਖੁਸ਼ਹਾਲ ਸਿੰਘ ਹਾਜਰ ਹੋਏ।

# ਨਾਭਾ ਜੇਲ 'ਚ ਬੇਅਦਬੀ ਖ਼ਿਲਾਫ਼ ਬੰਦੀ ਸਿੰਘਾਂ ਵੱਲੋਂ ਭੁੱਖ ਹੜਤਾਲ

**ਨਾਭਾ/ਏ.ਟੀ.ਨਿਊਜ਼ :** ਸਰਬੱਤ ਖ਼ਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਕਮੇਟੀ ਨੇ ਦੱਸਿਆ ਕਿ ਨਾਭਾ ਜੇਲ ਪ੍ਰਸ਼ਾਸਨ ਵੱਲੋਂ ਬੀਤੇ ਦਿਨੀਂ ਕੀਤੀ ਗਈ ਗੁਰਬਾਣੀ ਦੀ ਪੋਥੀਆਂ ਤੇ ਗੁਟਕਿਆਂ ਦੀ ਕਥਿਤ ਬੇਅਦਬੀ ਦਾ ਇਨਸਾਫ਼ ਨਾ ਮਿਲਣ ਕਰ ਕੇ ਬੰਦੀ ਸਿੰਘਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।

ਕਮੇਟੀ ਆਗੂ ਪ੍ਰੋ. ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਬਾਪੂ ਗੁਰਚਰਨ, ਬਲਬੀਰ ਸਿੰਘ ਹਿਸਾਰ ਤੇ ਬਲਵਿੰਦਰ ਸਿੰਘ ਚਨਾਰਥਲ ਆਦਿ ਨੇ ਦੱਸਿਆ ਕਿ ਬੰਦੀ ਸਿੰਘਾਂ ਨੇ ਆਪਣੇ ਸਬੰਧੀਆਂ ਰਾਹੀਂ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਜੇਲ ਵਿੱਚ ਮੰਗਵਾਏ ਸਨ ਪਰ ਜੇਲ ਦੇ ਡਿਪਟੀ ਸੁਪਰਡੈਂਟ ਗੁਰਪ੍ਰੀਤ ਸਿੰਘ ਅਤੇ ਸਕਿਓਰਟੀ ਇੰਚਾਰਜ ਕੁਲਤਾਰ ਸਿੰਘ ਨੇ ਇਹ ਪੋਥੀਆਂ ਬੰਦੀ ਸਿੰਘਾਂ ਨੂੰ ਨਹੀਂ ਸੌਂਪੀਆਂ ਬਲਕਿ ਡਿਓਢੀ ਵਿੱਚ ਬਿਨਾਂ ਕਿਸੇ ਸਤਿਕਾਰ ਦੇ ਰੱਖੀਆਂ ਹੋਈਆਂ ਸਨ। ਇਸ ਸਬੰਧੀ ਜਦੋਂ ਬੰਦੀ ਸਿੰਘਾਂ ਨੂੰ ਪਤਾ ਲੱਗਿਆ ਤਾਂ ਉਨਾਂ ਨੇ ਰੋਸ ਜ਼ਾਹਰ ਕੀਤਾ। ਆਗੂਆਂ ਨੇ ਕਿਹਾ ਕਿ ਜੇਲ ਪ੍ਰਸ਼ਾਸਨ ਵੱਲੋਂ ਆਪਣੀ ਗ਼ਲਤੀ ਨਾ ਮੰਨਣ ਕਾਰਨ ਬੰਦੀ ਸਿੰਘਾਂ ਨੂੰ ਮਜਬੂਰਨ ਜੇਲ ਵਿੱਚ ਭੁੱਖ ਹੜਤਾਲ 'ਤੇ ਬੈਠਣਾ ਪਿਆ ਹੈ। ਭੁੱਖ ਹੜਤਾਲ 'ਤੇ ਬੈਠੇ ਬੰਦੀ ਸਿੰਘਾਂ ਵਿੱਚ ਭਾਈ ਰਮਨਦੀਪ ਸਿੰਘ, ਭਾਈ ਨਿਹਾਲ ਸਿੰਘ, ਭਾਈ ਰਣਦੀਪ ਸਿੰਘ, ਭਾਈ ਮਾਨ ਸਿੰਘ ਅਤੇ ਭਾਈ ਗੁਰਸੇਵਕ ਸਿੰਘ ਸ਼ਾਮਲ ਹਨ। ਕਮੇਟੀ ਆਗੂਆਂ ਨੇ ਕਿਹਾ ਕਿ ਜੇਲ ਅਧਿਕਾਰੀਆਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰ ਕੇ ਖ਼ਾਲਸਾ ਪੰਥ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਜੇ ਪ੍ਰਸ਼ਾਸਨ ਅਤੇ ਸਰਕਾਰ ਦਾ ਰਵੱਈਆ ਇਸੇ ਤਰਾਂ ਦਾ ਰਿਹਾ ਤਾਂ ਭੁੱਖ ਹੜਤਾਲ ਜਾਰੀ ਰਹੇਗੀ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਵਿਚ ਨਸ਼ਾ ਤਸਕਰਾਂ ਨੂੰ ਨੱਥ ਨਾ ਪਾ ਸਕੀ ਕੈਪਟਨ ਸਰਕਾਰ

**✪ ਪੰਜਾਬ 'ਚ ਵਿਦਿਆ ਦਾ ਬੁਰਾ ਹਾਲ ਸਰਕਾਰ ਦੀ ਅਣਦੇਖੀ ਕਾਰਨ ਕਈ ਕਾਲਜਾਂ ਦੇ ਬੰਦ ਹੋਣ ਦੀ ਤਿਆਰੀ ✪ ਪੰਜਾਬ 'ਚ ਬੇਰੁਜ਼ਗਾਰੀ 'ਚ ਹੋਇਆ ਵਾਧਾ**

**ਜਲੰਧਰ/ ਏ.ਟੀ. ਨਿਊਜ਼:** ਪੰਜਾਬ ਸਰਕਾਰ ਹਾਲੇ ਤੱਕ ਨਸ਼ਾ ਤਸਕਰਾਂ ਨੂੰ ਨੱਥ ਨਹੀਂ ਪਾ ਸਕੀ। ਯਾਦ ਰਹੇ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾ 'ਨਸ਼ਾ ਮੁਕਤ ਪੰਜਾਬ' ਸਿਰਜਣ ਲਈ ਗੁਟਕਾ ਸਾਹਿਬ ਦੀ ਸਹੁੰ ਵੀ ਖਾਧੀ ਸੀ। ਪਰ ਵੱਡੇ ਤਸਕਰ ਅਜੇ ਵੀ ਕਾਬੂ ਵਿਚ ਨਹੀਂ ਆਏ। ਪੂਰੇ ਪੰਜਾਬ ਦੇ ਘਰਾਂ ਵਿਚ ਵੈਣ ਪੈ ਰਹੇ ਹਨ, ਕਿਉਂਕਿ ਨਸ਼ਿਆਂ ਕਾਰਨ ਮੌਤਾਂ ਹੋ ਰਹੀਆਂ ਹਨ। ਚਾਰ ਹਫ਼ਤੇ ਵਿਚ ਨਸ਼ਾ ਖਤਮ ਕਰਨ ਦਾ ਜਨਤਕ ਐਲਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਸੀ। ਪਰ ਅੱਜ 153 ਹਫ਼ਤੇ ਲੰਘ ਚੁੱਕੇ ਹਨ, ਤਸਕਰੀ ਦੇ ਰਾਹ ਹਾਲੇ ਰੁਕੇ ਨਹੀਂ ਹਨ। ਕੈਪਟਨ ਸਰਕਾਰ ਨੇ ਫੌਰੀ ਵਿਸ਼ੇਸ਼ ਟਾਸਕ ਫੋਰਸ ਬਣਾਈ। ਨਾ ਪੂਰਾ ਸਟਾਫ ਦਿੱਤਾ, ਨਾ ਦਫ਼ਤਰ ਤੇ ਨਾ ਲੋੜੀਂਦੇ ਵਾਹਨ। ਭਾਵੇਂ ਐੱਸਟੀਐੱਫ ਨੇ ਤਸਕਰ ਤੇ ਪੁਲੀਸ ਅਧਿਕਾਰੀ ਵੀ ਤਸਕਰੀ ਮਾਮਲੇ ਵਿਚ ਫੜੇ ਹਨ ਪਰ ਸਿਆਸੀ ਲੋਕਾਂ ਤੱਕ ਪੁਲੀਸ ਦੇ ਲੰਮੇ ਹੱਥ ਪਹੁੰਚ ਨਾ ਸਕੇ। ਵੇਰਵਿਆਂ ਅਨੁਸਾਰ ਅੰਮ੍ਰਿਤਸਰ ਵਿਚ ਸਭ ਤੋਂ ਵੱਡੀ ਖੇਪ 194 ਕਿਲੋ ਹੈਰੋਇਨ ਦੀ ਫੜੀ ਗਈ ਹੈ, ਜਿਸ ਵਿਚ ਐੱਸਐੱਸਐੱਸ ਬੋਰਡ ਦੇ ਸਾਬਕਾ ਮੈਂਬਰ ਅਨਵਰ ਮਸੀਹ ਫੜਿਆ ਹੈ। ਵਜ਼ੀਰ ਸੁਖਜਿੰਦਰ ਸਿੰਘ ਰੰਧਾਵਾ ਤੇ ਪਹਿਲਾਂ ਨਵਜੋਤ ਸਿੰਘ ਸਿੱਧੂ, ਹੋਰ ਕਿੰਨੇ ਕਾਂਗਰਸੀ ਵਿਧਾਇਕ ਰੌਲਾ ਪਾਉਂਦੇ ਰਹੇ, ਸਿਆਸੀ ਨਸ਼ਾ ਤਸਕਰਾਂ ਨੂੰ ਫੜੋ। ਮੁੱਖ ਮੰਤਰੀ ਇਸ ਪਾਸੇ ਖੂੰਡਾ ਨਹੀਂ ਚਲਾ ਸਕੇ। ਸਰਕਾਰ ਆਖਦੀ ਹੈ ਕਿ ਨਸ਼ਿਆਂ ਦੀ ਕੀਮਤ ਵਧੀ ਹੈ, ਕਿਉਂਕਿ ਸਰਕਾਰ ਨਸ਼ਾ ਰੋਕਣ ਵਿਚ ਸਫ਼ਲ ਰਹੀ ਹੈ। ਏਦਾਂ ਹੈ ਤਾਂ ਪੰਜਾਬ ਵਿਚ ਹਰ ਹਫ਼ਤੇ ਕਿਸੇ ਨਾ ਕਿਸੇ ਘਰ ਵਿਚ 'ਚਿੱਟਾ' ਕਿਉਂ ਸੱਥਰ ਵਿਛਾ ਰਿਹਾ ਹੈ। ਹਾਕਮ ਧਿਰ ਦੇ ਵਿਧਾਇਕਾਂ 'ਤੇ ਇਹ ਇਲਜ਼ਾਮ ਲੱਗਦੇ ਹਨ ਕਿ ਉਹ ਤਸਕਰੀ ਰੋਕਣ ਦੇ ਰਾਹ ਵਿਚ ਅੜਿੱਕਾ ਹਨ।

ਚੋਣ ਮਨੋਰਥ ਪੱਤਰ ਵਿਚ ਦਰਜ ਹੈ ਕਿ ਸਰਕਾਰ ਹਰ ਵਰ੍ਹੇ ਪੰਜ ਫੀਸਦੀ ਸ਼ਰਾਬ ਦੇ ਠੇਕੇ ਬੰਦ ਕਰੇਗੀ, ਕਿਉਂਕਿ ਅਕਾਲੀ ਰਾਜ ਦੇ ਸਮੇਂ ਸ਼ਰਾਬ ਦੀ ਖ਼ਪਤ ਵਧੀ ਸੀ, ਜਿਸ ਨੂੰ ਪੰਜ ਸਾਲਾਂ ਵਿਚ ਘਟਾਇਆ ਜਾਵੇਗਾ। ਹਕੀਕਤ ਕੁਝ ਹੋਰ ਹੈ, ਐਤਕੀਂ ਸਰਕਾਰ ਨੇ ਸਿਰਫ਼ ਸੱਤ ਸ਼ਰਾਬ ਦੇ ਠੇਕੇ ਬੰਦ ਕੀਤੇ ਹਨ। ਮੋਟੇ ਤੌਰ 'ਤੇ ਦੇਖੀਏ ਤਾਂ ਤਿੰਨ ਵਰਿਆਂ ਵਿਚ ਕਰੀਬ ਇੱਕ ਹਜ਼ਾਰ ਠੇਕੇ ਬੰਦ ਹੋਣੇ ਚਾਹੀਦੇ ਸਨ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸ਼ਰੇਆਮ ਇਲਜ਼ਾਮ ਲਾਇਆ ਕਿ ਕਾਂਗਰਸੀ ਲੀਡਰ ਹਰਿਆਣਾ ਦੀ ਸ਼ਰਾਬ ਵੇਚਦੇ ਹਨ। ਸੂਤਰ ਆਖਦੇ ਹਨ ਕਿ ਬਠਿੰਡਾ ਪੁਲੀਸ ਤਾਂ ਸ਼ਰਾਬ ਦੇ ਤਸਕਰਾਂ ਨੂੰ ਬਚਾ ਰਹੀ ਹੈ।

ਕਾਂਗਰਸ ਦਾ ਐਲਾਨ ਸੀ ਕਿ ਫਾਸਟ ਟਰੈਕ ਅਦਾਲਤਾਂ ਦਾ ਗਠਨ ਹੋਵੇਗਾ, ਜਿਨਾਂ ਵਿਚ ਨਸ਼ਿਆਂ ਵਾਲੇ ਕੇਸਾਂ ਦਾ ਜਲਦੀ ਨਿਪਟਾਰਾ ਹੋਵੇਗਾ। ਇਹ ਅਦਾਲਤਾਂ ਕਿਥੇ ਹਨ, ਲੋਕ ਪੁੱਛ ਰਹੇ ਹਨ। ਇਹ ਵੀ ਆਖਿਆ ਸੀ ਕਿ ਫੋਰੈਂਸਿਕ ਸਾਇੰਸ ਲੈਬਾਰਟਰੀ ਵਿਚੋਂ ਨਸ਼ਿਆਂ ਦੇ ਮਾਮਲੇ ਵਿੱਚ ਰਿਪੋਰਟ 30 ਦਿਨਾਂ ਵਿੱਚ ਮਿਲੇਗੀ ਪ੍ਰੰਤੂ ਅੱਜ ਵੀ ਇਸ ਰਿਪੋਰਟ ਨੂੰ ਤਿੰਨ ਮਹੀਨੇ ਲੱਗ ਜਾਂਦੇ ਹਨ। ਪੰਜਾਬ ਪੁਲੀਸ ਨੇ ਦਿਖਾਵਾ ਕਰਨ ਵਾਸਤੇ ਤਾਂ ਮਾਲਵੇ ਵਿਚ ਦਰਜਨਾਂ ਅਜਿਹੇ ਲੋਕਾਂ 'ਤੇ ਪਰਚੇ ਦਰਜ ਕੀਤੇ ਸਨ, ਜਿਥੇ ਨਸ਼ੇ ਦੀ ਬਰਾਮਦਗੀ ਸਿਫ਼ਰ ਸੀ। ਸਰਕਾਰ ਦਾ ਕਹਿਣਾ ਹੈ ਕਿ ਉਨਾਂ ਨੇ ਨਸ਼ਾ ਜਾਗਰੂਕਤਾ ਅਤੇ ਰੋਕਣ ਵਾਸਤੇ ਪੰਜਾਬ ਵਿੱਚ 5.25 ਲੱਖ ਡੈਪੋ ਬਣਾਏ ਹਨ। ਇਨਾਂ ਦੀ ਪ੍ਰਾਪਤੀ ਦਾ ਸਰਕਾਰ ਨੇ ਕੋਈ ਖੁਲਾਸਾ ਨਹੀਂ ਕੀਤਾ।

ਗ੍ਰਹਿ ਵਿਭਾਗ ਪੰਜਾਬ ਦਾ ਅੰਕੜਾ ਹੈ ਕਿ ਪਹਿਲੀ ਜਨਵਰੀ 2014 ਤੋਂ 31 ਦਸੰਬਰ 2018 ਤੱਕ ਨਸ਼ਾ ਤਸਕਰੀ ਦੇ 52,742 ਪੁਲੀਸ ਕੇਸ ਦਰਜ ਹੋਏ ਸਨ ਜਿਨਾਂ ਵਿਚੋਂ 23,572 ਕੇਸਾਂ ਦਾ ਅਦਾਲਤਾਂ ਵਿਚੋਂ ਨਿਪਟਾਰਾ ਹੋ ਚੁੱਕਾ ਹੈ। ਇਨਾਂ ਕੇਸਾਂ ਵਿਚੋਂ 5858 ਕੇਸਾਂ (24.85 ਫੀਸਦੀ) ਵਿਚ ਨਸ਼ਾ ਤਸਕਰ ਅਦਾਲਤਾਂ ਵਿਚੋਂ ਬਰੀ ਹੋਏ ਹਨ। ਕੈਪਟਨ ਸਰਕਾਰ ਦੌਰਾਨ ਨਸ਼ਾ ਤਸਕਰੀ 'ਤੇ ਜੋ 23,410 ਕੇਸ ਦਰਜ ਹੋਏ, ਉਨਾਂ ਵਿਚੋਂ 7489 ਕੇਸਾਂ ਦਾ ਅਦਾਲਤਾਂ ਵਿਚੋਂ ਫੈਸਲਾ ਹੋਇਆ। ਕਾਂਗਰਸ ਸਰਕਾਰ ਦੇ ਪਹਿਲੇ ਦੋ ਸਾਲਾਂ ਵਿਚ 25.91 ਫੀਸਦੀ ਤਸਕਰ ਅਦਾਲਤਾਂ ਵਿਚੋਂ ਬਰੀ ਹੋਏ ਹਨ। ਇਵੇਂ ਹੀ ਜੇਲਾਂ ਵਿਚ ਨਸ਼ਾ ਮਿਲਣੇ ਬੰਦ ਨਹੀਂ ਹੋ ਸਕੇ ਹਨ। ਜ਼ਿਲਾ ਨਸ਼ਾ ਛੁਡਾਊ ਕੇਂਦਰਾਂ ਵਿਚ ਮਰੀਜ਼ਾਂ ਨੂੰ ਮੁਫ਼ਤ ਦਵਾਈ ਜ਼ਰੂਰ ਸਰਕਾਰ ਦੇ ਰਹੀ ਹੈ ਪ੍ਰੰਤੂ ਮੁੜ ਵਸੇਬਾ ਕੇਂਦਰਾਂ ਵਿੱਚ ਜੋ ਸਰਕਾਰ ਨੇ ਹੁਨਰ ਸਿਖਲਾਈ ਦੀ ਗੱਲ ਆਖੀ ਸੀ, ਉਹ ਵੀ ਹਕੀਕਤ ਨਹੀਂ ਬਣੀ ਹੈ।



## ਪੰਜਾਬ ਵਿਚ ਕਾਲਜ ਬੰਦ ਹੋਣ ਲੱਗੇ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਵਿਚ ਕਾਲਜਾਂ ਅਤੇ ਸਕੂਲਾਂ ਨੂੰ ਆਧੁਨਿਕ ਬਣਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਅਸਲੀਅਤ ਕੁਝ ਹੋਰ ਹੀ ਹੈ। ਇਹ ਕਾਲਜ ਸਰਕਾਰ ਦੀ ਅਣਦੇਖੀ ਕਾਰਨ ਮਿਲਣ ਵਾਲੀਆਂ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ ਜਦਕਿ ਕਾਗਜ਼ਾਂ ਵਿਚ ਇਨਾਂ ਕਾਲਜਾਂ ਨੂੰ ਆਧੁਨਿਕ ਰੂਪ ਦਿੱਤਾ ਜਾਂਦਾ ਹੈ। ਵਰਤਮਾਨ ਸਮੇਂ ਵਿਚ ਪੰਜਾਬ ਦੇ ਵੱਖ ਵੱਖ ਕਾਲਜਾਂ ਵਿਚ ਪ੍ਰੋਫੈਸਰਾਂ ਦੀਆਂ ਕੁੱਲ 1873 ਦੇ ਕਰੀਬ ਅਸਾਮੀਆਂ ਹਨ ਜਿਨਾਂ ਵਿੱਚੋਂ 1300 ਤੋਂ ਵੱਧ ਖਾਲੀ ਪਈਆਂ ਹਨ। ਕਾਲਜਾਂ ਵਿਚ ਅਧਿਆਪਕਾਂ ਦੀ ਘੱਟ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ, ਜਿਸ ਕਾਰਨ ਕਾਲਜ ਗੈਸਟ ਫੈਕਲਟੀ ਅਤੇ ਠੇਕੇ 'ਤੇ ਰੱਖੇ ਪ੍ਰੋਫੈਸਰਾਂ ਦੇ ਸਿਰ 'ਤੇ ਹੀ ਗੁਜ਼ਾਰਾ ਕਰ ਰਹੇ ਹਨ। ਪੇਂਡੂ ਖੇਤਰ ਦੇ ਕਾਲਜਾਂ ਦੀ ਹਾਲਤ ਸਹੀ ਨਹੀਂ ਹੈ ਜਿੱਥੇ ਪ੍ਰੋਫੈਸਰਾਂ ਦੇ ਨਾਲ-ਨਾਲ ਵਿਦਿਆਰਥੀਆਂ ਦੀ ਗਿਣਤੀ ਵੀ ਬਹੁਤ ਘੱਟ ਹੈ। ਸੂਤਰਾਂ ਅਨੁਸਾਰ ਸੂਬੇ ਦੇ ਦਰਜਨ ਭਰ ਕਾਲਜ ਬੰਦ ਹੋਣ ਕਿਨਾਰੇ ਹਨ ਪਰ ਵਿਭਾਗ ਦਾ ਕਹਿਣਾ ਹੈ ਕਿ ਇਨਾਂ ਕਾਲਜਾਂ ਨੂੰ ਇਸ ਸਾਲ ਵਧੀਆ ਢੰਗ ਨਾਲ ਮੁੜ ਸ਼ੁਰੂ ਕੀਤਾ ਜਾਵੇਗਾ।

ਜਲੰਧਰ ਜ਼ਿਲੇ ਅਧੀਨ ਪੈਂਦੇ ਸਰਕਾਰੀ ਕਾਲਜ ਜੰਡਿਆਲਾ, ਜ਼ਿਲਾ ਗੁਰਦਾਸਪੁਰ ਦੇ ਸਰਕਾਰੀ ਕਾਲਜ ਕਾਲਾ ਅਫ਼ਗਾਨਾ, ਜ਼ਿਲਾ ਕਪੂਰਥਲਾ ਦਾ ਸਰਕਾਰੀ ਕਾਲਜ ਭੁਲੱਥ, ਜ਼ਿਲਾ ਮੋਗਾ ਦਾ ਸਰਕਾਰੀ ਕਾਲਜ ਗੁਰੂ ਤੇਗ ਬਹਾਦਰ, ਜ਼ਿਲਾ ਬਠਿੰਡਾ ਦੇ ਸਰਕਾਰੀ ਕਾਲਜ ਸਰਦਾਰਗੜ ਵਿਚ ਪ੍ਰੋਫੈਸਰਾਂ ਦੀ ਗਿਣਤੀ ਇੱਕਾ ਦੁੱਕਾ ਹੀ ਹੈ। ਇਸ ਦੇ ਚਲਦਿਆਂ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਰਹੀ ਹੈ। ਇਸ ਤੋਂ ਇਲਾਵਾ ਸਰਕਾਰੀ ਕਾਲਜ ਸਿੱਧਸਰ, ਸਰਕਾਰੀ ਆਰਟਸ ਅਤੇ ਸਪੋਰਟਸ ਸੈੱਲ ਜਲੰਧਰ, ਸਰਕਾਰੀ ਕਾਲਜ ਅਜਨਾਲਾ, ਸਰਕਾਰੀ ਕਾਲਜ ਤੇਜੇਵਾਲ, ਸਰਕਾਰੀ ਕਾਲਜ ਜਲਾਲਾਬਾਦ ਵਿਚ ਵੀ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਹੈ।

ਜ਼ਿਕਰਯੋਗ ਹੈ ਕਿ ਇਨਾਂ ਕਾਲਜਾਂ ਵਿਚ ਤਾਂ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਕਰਕੇ ਪੀਟੀਏ ਫੰਡ ਵੀ ਇਕੱਠਾ ਨਹੀਂ ਹੁੰਦਾ ਜਿਸ ਕਰਕੇ ਲੈਕਚਰਾਰ ਰੱਖਣ ਵਿਚ ਸਮੱਸਿਆ ਆ ਰਹੀ ਹੈ। ਸੂਬੇ ਦੇ ਇਨਾਂ ਕਾਲਜਾਂ ਵੱਲ ਸੂਬਾ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਜਿਸ ਕਰਕੇ ਕਰੋੜਾਂ ਦੀ ਲਾਗਤ ਨਾਲ ਤਿਆਰ ਕੀਤੇ ਗਏ ਕਾਲਜ ਦੀ ਇਮਾਰਤ ਅਤੇ ਹੋਰ ਸਾਮਾਨ ਦੀ ਹਾਲਤ ਵੀ ਖਸਤਾ ਹੋ ਰਹੀ ਹੈ। ਕਾਲਜਾਂ ਵਿਚ ਪ੍ਰੋਫੈਸ਼ਨਲ ਕੋਰਸਾਂ ਦੀ ਘਾਟ ਦੇ ਚਲਦਿਆਂ ਵੀ ਵਿਦਿਆਰਥੀਆਂ ਦਾ ਰੁਖ਼ ਨਿੱਜੀ ਕਾਲਜਾਂ ਵੱਲ ਵੱਧ ਰਹਿੰਦਾ ਹੈ। ਕਈ ਕਾਲਜਾਂ ਵਿਚ ਬੀ.ਐੱਡ. ਸਮੇਤ ਹੋਰ ਵੀ ਕਈ ਸੈਲਫ਼ ਫਾਇਨਾਂਸ ਕੋਰਸ ਸ਼ੁਰੂ ਕੀਤੇ ਗਏ ਹਨ ਜਿਨਾਂ ਦੀਆਂ ਫ਼ੀਸਾਂ ਵੀ ਨਿੱਜੀ ਕਾਲਜਾਂ ਤੋਂ ਕੁਝ ਫ਼ੀਸਦ ਹੀ ਘੱਟ ਹਨ। ਏਡਿਡ ਕਾਲਜਾਂ ਵਿਚ ਪ੍ਰੋਫੈਸਰਾਂ ਦੀ ਘੱਟ ਗਿਣਤੀ ਨੂੰ ਵੇਖਦੇ ਹੋਏ ਵਿਭਾਗ ਨੇ ਪਿਛਲੇ ਦਿਨੀਂ 1925 ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਭਰਨ ਦੇ ਆਦੇਸ਼ ਦਿੱਤੇ ਸਨ ਜਿਨਾਂ ਵਿੱਚੋਂ ਹਾਲੇ 25 ਫ਼ੀਸਦੀ ਅਸਾਮੀਆਂ ਖਾਲੀ ਪਈਆਂ ਹਨ।

## ਬੇਰੁਜ਼ਗਾਰੀ ਵਧੀ

ਕਾਂਗਰਸ ਨੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਲਈ 'ਘਰ-ਘਰ ਰੁਜ਼ਗਾਰ' ਦੇ ਨਾਅਰੇ ਦਾ ਕੋਈ ਅਸਰ ਹਕੀਕੀ ਰੂਪ ਵਿੱਚ ਭਾਵੇਂ ਦਿਖਾਈ ਨਹੀਂ ਦੇ ਰਿਹਾ ਪਰ ਹਾਲ ਹੀ ਵਿੱਚ ਮੁੱਖ ਮੰਤਰੀ ਕੈਪਟਨ ਵੱਲੋਂ 11 ਲੱਖ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਦਾਅਵੇ ਜ਼ਰੂਰ ਕੀਤੇ ਹਨ। ਪੰਜਾਬ ਸਰਕਾਰ ਵੱਲੋਂ ਸਥਾਪਤ ਕੀਤੇ ਰੁਜ਼ਗਾਰ ਉਤਪਤੀ ਵਿਭਾਗ ਦੀ ਕਾਰਗੁਜ਼ਾਰੀ 'ਤੇ ਜੇਕਰ ਗੌਰ ਕੀਤਾ ਜਾਵੇ ਤਾਂ ਇਸ ਵਿਭਾਗ ਵੱਲੋਂ ਮਹਿਜ਼ ਨਿੱਜੀ ਖੇਤਰ ਦੇ ਕਾਲਜਾਂ ਵੱਲੋਂ ਲਗਾਏ ਗਏ ਨੌਕਰੀ ਮੇਲਿਆਂ ਦੌਰਾਨ ਨੌਜਵਾਨਾਂ ਨੂੰ ਦਿੱਤੇ ਜਾਂਦੇ ਨਿਯੁਕਤੀ ਪੱਤਰਾਂ ਦੇ ਅੰਕੜਿਆਂ ਦੀ ਖੇਡ ਨਾਲ ਹੀ ਬੇਰੁਜ਼ਗਾਰੀ ਨੂੰ ਠੱਲਣ ਦਾ ਭਰਮ ਪਾਲਿਆ ਜਾ ਰਿਹਾ ਹੈ। ਵਿਭਾਗ ਦੇ ਇਨਾਂ ਅੰਕੜਿਆਂ ਦੇ ਸਹਾਰੇ ਹੀ ਕੈਪਟਨ ਨੇ ਆਪਣੀ ਅਤੇ ਕਾਂਗਰਸ ਸਰਕਾਰ ਦੀ ਪਿੱਠ ਥਾਪੜੀ ਸੀ। ਇਸ ਦੇ ਉਲਟ ਇਸੇ ਵਿਭਾਗ ਨਾਲ ਸਬੰਧਤ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਨੌਕਰੀ ਮੇਲਿਆਂ ਦੌਰਾਨ ਜਿੰਨੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਂਦੇ ਹਨ ਉਨਾਂ ਵਿੱਚ 50 ਫੀਸਦੀ ਤੋਂ ਵੱਧ ਖਾਨਾਪੂਰਤੀ ਹੁੰਦੀ ਹੈ ਜਾਂ ਨੌਜਵਾਨਾਂ ਦੇ ਪਸੰਦ ਦੀਆਂ ਨੌਕਰੀਆਂ ਨਹੀਂ ਹੁੰਦੀਆਂ ਤੇ ਪੰਜਾਬ ਦੇ ਨੌਜਵਾਨ ਇਨਾਂ ਨੌਕਰੀਆਂ 'ਤੇ ਜੁਆਇਨ ਹੀ ਨਹੀਂ ਕਰਦੇ। ਨੌਕਰੀ ਮੇਲਿਆਂ ਰਾਹੀਂ ਬੇਰੁਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਨਿਯੁਕਤੀ ਪੱਤਰ ਦਿਵਾਉਣ ਵਾਲੇ ਇੱਕ ਨਿੱਜੀ ਕਾਲਜ ਦੇ ਮਾਲਕ ਨੇ ਵੀ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਸਰਕਾਰੀ ਸਰਪ੍ਰਤੀ ਅਧੀਨ ਲੱਗ ਰਹੇ ਨੌਕਰੀ ਮੇਲੇ ਮਹਿਜ਼ ਢਕਵੰਜ ਹਨ ਪਰ ਕਾਲਜ ਮਾਲਕਾਂ ਨੂੰ ਸਰਕਾਰ ਦੇ ਦਬਾਅ ਕਾਰਨ ਗਲ਼ ਪਿਆ ਢੋਲ ਵਜਾਉਣਾ ਪੈਂਦਾ ਹੈ। ਇਸ ਕਾਲਜ ਦੇ ਮਾਲਕ ਦਾ ਕਹਿਣਾ ਹੈ ਕਿ ਸਥਿਤੀ ਤਾਂ ਇਹ ਹੈ ਕਿ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ। ਪੰਜਾਬ ਦੇ ਤਾਂ ਬਹੁ ਗਿਣਤੀ ਇੰਜਨੀਅਰ ਕਾਲਜ ਬੰਦ ਹੋਣ ਕੰਢੇ ਪਹੁੰਚ ਗਏ ਹਨ।

ਪੰਜਾਬ ਵਿੱਚ ਬੇਰੁਜ਼ਗਾਰਾਂ ਨਾਲ ਸਭ ਤੋਂ ਵੱਡਾ ਮਜ਼ਾਕ ਇਹੀ ਹੈ ਕਿ ਸਰਕਾਰ ਵੱਲੋਂ ਸਭ ਤੋਂ ਭਖਦੇ ਮੁੱਦੇ ਸਬੰਧੀ ਕੋਈ ਸਰਵੇਖਣ ਹੀ ਨਹੀਂ ਕਰਾਇਆ ਗਿਆ। ਭਾਰਤ ਸਰਕਾਰ ਦੀ ਇੱਕ ਰਿਪੋਰਟ ਅਤੇ ਸਾਲ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਕਿਹਾ ਜਾਂਦਾ ਹੈ ਕਿ ਕੈਪਟਨ ਦੇ ਸੱਤਾ ਸੰਭਾਲਣ ਤੋਂ ਐਨ ਪਹਿਲਾਂ ਤੱਕ ਸੂਬੇ ਵਿੱਚ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ 12 ਲੱਖ ਦੇ ਕਰੀਬ ਸੀ। ਅਧਿਕਾਰੀਆ ਦਾ ਇਹ ਵੀ ਮੰਨਣਾ ਹੈ ਕਿ ਪੰਜਾਬ ਵਿੱਚ ਹਰ ਸਾਲ 2 ਲੱਖ ਦੇ ਕਰੀਬ ਨੌਜਵਾਨ ਬੇਰੁਜ਼ਗਾਰ ਅੰਕੜਿਆਂ ਵਿਚ ਹੋਰ ਸ਼ਾਮਲ ਹੋ ਜਾਂਦੇ ਹਨ। ਇਸ ਤਰਾਂ ਨਾਲ ਦੇਖਿਆ ਜਾਵੇ ਤਾਂ ਤਿੰਨ ਸਾਲਾਂ ਵਿੱਚ 6 ਲੱਖ ਬੇਰੁਜ਼ਗਾਰਾਂ ਦੀ ਫੌਜ ਜੁੜਨ ਨਾਲ ਕੁੱਲ ਬੇਰੁਜ਼ਗਾਰਾਂ ਦੀ ਗਿਣਤੀ 20 ਲੱਖ ਦੇ ਕਰੀਬ ਹੋ ਗਈ। ਪੰਜਾਬ ਦੇ ਰੁਜ਼ਗਾਰ ਉਤਪੱਤੀ ਵਿਭਾਗ ਮੁਤਾਬਕ 50 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿੱਤੀ ਗਈ ਹੈ। ਸਾਢੇ ਸੱਤ ਲੱਖ ਨੌਜਵਾਨਾਂ ਨੂੰ ਕਰਜ਼ੇ ਦੇ ਕੇ ਰੋਟੀ-ਰੋਜ਼ੀ ਜੋਗੇ ਕਰ ਦਿੱਤਾ ਹੈ ਤੇ ਸਾਢੇ ਤਿੰਨ ਲੱਖ ਨੂੰ ਨੌਕਰੀ ਮੇਲਿਆਂ ਵਿਚ ਨੌਕਰੀ ਮਿਲੀ ਹੈ। ਜਦੋਂ ਕਿ ਮੁੱਖ ਮੰਤਰੀ ਵੱਲੋਂ ਜਿਸ ਤਰਾਂ ਨਾਲ ਹਾਲ ਹੀ ਵਿੱਚ ਨੌਕਰੀਆਂ ਦੇਣ ਸਬੰਧੀ ਜੋ ਅੰਕੜੇ ਜਾਰੀ ਕੀਤੇ ਗਏ ਸਨ ਉਨਾਂ ਮੁਤਾਬਕ ਪਹਿਲੀ ਅਪਰੈਲ 2017 ਤੋਂ ਹੁਣ ਤੱਕ ਰੁਜ਼ਗਾਰ ਦੇ ਪੈਦਾ ਕੀਤੇ ਮੌਕਿਆਂ ਦਾ ਡਾਟਾ 11 ਲੱਖ ਤੋਂ ਵੀ ਵੱਧ ਹੈ।

ਮੁੱਖ ਮੰਤਰੀ ਮੁਤਾਬਕ ਪਹਿਲੀ ਅਪਰੈਲ 2017 ਤੋਂ 31 ਦਸੰਬਰ 2019 ਤੱਕ 57,905 ਸਰਕਾਰੀ ਨੌਕਰੀਆਂ ਪੈਦਾ ਕੀਤੀਆਂ ਜਦੋਂਕਿ 3,96,775 ਪ੍ਰਾਈਵੇਟ ਤੌਰ ਉਤੇ ਪਲੇਸਮੈਂਟ ਕਰਵਾਈ ਗਈ ਅਤੇ 7,61,289 ਨੂੰ ਉਨਾਂ ਦੀ ਸਰਕਾਰ ਵੱਲੋਂ ਸਵੈ ਰੁਜ਼ਗਾਰ ਤਹਿਤ ਮੱਦਦ ਮੁਹੱਈਆ ਕਰਵਾਈ ਗਈ। ਮੁੱਖ ਮੰਤਰੀ ਨੇ ਕਿਹਾ ਕਿ ਕੁੱਲ ਵੇਰਵਿਆਂ ਦਾ ਜੋੜ 12,15,969 ਬਣਦਾ ਹੈ। ਕੈਪਟਨ ਨੇ ਇੱਕ ਹੋਰ ਦਾਅਵਾ ਕਰਦਿਆਂ ਕਿਹਾ ਕਿ 20,21,568 ਘਰਾਂ ਨੂੰ ਮਗਨਰੇਗਾ ਸਕੀਮ ਤਹਿਤ ਵੱਖਰਾ ਰੁਜ਼ਗਾਰ ਦਿੱਤਾ ਗਿਆ। ਇਨਾਂ ਤੱਥਾਂ ਅਤੇ ਸਰਕਾਰ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਦੇ ਦਾਅਵਿਆਂ ਨੂੰ ਘੋਖਿਆ ਜਾਵੇ ਤਾਂ ਪੰਜਾਬ ਵਿੱਚੋਂ ਬੇਰੁਜ਼ਗਾਰੀ ਮੁਕੰਮਲ ਤੌਰ 'ਤੇ ਖ਼ਤਮ ਹੋ ਚੁੱਕੀ ਹੈ। ਪੰਜਾਬ ਵਿੱਚ ਚੋਣਾਂ ਤੋਂ ਪਹਿਲੋਂ ਸਰਕਾਰ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਢਾਈ ਹਜ਼ਾਰ ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦਾ ਵੀ ਵਾਅਦਾ ਕੀਤਾ ਗਿਆ ਸੀ, ਜੋ ਹੁਣ ਤੱਕ ਵਫ਼ਾ ਨਹੀਂ ਹੋ ਸਕਿਆ। ਰੁਜ਼ਗਾਰ ਉਤਪਤੀ ਵਿਭਾਗ ਵੱਲੋਂ ਵਿੱਤ ਵਿਭਾਗ ਨੂੰ ਕਈ ਵਾਰੀ ਪ੍ਰਸਤਾਵ ਭੇਜਿਆ ਜਾ ਚੁੱਕਾ ਹੈ ਪਰ ਮਾਲੀ ਸੰਕਟ ਕਾਰਨ ਸਰਕਾਰ ਨੌਜਵਾਨਾਂ ਨਾਲ ਕੀਤਾ ਇਹ ਵਾਅਦਾ ਨਿਭਾਉਣ ਤੋਂ ਇੱਕ ਤਰਾਂ ਨਾਲ ਹੱਥ ਹੀ ਖੜੇ ਹਨ।

**Classified**

**ਲੜਕੀ ਦੀ ਲੋੜ**

ਜੱਟ ਸਿੱਖ ਲੜਕਾ, ਉਮਰ 27 ਸਾਲ, 5'8", ਸੋਹਣਾ-ਸੁਨੱਖਾ, ਨਸ਼ਿਆਂ ਤੋਂ ਰਹਿਤ, ਦੰਦਾਂ ਦਾ ਡਾਕਟਰ (B.D.S. From India) ਵਿਜ਼ਿਟਰ ਵੀਜ਼ੇ ਤੇ ਮਾਤਾ ਪਿਤਾ ਅਤੇ ਭੈਣ ਕੋਲ ਅਮਰੀਕਾ, ਕੈਲੀਫੋਰਨੀਆ ਆਏ ਹੋਏ ਲਈ ਅਮਰੀਕਨ ਸਿਟੀਜ਼ਨ ਪੜੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਦੰਦਾਂ ਦੇ ਹਸਪਤਾਲ ਵਿਚ Asst. Dental Doctor ਦੀ Temp Job ਕਰ ਰਿਹਾ ਹੈ। ਜਾਣਕਾਰੀ ਲਈ 510-648-9988 ਤੇ ਸੰਪਰਕ ਕਰੋ।

# ਡੀਜੀਪੀ ਪੰਜਾਬ ਨੇ ਕਰਤਾਰਪੁਰ ਬਾਰੇ ਦਿੱਤਾ ਫਿਰਕੂ ਬਿਆਨ, ਮੰਗਣੀ ਪਈ ਮੁਆਫੀ

**- ਬਘੇਲ ਸਿੰਘ ਧਾਲੀਵਾਲ**

**✪ ਜਥੇਦਾਰ ਅਕਾਲ ਤਖ਼ਤ, ਬਾਬਾ ਬੇਦੀ, ਮਨੁੱਖੀ ਅਧਿਕਾਰ ਸੰਗਠਨਾਂ ਤੇ ਪੰਥਕ ਜਥੇਬੰਦੀਆਂ ਨੇ ਡੀਜੀਪੀ ਨੂੰ ਘੇਰਿਆ**

**✪ ਬਸਪਾ ਤੇ ਬਾਦਲ ਦਲ ਨੇ ਡੀਜੀਪੀ ਦੇ ਪੁਤਲੇ ਸਾੜੇ**

**✪ ਵਿਧਾਨ ਸਭਾ 'ਚ ਵੀ 'ਆਪ' ਤੇ ਅਕਾਲੀ ਦਲ ਨੇ ਕੀਤਾ ਹੰਗਾਮਾ**

**✪ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਇਹ ਬਿਆਨ ਡੋਵੇਲ ਦੀਆਂ ਹਦਾਇਤਾਂ 'ਤੇ ਕਰਤਾਰਪੁਰ ਲਾਂਘਾ ਬੰਦ ਕਰਵਾਉਣ ਲਈ ਦਿੱਤਾ ਗਿਆ**

ਪੰਜਾਬ ਦੇ ਪੁਲਿਸ ਮੁਖੀ ਵੱਲੋਂ ਦਿੱਤਾ ਗਿਆ ਵਿਵਾਦਿਤ ਬਿਆਨ ਸਿੱਖ ਕੌਮ ਸਮੇਤ ਸਮੁੱਚੇ ਗੁਰੂ ਨਾਨਕ ਨਾਮ ਲੇਵਾ ਨੂੰ ਨਿਰਾਸ਼ ਕਰਨ ਵਾਲਾ ਹੈ। ਪੁਲਿਸ ਮੁਖੀ ਦਿਨਕਰ ਗੁਪਤਾ ਵੱਲੋਂ ਇਹ ਕਿਹਾ ਗਿਆ ਹੈ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਹੁਣ ਤੱਕ ਇਸ ਕਰਕੇ ਨਹੀਂ ਖੋਲਿਆ ਗਿਆ, ਕਿਉਂਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਕਰਤਾਰਪੁਰ ਸਾਹਿਬ ਦੇ ਸਵੇਰੇ ਦਰਸ਼ਨ ਕਰਨ ਗਿਆ ਕੋਈ ਸ਼ਰਧਾਲੂ ਸ਼ਾਮ ਨੂੰ ਵਾਪਸ ਆਉਣ ਤੱਕ ਸਿਖਿਅਤ 'ਅਤਵਾਦੀ' ਬਣ ਸਕਦਾ ਹੈ। ਉਹਨਾਂ ਇਹ ਵੀ ਕਿਹਾ ਹੈ ਕਿ 6 ਘੰਟੇ ਵਿਚ ਕਿਸੇ ਨੂੰ ਵੀ ਬੰਬ ਬਣਾਉਣ ਅਤੇ ਅੱਤਵਾਦੀ ਬਣਨ ਦੀ ਟ੍ਰੇਨਿੰਗ ਦਿੱਤੀ ਜਾ ਸਕਦੀ ਹੈ। ਉਹਨਾਂ ਪਾਕਿਸਤਾਨ ਦੇ ਵੀਜਾ ਮੁਕਤ ਕਰਤਾਰਪੁਰ ਸਾਹਿਬ ਦੇ ਖੁਲੇ ਦਰਸ਼ਨ ਦੀਦਾਰ ਕਰਨ ਦੇ ਸੁਝਾਅ ਬਾਰੇ ਟਿਪਣੀ ਕਰਦਿਆ ਕਿਹਾ ਹੈ ਕਿ "ਦਹਿਸ਼ਤਗਰਦੀ ਦੀਆਂ ਸੰਭਾਵਨਾਵਾਂ ਦੇ ਨਜ਼ਰੀਏ ਤੋਂ ਸੁਰਖਿਆਂ ਬਲਾਂ ਵਾਸਤੇ ਇਹ ਬੜੀ ਵੱਡੀ ਚੁਣੌਤੀ ਹੈ।"

ਉਹਨਾਂ ਦਾ ਬਿਆਨ ਇਹ ਵੀ ਸਪੱਸਟ ਕਰਦਾ ਹੈ ਕਿ ਭਾਰਤੀ ਖੁਫੀਆ ਏਜੰਸੀਆਂ ਦੇ ਇਸ ਖਦਸ਼ੇ ਕਾਰਨ ਹੀ ਹੁਣ ਤਕ ਏਨੇ ਸਾਲ ਇਹ ਲਾਂਘਾ ਨਹੀਂ ਖੋਲਿਆ ਗਿਆ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿਉਂਕਿ ਉਹ 8 ਸਾਲ ਭਾਰਤ ਦੀ ਖੁਫੀਆ ਏਜੰਸੀ ਇੰਟੈਲੀਜੈਂਸ ਬਿਊਰੋ ਵਿਚ ਰਿਹਾ ਹੈ, ਇਸ ਲਈ ਅਜਿਹੇ ਕੇਸਾਂ ਨਾਲ ਨਜਿਠਣ ਦਾ ਤਜ਼ਰਬਾ ਹੈ। ਉਹਨਾਂ ਇਹ ਦੱਸਿਆ ਹੈ ਕਿ ਪਿਛਲੇ ਹਫਤੇ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਦਿਲੀ ਵਿਚ ਹੋਈ ਇਕ ਵਿਸ਼ੇਸ਼ ਮੀਟਿੰਗ ਵਿਚ ਪਾਕਿਸਤਾਨ ਵਿਚਲੇ ਕੁਝ ਤੱਤਾਂ ਵਲੋਂ ਸਿਖ ਸ਼ਰਧਾਲੂਆਂ ਨੂੰ ਖਾੜਕੂ ਬਣਨ ਲਈ ਪ੍ਰੇਰਨ ਦੀ ਜਾਣਕਾਰੀ ਮਿਲੀ ਹੈ। ਸੋ ਡੀ ਜੀ ਪੀ ਦੇ ਉਪਰੋਕਤ ਬਿਆਨ ਦੀ ਰੌਸ਼ਨੀ ਵਿੱਚ ਜੇਕਰ ਵਿਚਾਰ ਕੀਤਾ ਜਾਵੇ ਤਾਂ ਇਹ ਸਪੱਸ਼ਟ ਹੁੰਦਾ ਦਿਖਾਈ ਦੇ ਰਿਹਾ ਹੈ ਕਿ ਭਾਰਤੀ ਤੰਤਰ ਕਿਸੇ ਵੀ ਹੀਲੇ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਬੰਦ ਕਰਨਾ ਚਾਹੁੰਦਾ ਹੈ। ਦੂਸਰਾ ਉਹਨਾਂ ਵੱਲੋਂ ਇਹ ਸਪੱਸਟ ਕਰਨਾ ਕਿ ਹੁਣ ਤੱਕ ਦਹਿਸਤਗਰਦੀ ਦੇ ਖਤਰੇ ਕਾਰਨ ਹੀ ਇਸ ਲਾਂਘੇ ਨੂੰ ਖੋਲਣ ਦੀਆਂ ਤਜਵੀਜਾਂ ਨੂੰ ਰੱਦ ਕੀਤਾ ਜਾਂਦਾ ਰਿਹਾ ਹੈ,ਇਹ ਸੱਚ ਅਕਾਲੀ ਦਲ ਬਾਦਲ ਦੇ ਕੇਂਦਰ ਦੀ ਕਠਪੁਤਲੀ ਬਣਕੇ ਬੋਲੇ ਜਾਂਦੇ ਝੂਠ ਅਤੇ ਦੋਸ਼ਾਂ ਦਾ ਪਰਦਾ ਵੀ ਫਾਸ ਕਰਦਾ ਹੈ,ਜਿਹੜੇ ਉਹ ਭਾਰਤ ਸਰਕਾਰ ਨੂੰ ਖੁਸ਼ ਕਰਨ ਲਈ ਪਾਕਿਸਤਾਨ ਦੇ ਸਿਰ ਮੜਦੇ ਰਹੇ ਹਨ। ਇਹ ਵੀ ਸੋਚਣਾ ਬਣਦਾ ਹੈ ਕਿ ਡੀ ਜੀ ਪੀ ਵੱਲੋ ਅਜਿਹਾ ਬਿਆਨ ਕੀਹਦੇ ਕਹਿਣ ਤੇ ਜਾਂ ਕੀਹਦੇ ਇਸ਼ਾਰੇ ਤੇ ਦਿੱਤਾ ਗਿਆ ਹੈ,ਕਿਉਕਿ ਇਹ ਤਾਂ ਸਪੱਸਟ ਹੈ ਕਿ ਇਹ ਬਿਆਨ ਉਹਨਾਂ ਅਪਣੇ ਵੱਲੋਂ ਨਹੀ ਦਿੱਤਾ,ਬਲਕਿ ਉਹਨਾਂ ਨੇ ਕਿਸੇ ਦੇ ਵਿਸ਼ੇਸ਼ ਬੁਲਾਰੇ ਵਜੋਂ ਹੀ ਇਤਨਾ ਵੱਡਾ ਵਿਵਾਦਿਤ ਬਿਆਨ ਦਿੱਤਾ ਹੈ,ਜਿਹੜਾ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਉਣ ਵਾਲਾ ਹੈ, ਜਿਸ ਤਰਾਂ ਉਹਨਾਂ ਵੱਲੋਂ ਦਿੱਲੀ ਵਿੱਚ ਮੀਟਿੰਗ ਦਾ ਜਿਕਰ ਕੀਤਾ ਗਿਆ ਹੈ ਉਸ ਤੋ ਜਾਪਦਾ ਹੈ ਕਿ ਇਹ ਕੇਂਦਰ ਦੀ ਸਾਜਿਸ਼ ਹੈ,ਜਿਸ ਤਹਿਤ ਜਿੱਥੇ ਉਹ ਲਾਂਘਾ ਮੁੜ ਤੋ ਬੰਦ ਕਰਵਾਉਣ ਲਈ ਤਰਲੋਮੱਛੀ ਹੋ ਰਹੇ ਹਨ,ਓਥੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਅੰਦਰ ਡਰ ਅਤੇ ਦਹਿਸ਼ਤ ਪੈਦਾ ਕਰਨ ਲਈ ਵੀ ਅਜਿਹੀਆਂ ਸਾਜਿਸ਼ਾਂ ਦਾ ਰਚਿਆ ਜਾਣਾ ਸੁਭਾਵਿਕ ਹੈ,ਇਹ ਬਿਆਨ ਪੰਜਾਬ ਦੇ ਮੁੱਖ ਮੰਤਰੀ ਦੇ ਬੁਲਾਰੇ ਵਜੋਂ ਤਾਂ ਇਸ ਕਰਕੇ ਸੰਭਵ ਨਹੀ ਜਾਪਦਾ,ਕਿਉਕਿ ਕੈਪਟਨ ਅਮਰਿੰਦਰ ਸਿੰਘ ਤਾਂ ਖੁਦ ਹੀ ਕੇਂਦਰ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਅਜਿਹੇ ਬਿਆਨ ਉਸ ਦਿਨ ਤੋਂ ਹੀ ਦਿੰਦੇ ਆ ਰਹੇ ਹਨ,ਜਿਸ ਦਿਨ ਤੋ ਇਮਰਾਨ ਖਾਨ ਦੀ ਹਕੂਮਤ ਵੱਲੋਂ ਨਵਜੋਤ ਸਿੱਧੂ ਦੀ ਹਾਜ਼ਰੀ ਵਿੱਚ ਲਾਂਘਾ ਖੋਲਣ ਦੀ ਗੱਲ ਸ਼ੁਰੂ ਕੀਤੀ ਗਈ ਸੀ। ਲਾਂਘਾ ਖੁੱਲਣ ਤੱਕ ਕੈਪਟਨ ਸਾਹਿਬ ਦੇ ਅਜਿਹੇ ਬਿਆਨ ਆਉਂਦੇ ਰਹੇ ਹਨ, ਜਿੰਨਾਂ ਦੀ ਸਿੱਖਾਂ ਸਮੇਤ ਸਮੁੱਚੇ ਪੰਜਾਬੀ ਭਾਈਚਾਰੇ ਵੱਲੋਂ ਨਿਖੇਧੀ ਕੀਤੀ ਜਾਂਦੀ ਰਹੀ ਹੈ। ਹੁਣ ਅਜਿਹਾ ਬਿਆਨ ਪੰਜਾਬ ਦੇ ਪੁਲਿਸ ਮੁਖੀ ਵੱਲੋਂ ਆਉਣਾ ਸਿੱਖਾਂ ਲਈ ਬੇਹੱਦ ਹੀ ਚਿੰਤਾਜਨਕ ਇਸ ਕਰਕੇ ਵੀ ਹੈ,ਕਿਉਕਿ ਅਜੇ ਤਾਂ ਪਹਿਲਾਂ ਹੀ ਸਿੱਖ ਹਿੱਤਾਂ ਦੀ ਗੱਲ ਕਰਨ ਦੇ ਜੁਰਮ ਵਿੱਚ ਪੱਚੀ ਪੱਚੀ ਤੀਹ ਤੀਹ ਸਾਲਾਂ ਤੋ ਜੇਲਾਂ ਵਿੱਚ ਸੜ ਰਹੇ ਸਿੱਖ ਬੰਦੀਆਂ ਦੀ ਰਿਹਾਈ ਲਈ ਵੀ ਭਾਰਤੀ ਕਨੂੰਨ ਹਾਮੀ ਭਰਨ ਲਈ ਤਿਆਰ ਨਹੀ ਹੋਇਆ, ਜਦੋ ਕਿ ਕੇਂਦਰੀ ਤਾਕਤਾਂ ਨੇ ਸਿੱਖਾਂ ਨੂੰ ਦੁਵਾਰਾ ਸਬਕ ਸਿਖਾਉਣ ਦਾ ਇਹ ਇੱਕ ਨਵਾਂ ਰਾਹ ਹੋਰ ਕੱਢ ਲਿਆ ਜਾਪਦਾ ਹੈ। ਜੇਕਰ ਦੇਸ਼ ਦਾ ਕਨੂੰਨ ਮੰਦਰ ਸੱਚਮੁੱਚ ਹੀ ਇਨਸਾਫ ਦੇਣ ਦਾ ਹਾਮੀ ਹੈ ਤਾਂ ਬਿਨਾ ਦੇਰੀ ਕੀਤਿਆਂ ਪੁਲਿਸ ਮੁਖੀ ਖਿਲਾਫ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਸੂਬਾ ਸਰਕਾਰ ਨੂੰ ਵੀ ਅਪਣੇ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦੇ ਹੋਏ ਪੁਲਿਸ ਮੁਖੀ ਨੂੰ ਤੁਰੰਤ ਅਹੁਦੇ ਤੋ ਪਾਸੇ ਕਰਕੇ ਕਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜੇਕਰ ਕੈਪਟਨ ਸਰਕਾਰ ਅਜਿਹਾ ਨਹੀ ਕਰਦੀ ਤਾਂ ਹੁਣ ਤੱਕ ਉਹਨਾਂ ਤੇ ਕੇਂਦਰ ਨਾਲ ਰਲੇ ਹੋਣ ਦੇ ਲੱਗਦੇ ਆ ਰਹੇ ਦੋਸ਼ਾਂ ਨੂੰ ਸੱਚ ਸਮਝਿਆ ਜਾਵੇਗਾ। ਪੁਲਿਸ ਮੁਖੀ ਦੇ ਇਸ ਮੰਦਭਗੇ ਬਿਆਨ ਦੇ ਖਿਲਾਫ ਅਕਾਲੀ ਦਲ (ਬਾਦਲ) ਦੇ ਮੁਖੀ ਅਤੇ ਸਰਪ੍ਰਸਤ ਵੱਲੋਂ ਜ਼ੁਬਾਨ ਤੱਕ ਨਾ ਖੋਲਣਾ ਦਰਸਾਉਂਦਾ ਹੈ ਕਿ ਉਹਨਾਂ ਦਾ ਸਿੱਖ ਹਿਤਾਂ ਨਾਲ ਕੋਈ ਸਰੋਕਾਰ ਨਹੀ, ਬਲਕਿ ਉਹ ਤਾਂ ਸੱਤਾ ਦੀ ਸ਼ਰਤ ਤੇ ਹੋਰ ਵੀ ਨਿਘਾਰ ਦੀ ਹੱਦ ਤੱਕ ਜਾ ਸਕਦੇ ਹਨ। ਦੂਜੇ ਪਾਸੇ ਪੁਲਿਸ ਮੁਖੀ ਖਿਲਾਫ ਉੱਠ ਰਹੀ ਅਵਾਜ਼ ਇਸ ਗੱਲ ਦੀ ਗਵਾਹ ਹੈ ਕਿ ਪੰਜਾਬ ਦੀ ਗੈਰਤ ਕਦੇ ਵੀ ਜਬਰ ਜੁਲਮ ਅੱਗੇ ਗੋਡੇ ਟੇਕਣਾ ਮਨਜ਼ੂਰ ਨਹੀ ਕਰ ਸਕਦੀ।ਇਸ ਲਈ ਸ੍ਰੀ ਕਰਤਾਪੁਰ ਸਾਹਿਬ ਵਰਗੇ ਪਵਿੱਤਰ ਅਸਥਾਨ ਅਤੇ ਸਮੁੱਚੀ ਸਿੱਖ ਕੌਂਮ ਨੂੰ ਅੱਤਵਾਦੀ ਗਰਦਾਨਣ ਵਾਲੇ ਪੁਲਿਸ ਮੁਖੀ ਨੂੰ ਇਹ ਜਰੂਰ ਸਮਝਣਾ ਚਾਹੀਦਾ ਹੈ ਕਿ ਧਾਰਮਿਕ ਭਾਵਨਾਵਾਂ ਸਿਰਫ ਬਹੁ ਗਿਣਤੀ ਦੀਆਂ ਹੀ ਨਹੀ ਹੁੰਦੀਆਂ,ਬਲਕਿ ਘੱਟ ਗਿਣਤੀਆਂ ਦੇ ਅੰਦਰ ਇਹ ਭਾਵਨਾ ਇਸ ਕਰਕੇ ਜ਼ਿਆਦਾ ਪਰਬਲ ਹੁੰਦੀ ਹੈ,ਕਿਉਕਿ ਨਸਲੀ ਵਿਤਕਰੇਬਾਜ਼ੀ ਦੀ ਦਹਿਸ਼ਤ ਉਹਨਾਂ ਨੂੰ ਰੱਬ ਦੇ ਨੇੜੇ ਕਰ ਦਿੰਦੀ ਹੈ,ਜਿੱਥੋ ਉਹਨਾਂ ਨੂੰ ਇਸ ਜਬਰ ਜੁਲਮ ਦਾ ਟਾਕਰਾ ਕਰਨ ਦੀ ਹਿੰਮਤ ਵੀ ਮਿਲਦੀ ਹੈ। ਸਿੱਖ ਕੌਂਮ ਲਈ ਆਪਣੇ ਪਵਿੱਤਰ ਅਸਥਾਨ ਜਿੱਥੇ ਅਪਣੀ ਜਾਨ ਤੋ ਪਿਆਰੇ ਹਨ,ਓਥੇ ਉਹਨਾਂ ਦੇ ਹਿੰਮਤ, ਹੌਸਲੇ ਅਤੇ ਆਤਮਿਕ ਤਾਕਤ ਦੇ ਸਰੋਤ ਵੀ ਹਨ,ਇਹ ਇਤਿਹਾਸਕ ਸਚਾਈ ਹੈ ਕਿ ਸਿੱਖ ਕੌਂਮ ਕਦੇ ਵੀ ਆਪਣੇ ਧਰਮ 'ਤੇ ਹਮਲੇ ਬਰਦਾਸ਼ਤ ਨਹੀ ਕਰਦੀ। ਜਿਸ ਤਰਾਂ ਬਾਦਲ ਪਰਿਵਾਰ ਨੂੰ ਬੇਅਦਬੀ ਦਾ ਦੋਸ਼ੀ ਸਮਝਿਆ ਜਾਂਦਾ ਹੈ ਉਸੇ ਤਰਾਂ ਹੀ ਕੈਪਟਨ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਘਰ ਦਾ ਭਾਵ ਕਰਤਾਰਪੁਰ ਸਾਹਿਬ ਦਾ ਦੋਸ਼ੀ ਨਾ ਬਣ ਜਾਵੇ।



### ਪੰਥਕ ਆਗੂਆਂ ਤੇ ਨੇਤਾਵਾਂ ਵਲੋਂ ਨਿੰਦਾ

ਅਕਾਲੀ ਦਲ ਟਕਸਾਲੀ ਆਗੂ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ, ਅਕਾਲੀ ਦਲ ਟਕਸਾਲੀ ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ, ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਵੱਖ-ਵੱਖ ਬਿਆਨਾਂ ਵਿਚ ਮੰਗ ਕੀਤੀ ਕਿ ਦਿਨਕਰ ਗੁਪਤਾ ਨੂੰ ਤੁਰੰਤ ਅਹੁਦੇ ਤੋਂ ਲਾਹ ਕੇ ਅਤਿਵਾਦੀ ਗਤੀਵਿਧੀਆਂ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਅਕਾਲੀ ਦਲ ਟਕਸਾਲੀ ਦੇ ਬੁਲਾਰੇ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਡੀਜੀਪੀ ਗੁਪਤਾ ਦਾ ਬਿਆਨ ਮੁੱਖ ਮੰਤਰੀ ਕੈਪਟਨ ਵੱਲੋਂ ਲਾਂਘੇ ਖ਼ਿਲਾਫ਼ ਜੋ ਬਿਆਨਬਾਜ਼ੀ ਕੀਤੀ ਗਈ ਸੀ, ਉਸੇ ਯੋਜਨਾ ਨੂੰ 'ਡੋਵਾਲ' ਦੀ ਸ਼ਹਿ 'ਤੇ ਸਿਰੇ ਚਾੜਨ ਦੇ ਯਤਨ ਕੀਤੇ ਜਾ ਰਹੇ ਹਨ।

ਜਲੰਧਰ ਛਾਉਣੀ ਦੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕਿਹਾ ਹੈ ਕਿ ਭਾਜਪਾ ਨੇ ਕੌਮੀ ਪੱਧਰ 'ਤੇ ਕਰਤਾਰਪੁਰ ਦਾ ਲਾਂਘਾ ਖੋਲਣ ਦਾ ਸਿਹਰਾ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਰ ਬੰਨਿਆ ਸੀ। ਉਨਾਂ ਕਿਹਾ ਕਿ ਡੀਜੀਪੀ ਗੁਪਤਾ ਦੀ ਫਿਰਕੂ ਸੋਚ ਨੇ ਪ੍ਰਧਾਨ ਮੰਤਰੀ ਦੇ ਦਾਅਵਿਆਂ 'ਤੇ ਹੀ ਪ੍ਰਸ਼ਨ ਚਿੰਨ ਲਾ ਦਿੱਤਾ ਹੈ। ਜਦੋਂ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਅਤੇ ਲੋਕਾਂ ਦੀਆਂ ਭਾਵਨਾਵਾਂ ਇਕਸੁਰ ਹਨ ਤਾਂ ਡੀਜੀਪੀ ਦਾ ਬਿਆਨ ਕਈ ਤਰਾਂ ਦੇ ਸਵਾਲ ਖੜੇ ਕਰਦਾ ਹੈ।

ਪਾਕਿਸਤਾਨ ਵਿਖੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਸਮਾਗਮਾਂ ਵਿਚ ਸ਼ਿਰਕਤ ਕਰਨ ਪਹੁੰਚੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਡੀਜੀਪੀ ਨੂੰ ਅਹੁਦੇ ਤੋਂ ਬਰਖ਼ਾਸਤ ਕਰੇ ਤੇ ਕਾਨੂੰਨੀ ਕਾਰਵਾਈ ਕਰੇ। ਉਨਾਂ ਕਿਹਾ ਕਿ ਜੇਕਰ ਕੋਈ ਮੁਸਲਮਾਨ ਮੱਕੇ ਜ਼ਿਆਰਤ ਕਰਨ ਤੋਂ ਬਾਅਦ, ਹਿੰਦੂ ਸ੍ਰੀ ਕਟਾਸਰਾਜ ਤੇ ਹੋਰਨਾਂ ਤੀਰਥਾਂ ਦੇ ਦਰਸ਼ਨ ਕਰਨ ਉਪਰੰਤ ਅਤੇ ਇਸਾਈ ਯੇਰੂਸ਼ਲਮ ਦੀ ਯਾਤਰਾ ਕਰਨ ਤੋਂ ਪਰਤਣ ਬਾਅਦ ਅੱਤਵਾਦੀ ਨਹੀਂ ਬਣਦਾ ਤਾਂ ਕੋਈ ਸਿੱਖ ਜਾਂ ਨਾਨਕ ਨਾਮ ਲੇਵਾ ਆਪਣੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਉਪਰੰਤ ਅੱਤਵਾਦੀ ਕਿੰਝ ਬਣ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ,

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਪੁਲਿਸ ਮੁਖੀ ਵਲੋਂ ਅੱਤਵਾਦ ਨਾਲ ਜੋੜਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸਿੱਖ ਜਥੇਬੰਦੀ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਡੀਜੀਪੀ ਦੇ ਇਸ ਬਿਆਨ ਨੂੰ ਫਿਰਕੂ ਭਾਵਨਾ ਵਾਲਾ ਦੱਸਦਿਆਂ ਕਿਹਾ ਕਿ ਡੀਜੀਪੀ ਨੂੰ ਇਸ ਅਹੁਦੇ ਤੋਂ ਹਟਾਇਆ ਜਾਵੇ।

ਸੰਤ ਸਮਾਜ ਦੇ ਪ੍ਰਧਾਨ ਬਾਬਾ ਸਰਬਜੋਤ ਸਿੰਘ ਬੇਦੀ ਨੇ ਡੀਜੀਪੀ ਦੇ ਬਿਆਨ ਨੂੰ ਸਿੱਖ ਕੌਮ ਲਈ ਘਾਤਕ ਕਰਾਰ ਦਿੰਦਿਆਂ ਕਿਹਾ ਕਿ "ਜੇ ਅਸੀਂ ਸਾਰੇ ਦਰਸ਼ਨ ਕਰਕੇ ਆਏ ਹਾਂ, ਤਾਂ ਕੀ ਅਸੀਂ ਅਤਿਵਾਦੀ ਬਣ ਗਏ ਹਾਂ ?" ਬਾਬਾ ਜੀ ਨੇ ਕਿਹਾ ਹੈ ਕਿ ਅਸਲੀ ਗੱਲ ਇਹ ਹੈ ਕਿ ਯੂਨਾਈਟਡ ਨੇਸ਼ਨਜ ਦੇ ਸਕਤਰ ਜਨਰਲ ਦਾ ਕੁਝ ਦਿਨ ਪਹਿਲਾਂ ਸਿਖ ਪੰਥ ਦੇ ਸਭ ਤੋਂ ਪਾਵਨ ਅਸਥਾਨ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਆਉਣਾ ਅਤੇ ਇਸ ਲਾਂਘੇ ਦੇ ਖੋਲਣ ਲਈ ਪਾਕਿਸਤਾਨ ਸਰਕਾਰ ਦੀ ਤਾਰੀਫ ਕਰਨੀ ਗੁਪਤੇ ਵਰਗੇ ਫਿਰਕਾਪ੍ਰਸਤ ਮਨਾਂ ਨੂੰ ਚੰਗੀ ਨਹੀਂ ਲਗੀ। ਇਸ ਲਈ ਦਿਨਕਰ ਗੁਪਤੇ ਦਾ ਇਹ ਬਿਆਨ ਕਿਸੇ ਵਡੀ ਸਾਜਿਸ਼ ਵਸ ਦਿਤਾ ਗਿਆ ਜਾਪਦਾ ਹੈ। ਦਰਅਸਲ ਇਹ ਹੇਠਲੇ ਪੁਲਿਸ ਅਫਸਰਾਂ ਨੂੰ ਸਿਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਲਈ ਦਿਤੀ ਗਈ ਹਰੀ ਝੰਡੀ ਹੈ। ਅਤੇ ਜੇ ਦਿਨਕਰ ਗੁਪਤੇ ਦੀ ਇਹ ਗੱਲ ਸਚੀ ਹੈ ਤਾਂ ਫਿਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਲਾਂਘੇ ਨੂੰ ਖੋਲਣ ਦਾ ਸਵਾਗਤ ਕਿਉਂ ਕੀਤਾ ਸੀ।

ਬਾਬਾ ਜੀ ਨੇ ਕਿਹਾ ਹੈ ਕਿ ਦਿਨਕਰ ਗੁਪਤਾ ਦੇ ਇਸ ਸ਼ਰਾਰਤਪੂਰਨ ਬਿਆਨ ਨੂੰ ਅਦਾਲਤ ਵਿਚ ਵੀ ਚੁਣੌਤੀ ਦਿਤੀ ਜਾਵੇਗੀ।

ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠਲੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇਕਿਹਾ ਕਿ ਗੁਪਤੇ ਦੀ ਇਸ ਜਾਣਕਾਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰਤ ਦੀਆਂ ਖੁਫੀਆ ਏਜੰਸੀਆਂ ਸਿੱਖਾਂ ਬਾਰੇ ਆਪਣੇ ਮਨਾਂ ਵਿਚ ਕਿੰਨੀ ਨਫ਼ਰਤ ਪਾਲ ਰਹੀਆਂ ਹਨ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਕਿਹਾ ਹੈ ਕਿ ਗੁਪਤੇ ਦੇ ਇਸ ਬਿਆਨ ਵਿਚੋਂ ਨਾ ਸਿਰਫ ਨਸਲਵਾਦ ਦੀ ਬਦਬੋ ਆਉਂਦੀ ਹੈ, ਸਗੋਂ ਸਿਖਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਵੀ ਹੁੰਦਾ ਹੈ। ਗੁਪਤੇ ਨੂੰ ਇਸ ਗੱਲ ਦੀ ਵੀ ਪੀੜ ਹੈ ਕਿ ਪਹਿਲਾਂ ਸਿਰਫ ਜਥਿਆਂ ਦੇ ਰੂਪ ਵਿਚ ਕੁਝ ਸਿਖ ਸ਼ਰਧਾਲੂ ਹੀ ਪਾਕਿਸਤਾਨ ਜਾਂਦੇ ਸਨ ਪਰ ਹੁਣ ਇਹ ਗਿਣਤੀ ਬਹੁਤ ਵਧ ਗਈ ਹੈ। ਉਹ ਇਸ ਨੂੰ ਵੀ ਦੇਸ ਦੀ ਸੁਰਖਿਆ ਨੂੰ ਚੁਣੌਤੀ ਵਜੋਂ ਪੇਸ਼ ਕਰ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਸਮੁਚੇ ਸਿਖ ਪੰਥ ਨੂੰ ਅੱਤਵਾਦ ਦੇ ਕਟਿਹਰੇ ਵਿਚ ਖੜਾ ਕਰਦਿਆਂ ਦਿਨਕਰ ਗੁਪਤੇ ਨੇ ਕਰਨਾਲ ਦੇ ਇਕ ਫੌਜੀ ਨਾਇਕ ਰਾਹੁਲ ਚੌਹਾਨ ਦੀ ਮਿਸਾਲ ਦਿਤੀ ਹੈ, ਜਿਹੜਾ ਭਾਰਤੀ ਫੌਜ ਵਿਚੋਂ ਡਰੋਨ ਚਲਾਉਣ ਦੀ ਟ੍ਰੇਨਿੰਗ ਲੈ ਕੇ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਅਸਲਾ ਅਤੇ ਨਸ਼ੇ ਮੰਗਵਾਉਂਦਾ ਪਿਛਲੇ ਮਹੀਨੇ ਫੜਿਆ ਗਿਆ ਹੈ। ਗੁਪਤੇ ਦੇ ਦਸਣ ਅਨੁਸਾਰ ਪਹਿਲਾਂ ਇਹ ਫੌਜੀ ਜੰਮੂ ਕਸ਼ਮੀਰ ਵਿਚ ਨੌਸ਼ਹਿਰਾ ਖੇਤਰ ਵਿਚ ਤਾਇਨਾਤ ਸੀ।

ਭਾਈ ਅਸ਼ੋਕ ਸਿੰਘ ਬਾਗੜੀਆ, ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਪ੍ਰੋ. ਮਨਜੀਤ ਸਿੰਘ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਅਮਰਿੰਦਰ ਸਿੰਘ, ਗੁਰਤੇਜ ਸਿੰਘ ਸਾਬਕਾ ਆਈ. ਏ. ਐਸ., ਪ੍ਰੋ. ਗੁਰਦਰਸ਼ਨ ਸਿੰਘ ਢਿੱਲੋ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਕਰਮਜੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਵਲੋਂ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ-ਰਹਿਤ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨਾਂ ਦੀ ਪੇਸ਼ਕਸ਼ ਨੂੰ ਪੰਜਾਬ ਦੇ ਪੁਲਿਸ ਮੁਖੀ ਦਿਨਕਰ ਗੁਪਤਾ ਵਲੋਂ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਟ੍ਰੇਨਿੰਗ ਦੇਣ ਦਾ ਪ੍ਰਾਜੈਕਟ ਕਹਿਣਾ, ਸਿੱਖ-ਵਿਰੋਧੀ ਹਿੰਦੂਤਵੀ ਰਾਸ਼ਟਰਵਾਦੀ ਪਹੁੰਚ ਹੈ। ਪੁਲਿਸ ਮੁਖੀ ਨੇ ਸਿੱਖ ਵਿਸ਼ਵਾਸ ਅਤੇ ਆਸਥਾ ਨੂੰ 'ਲਾਅ ਆਰਡਰ' ਦੀ ਤੱਕੜੀ ਉੱਤੇ ਤੋਲ ਕੇ ਸਿੱਖਾਂ ਵਿਰੁੱਧ ਘੋਰ ਨਫ਼ਰਤ ਦਾ ਮੁਜ਼ਾਹਰਾ ਕਰਦਿਆਂ ਮੋਦੀ ਸਰਕਾਰ ਦੀ ਵੱਡੀ ਵਫ਼ਾਦਾਰੀ ਦਾ ਵੀ ਪ੍ਰਗਟਾਵਾ ਕੀਤਾ ਹੈ। ਉਨਾਂ ਕਿਹਾ ਕਿ ਪੁਲਿਸ ਮੁਖੀ ਦੇ ਨਫ਼ਰਤ ਭਰੇ ਹਿੰਦੂਤਵੀ ਬਿਆਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਦੀ ਸਮੁੱਚੀ ਕਾਂਗਰਸ ਪਾਰਟੀ ਅਤੇ ਸਰਕਾਰ ਹੁਣ ਸਿੱਖ ਅੱਤਵਾਦ ਦਾ ਹਊਆ ਖੜਾ ਕਰ ਕੇ ਸਿੱਖ ਸ਼ਰਧਾਲੂਆਂ ਦੇ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨਾਂ ਵਿਚ ਅੜਿੱਕਾ ਪਾਉਣ 'ਤੇ ਉਤਾਰੂ ਹੋਏ ਹਨ।

ਸਰਬੱਤ ਖ਼ਾਲਸਾ ਵਲੋਂ ਥਾਪੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਗਠਿਤ ਕਮੇਟੀ ਨੇ ਪੰਜਾਬ ਦੇ ਡੀ.ਜੀ. ਪੀ. ਸ੍ਰੀ ਦਿਨਕਰ ਗੁਪਤਾ ਵਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਲਾਘੇ ਅਤੇ ਸਮੁੱਚੀ ਸਿੱਖ ਕੌਮ ਖ਼ਿਲਾਫ਼ ਦਿੱਤੇ ਅਪਮਾਨਜਨਕ ਬਿਆਨ ਨੂੰ ਸਿੱਖ ਪੰਥ ਲਈ ਇਕ ਚੁਣੌਤੀ ਕਰਾਰ ਦਿੱਤਾ ਹੈ। ਕਮੇਟੀ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋ: ਬਲਜਿੰਦਰ ਸਿੰਘ ਤੇ ਬਾਪੂ ਗੁਰਚਰਨ ਸਿੰਘ ਨੇ ਜਾਰੀ ਬਿਆਨ ਵਿਚ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਸਮੁੱਚੀ ਮਾਨਵਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ, ਪਰ ਭਾਜਪਾ, ਕਾਂਗਰਸ ਅਤੇ ਡੀ.ਜੀ.ਪੀ. ਵਲੋਂ ਸਿੱਖ ਸ਼ਰਧਾਲੂਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਵਿਰੋਧੀ ਪਾਰਟੀਆਂ ਡਟੀਆਂ

ਪੰਜਾਬ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਧਿਰ 'ਆਪ' ਤੇ ਸ਼੍ਰੋਮਣੀ ਅਕਾਲੀ ਦਲ ਨੇ ਕਰਤਾਰਪੁਰ ਲਾਂਘੇ ਬਾਰੇ ਡੀਜੀਪੀ ਦਿਨਕਰ ਗੁਪਤਾ ਦੇ ਬਿਆਨ ਤੋਂ ਬਾਅਦ ਉਨਾਂ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ। ਇਸ ਮਾਮਲੇ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ (ਆਪ) ਵਲੋਂ ਵਿਧਾਇਕ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਜਵਾਬ ਮੰਗਿਆ।

ਬਾਕੀ ਸਫ਼ਾ 31 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES

26 ਫਰਵਰੀ 2020 ਤੋਂ 3 ਮਾਰਚ 2020

# ਜਮਹੂਰੀ ਹੱਕਾਂ ਤੇ ਹਿੰਸਾ ਭਾਰੂ

ਦੋ ਦਿਨ ਪਹਿਲਾਂ ਹਿੰਦੋਸਤਾਨ ਦੀ ਰਾਜਧਾਨੀ ਦਿੱਲੀ ਦੇ ਜਾਫਰਾਬਾਦ ਇਲਾਕੇ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਨੇ ਇਕ ਵਾਰ ਫਿਰ ਪੁਰਅਮਨ ਤਰੀਕੇ ਨਾਲ ਜਮਹੂਰੀ ਹੱਕਾਂ ਲਈ ਜੂਝਦੇ ਲੋਕਾਂ ਅਤੇ ਮਨੁੱਖੀ ਅਧਿਕਾਰਾਂ ਤੇ ਸਿਵਲ ਆਜ਼ਾਦੀ ਲਈ ਕੰਮ ਕਰਦੀਆਂ ਜਥੇਬੰਦੀਆਂ ਨੂੰ ਸੋਚ ਵਿਚ ਪਾ ਦਿੱਤਾ ਹੈ। ਜਾਫਰਾਬਾਦ ਤੋਂ ਪਹਿਲਾਂ ਲਗਭਗ 2 ਮਹੀਨਿਆਂ ਤੋਂ ਦਿੱਲੀ ਦੇ ਸ਼ਾਹੀਂ ਬਾਗ ਵਿਚ ਚੱਲ ਰਿਹਾ ਸ਼ਾਂਤੀ ਅੰਦੋਲਨ ਪੂਰੀ ਦੁਨੀਆ ਦੇ ਮੀਡੀਆ ਵਿਚ ਚਰਚਾ ਦਾ ਕੇਂਦਰ ਬਣਿਆ ਹੋਇਆ ਸੀ ਅਤੇ ਨਿੱਤ ਦਿਨ ਇੱਥੇ ਹੁੰਦੀਆ ਤਕਰੀਰਾਂ ਅਤੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਖਿਲਾਫ ਵਧ ਰਹੇ ਜਨ ਸੈਲਾਬ ਨੇ ਦੇਸ਼ ਦੀਆਂ ਅੰਧ-ਰਾਸ਼ਟਰਵਾਦੀ ਕੱਟੜ ਸ਼ਕਤੀਆਂ ਅਤੇ ਕੇਂਦਰ ਦੀ ਸੱਤਾ ਤੇ ਕਾਬਜ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਦੀ ਨੀਂਦ ਉਡਾ ਰੱਖੀ ਸੀ।

ਜੇ ਦਿੱਲੀ ਦੀਆਂ ਇਨਾਂ ਖੂਨੀ ਝੜਪਾਂ ਨੂੰ ਅਮਰੀਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਦੇ ਦੌਰੇ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਹ ਕੋਈ ਅਢੁੱਕਵਾਂ ਮੇਲ ਨਹੀਂ ਹੋਵੇਗਾ। ਪੂਰੇ ਮੁਲਕ ਵਿਚ ਸੀਏਏ ਦਾ ਵਿਰੋਧ ਹੋ ਰਿਹਾ ਹੈ। ਸਿਰਫ਼ ਕੱਟੜਪੰਥੀ ਰਾਸ਼ਟਰਵਾਦੀ ਪਾਰਟੀਆਂ ਅਤੇ ਹਿੰਦੂ ਜਥੇਬੰਦੀਆਂ ਇਸ ਦੀ ਹਮਾਇਤ ਕਰ ਰਹੀਆਂ ਹਨ ਅਤੇ ਇਥੋਂ ਤੱਕ ਕਿ ਬੀਜੇਪੀ ਨੇ ਇਸ ਕਾਨੂੰਨ ਦੇ ਹੱਕ ਵਿਚ ਦੇਸ਼ ਵਿਆਪੀ ਮੁਹਿੰਮ ਵਿੱਢੀ ਹੋਈ ਹੈ। ਜੇ ਦਿੱਲੀ ਦੀਆਂ ਇਨਾਂ ਘਟਨਾਵਾਂ ਦੀ ਸ਼ੁਰੂਆਤ ਅਤੇ ਇਸ ਸਬੰਧੀ ਸੋਸ਼ਲ ਮੀਡੀਆ ਉਪਰ ਵਾਇਰਲ ਹੋਈਆਂ ਵੀਡੀਓ ਕਲਿਪਿੰਗਜ਼ ਨੂੰ ਗਹੁ ਨਾਲ ਵੇਖਿਆ ਜਾਵੇ ਤਾਂ ਸਪੱਸ਼ਟ ਤੌਰ ’ਤੇ ਇਹ ਵਿਖਾਈ ਦਿੰਦਾ ਹੈ ਕਿ ਦਿੱਲੀ ਪੁਲਿਸ ਨੇ ਇਨਾਂ ਝੜਪਾਂ ਨੂੰ ਰੋਕਣ ਲਈ ਕੋਈ ਹਾਂਪੱਖੀ ਭੂਮਿਕਾ ਨਹੀਂ ਨਿਭਾਈ। ਇਥੋਂ ਤੱਕ ਕਿ ਪੁਲਿਸ ਨੇ ਸੀਏਏ ਦਾ ਪੱਖ ਪੂਰਨ ਵਾਲੇ ਲੋਕਾਂ ਨੂੰ ਧਰਨੇ ਵਾਲੀ ਥਾਂ ਤੇ ਆਉਣ ਦੀ ਇਜਾਜ਼ਤ ਦਿੱਤੀ ਜਿੱਥੇ ਸੀਏਏ ਦਾ ਵਿਰੋਧ ਕਰਨ ਵਾਲੇ ਪੁਰਅਮਨ ਤਰੀਕੇ ਨਾਲ ਧਰਨਾ ਦੇ ਰਹੇ ਸਨ। ਸੀਏਏ ਵਿਰੋਧੀਆਂ ਵਲੋਂ ਜਾਫਰਾਬਾਦ ਤੋਂ ਇਲਾਵਾ ਚਾਂਦ ਬਾਗ ਅਤੇ ਕਈ ਹੋਰਨਾਂ ਥਾਵਾਂ ਤੇ ਵੀ ਧਰਨੇ ਦਿੱਤੇ ਜਾ ਰਹੇ ਸਨ। ਭਾਵੇਂ ਇਨਾਂ ਧਰਨਿਆਂ ਅਤੇ ਪੁਰਅਮਨ ਤਰੀਕੇ ਨਾਲ ਰੋਸ ਜ਼ਾਹਰ ਕਰਨ ਸਬੰਧੀ ਪਹਿਲਾਂ ਸੁਪਰੀਮ ਕੋਰਟ ਦਾ ਫਤਵਾ ਵੀ ਆ ਗਿਆ ਸੀ, ਜਿਸ ਵਿਚ ਸਰਵਉੱਚ ਅਦਾਲਤ ਨੇ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਗਟ ਕਰਨ ਨੂੰ ਲੋਕਾਂ ਦਾ ਜਮਹੂਰੀ ਹੱਕ ਦੱਸਿਆ ਸੀ। ਇਸ ਘਟਨਾ ਤੋਂ ਪਹਿਲਾਂ ਦਿੱਲੀ ਦੇ ਬੀਜੇਪੀ ਨੇਤਾ ਅਤੇ ਮਾਡਲ ਟਾਊਨ ਹਲਕੇ ਤੋਂ ਹਾਰੇ ਹੋਏ ਸਾਬਕਾ ਵਿਧਾਇਕ ਵਲੋਂ ਟਵਿਟਰ ਉਪਰ ਦਿੱਤੀ ਗਈ ਧਮਕੀ ਦਾ ਵੀ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ, ਜਿਸ ਵਿਚ ਉਸ ਨੇ ਕਿਹਾ ਕਿ ਜਾਫਰਾਬਾਦ ਨੂੰ ਸ਼ਾਹੀਂ ਬਾਗ ਨਹੀਂ ਬਣਨ ਦਿੱਤਾ ਜਾਵੇਗਾ। ਜੇ ਦਿੱਲੀ ਦੇ ਪੁਲਿਸ ਕਮਿਸ਼ਨਰ ਦੇ ਬਿਆਨਾਂ ਨੂੰ ਇਕ ਪਾਸੇ ਰੱਖ ਕੇ ਇਸ ਤੋਂ ਪਹਿਲਾਂ ਸੋਸ਼ਲ ਮੀਡੀਆ ਤੇ ਆਈਆਂ ਤਸਵੀਰਾਂ ਅਤੇ ਵਖਿਆਨ ਨੂੰ ਤਰਤੀਬ ਨਾਲ ਵਾਚਿਆ ਜਾਵੇ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਸੀਏਏ ਪੱਖੀ ਉਪੱਦਰੀਆਂ ਨੂੰ ਪੁਲਿਸ ਨੇ ਬਿਲਕੁਲ ਨਹੀਂ ਰੋਕਿਆ ਅਤੇ ਉਨਾਂ ਨੇ ਅਸਲੇ ਦੀ ਵਰਤੋਂ ਵੀ ਕੀਤੀ। ਵੀਡੀਓ ਵਿਚ ਜਿਹੜਾ ਨੌਜਵਾਨ ਪਿਸਤੌਲ ਤਾਣ ਕੇ ਗੋਲੀ ਚਲਾਉਂਦਾ ਨਜ਼ਰ ਆਉਂਦਾ ਹੈ ਉਹ ਵੀ ਧਰਨਾਕਾਰੀਆਂ ਉਪਰ ਗੋਲੀ ਚਲਾ ਰਿਹਾ ਹੈ। ਜਾਫਰਾਬਾਦ ਤੋਂ ਸ਼ੁਰੂ ਹੋਈਆਂ ਇਹ ਹਿੰਸਕ ਘਟਨਾਵਾਂ ਜਿਨਾਂ ਵਿਚ ਇਕ ਪੁਲਿਸ ਮੁਲਾਜ਼ਮ ਸਮੇਤ 20 ਲੋਕਾਂ ਦੀ ਮੌਤ ਹੋ ਚੁੱਕੀ ਹੈ, ਉਤਰ-ਪੂਰਬੀ ਦਿੱਲੀ ਦੇ ਹੋਰਨਾਂ ਇਲਾਕਿਆਂ ਵਿਚ ਵੀ ਫੈਲ ਗਈਆਂ ਅਤੇ ਇਨਾਂ ਨੇ ਮੌਜਪੁਰ, ਖੁਰੇਜੀ ਅਤੇ ਭਜਨਪੁਰਾ ਵਰਗੇ ਇਲਾਕਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਬੇਸ਼ੱਕ ਨਿਸ਼ਚਿਤ ਰੂਪ ਵਿਚ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਖੂਨੀ ਝੜਪਾਂ ਜਾਂ ਹਿੰਸਕ ਘਟਨਾਵਾਂ ਸੱਤਾਧਾਰੀ ਪਾਰਟੀ ਨੇ ਗਿਣੀ ਮਿੱਥੀ ਸਾਜ਼ਿਸ਼ ਨਾਲ ਕਰਵਾਈਆਂ ਹਨ ਪਰ ਇਨਾਂ ਨੂੰ ਰੋਕਣ ਜਾਂ ਇਨਾਂ ਦੀ ਸੰਭਾਵਨਾ ਪ੍ਰਤੀ ਸੰਵੇਦਨਸ਼ੀਲ ਨਾ ਹੋਣਾ ਸੱਤਾਧਾਰੀ ਧਿਰ ਦੀ ਬਹੁਤ ਵੱਡੀ ਕੁਤਾਹੀ ਹੈ ਅਤੇ ਇਹ ਕੇਂਦਰ ਸਰਕਾਰ ਦੇ ਖੁਫ਼ੀਆ ਤੰਤਰ ਦੀ ਵੀ ਨਾਅਹਿਲੀਅਤ ਦਾ ਪ੍ਰਗਟਾਅ ਹੈ। ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਕੋਈ ਪਾਰਟੀ ਜਾਂ ਕੱਟੜਪੰਥੀ ਅਜਿਹੀਆਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਲਈ ਪਹਿਲਾਂ ਕੋਈ ਮਨਸੂਬਾ ਤੈਅ ਕਰਨ, ਕਈ ਵਾਰ ਜਾਣਬੁੱਝ ਕੇ ਅਜਿਹੇ ਹਾਲਾਤ ਪੈਦਾ ਹੋਣ ਦਿੱਤੇ ਜਾਂਦੇ ਹਨ ਜੋ ਆਪਣੇ ਆਪ ਹਿੰਸਾ ਵੱਲ ਤੁਰ ਪੈਂਦੇ ਹਨ। ਇਕ ਗੱਲ ਸਾਫ਼ ਜ਼ਾਹਰ ਹੈ ਕਿ ਪੁਰਅਮਨ ਅੰਦੋਲਨ ਤੋਂ ਸਰਕਾਰਾਂ ਜਾਂ ਸੱਤਾ ਹਮੇਸ਼ਾ ਘਬਰਾਉਂਦੀ ਹੈ। ਇਸ ਸਬੰਧੀ ਮਹਾਤਮਾ ਗਾਂਧੀ ਦੇ ਸਤਿਆਗ੍ਰਹਿ ਅਤੇ ਅਕਾਲੀ ਮੋਰਚਿਆਂ ਦੇ ਇਤਿਹਾਸ ਵਿਚੋਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਹ ਕਾਰਨ ਹੈ ਕਿ ‘ਸ਼ਾਹੀਂ ਬਾਗ’ ਪਿਛਲੇ ਦੋ ਮਹੀਨਿਆਂ ਤੋਂ ਦਿੱਲੀ ਤਖਤ ਦੀਆਂ ਅੱਖਾਂ ਵਿਚ ਰੜਕ ਰਿਹਾ ਸੀ ਜੋ ਪੂਰੇ ਮੁਲਕ ਵਿਚ ਜਨ ਅੰਦੋਲਨ ਦਾ ਸੰਦੇਸ਼ ਦੇ ਰਿਹਾ ਸੀ। ਇਸ ਲਈ ਇਨਾਂ ਹਿੰਸਕ ਘਟਨਾਵਾਂ ਨੂੰ ਇਸ ਰੋਸ਼ਨੀ ਵਿਚ ਵੀ ਵੇਖਿਆ ਜਾਣਾ ਜ਼ਰੂਰੀ ਹੈ। ਨਾਗਰਿਕਤਾ ਸੋਧ ਕਾਨੂੰਨ ਦੇ ਹੱਕ ਵਿਚ ਪਹਿਲਾਂ ਹੀ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਆਪਣੇ ਪ੍ਰੋਗਰਾਮ ਚਲਾ ਰਹੀ ਹੈ। ਆਰਐਸਐਸ ਵਲੋਂ ਵੀ ਇਸ ਸਬੰਧੀ ਸੈਮੀਨਾਰ ਅਤੇ ਜਲਸੇ ਕੀਤੇ ਜਾ ਰਹੇ ਹਨ ਪਰ ਕੀ ਇਹ ਜ਼ਰੂਰੀ ਸੀ ਕਿ ਉਸ ਥਾਂ ਤੇ ਜਾ ਕੇ ਸੀਏਏ ਦਾ ਵਿਰੋਧ ਕਰਨ ਵਾਲਿਆਂ ਨੂੰ ਰੋਕਿਆ ਜਾਵੇ ? ਇੱਥੇ ‘ਦਾਲ ਵਿਚ ਕੁਝ ਕਾਲਾ’ ਜ਼ਰੂਰ ਨਜ਼ਰ ਆਉਂਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਦੇਸ਼ ਦੇ ਜਮਹੂਰੀਅਤ ਪਸੰਦ ਲੋਕ, ਕਲਾਕਾਰ, ਲੇਖਕ, ਚਿੰਤਕ ਸ਼ਾਹੀਂ ਬਾਗ ਅੰਦੋਲਨ ਦੇ ਹੱਕ ਵਿਚ ਲਗਾਤਾਰ ਹਾਜ਼ਰੀ ਲੁਆ ਰਹੇ ਸਨ ਅਤੇ ਕੇਂਦਰ ਸਰਕਾਰ ਨੂੰ ਇਹ ਕਾਨੂੰਨ ਖਤਮ ਕਰਲ ਦੀਆਂ ਦਲੀਲਾਂ ਦੇ ਰਹੇ ਸਨ।

ਹੁਣ ਜਦ 20 ਘਰਾਂ ਦੇ ਚਿਰਾਗ ਬੁਝ ਚੁੱਕੇ ਹਨ, ਕੇਂਦਰ ਅਤੇ ਦਿੱਲੀ ਦੀਆਂ ਸਰਕਾਰਾਂ ਸ਼ਾਂਤੀ ਦੀਆਂ ਨਸੀਅਤਾਂ ਦੇ ਰਹੀਆਂ ਹਨ। ਰਾਜਧਾਨੀ ਦਿੱਲੀ ਵਿਚ ਉਸ ਸਮੇਂ ਅਜਿਹੀ ਹਿੰਸਕ ਕਤਲੋਗਾਰਤ ਹੋਣੀ ਜਦ ਅਮਰੀਕਾ ਰਾਸ਼ਟਰਪਤੀ ਦਿੱਲੀ ਵਿਚ ਮੌਜੂਦ ਸੀ, ਦੁਨੀਆ ਨੂੰ ਇਸ ਤਰਾਂ ਦਾ ਸੰਦੇਸ਼ ਦਿੰਦੀ ਹੈ, ਕੀ ਸੱਚਮੁਚ ਕੱਟੜਪੰਥੀ ਤਾਕਤਾਂ ਇਹ ਦੱਸਣਾ ਚਾਹੁੰਦੀਆਂ ਹਨ ਕਿ ਭਾਰਤ ਇਕ ਜਮਹੂਰੀ ਅਤੇ ਧਰਮ ਨਿਰਪੇਖ ਮੁਲਕ ਨਹੀਂ ਸਗੋਂ ਹਿੰਦੂ ਰਾਸ਼ਟਰਵਾਦ ਹੈ। ਜੇ ਕੇਂਦਰ ਸਰਕਾਰ ਜਮਹੂਰੀ ਹੱਕਾਂ ਲਈ ਪੁਰਅਮਨ ਤਰੀਕੇ ਨਾਲ ਰੋਸ ਪ੍ਰਗਟ ਕਰਨ ਵਾਲੇ ਲੋਕਾਂ ਨੂੰ ਉਨਾਂ ਦੀ ਗੱਲ ਸੁਣਨ ਦੀ ਬਜਾਏ ਇਸ ਤਰਾਂ ਦਾ ਜੁਆਬ ਦੇਣਾ ਜਾਇਜ਼ ਸਮਝਦੀ ਹੇ ਤਾਂ ਇਹ ਹਿੰਦੋਸਤਾਨ ਦੀ ਜਮਹੂਰੀਅਤ ਹੀ ਨਹੀਂ ਸਗੋਂ ਸਹਿਹੋਂਦ ਲਈ ਇਕ ਵੱਡੀ ਚਿਤਾਵਨੀ ਹੈ।

# ਕਰਤਾਰਪੁਰ ਦੇ ਖੁੱਲੇ ਲਾਂਘੇ ਦੀ ਮਹਾਨ ਕਹਾਣੀ ਤੇ ਅਮੁਲਿਆ ਦਾ ਦੁਖਾਂਤਕ ਕਿੱਸਾ

## ਸਿਆਸਤਦਾਨ ਤੇ ਭਾਰਤੀ ਟੀਵੀ ਚੈਨਲ ਫੈਲਾ ਰਹੇ ਹਨ ਫਿਰਕਾਪ੍ਰਸਤੀ



- ਰਵੀਸ਼ ਕੁਮਾਰ

ਜੋ ਪੁਲੀਸ ਅਧਿਕਾਰੀ ਆਪਣਾ ਕੰਮ ਸ਼ਾਇਦ ਹੀ ਕਦੀ ਠੀਕ ਤਰਾਂ ਨਾ ਕਰ ਸਕਦੇ ਹੋਣ, ਉਹ ਤੁਰੰਤ ਦੇਸ ਧ੍ਰੋਹ ਦਾ ਕੇਸ ਦਰਜ ਕਰਕੇ ਸਮਾਜ ਦੇ ਸਾਹਮਣੇ ਹੀਰੋ ਬਣ ਜਾਂਦੇ ਹਨ। ਬੈਂਗਲੋਰ ਦੀ ਇਕ ਸਭਾ ਵਿਚ 19 ਸਾਲ ਦੀ ਲੜਕੀ ਅਮੁਲਿਆ ਨੇ ਪਾਕਿਸਤਾਨ ਨੂੰ ਜਿੰਦਾਬਾਦ ਕਿਹਾ ਤਾਂ ਮੰਚ ਉੱਪਰ ਹਲਚਲ ਮਚ ਗਈ। ਅਜਿਹਾ ਲੱਗਿਆ ਕਿ ਧਰਤੀ ਫੱਟ ਗਈ ਹੋਵੇ। ਅਮੁਲਿਆ ਲਿਓਨਾ ਨਿਰੋਹਨਾ ਨੂੰ ਕੋਈ ਖਿੱਚਣ ਲੱਗਾ, ਕੋਈ ਮਾਈਕ ਖੋਹਣ ਲੱਗਾ ਤਾਂ ਜੋ ਉਹ ਆਪਣੀ ਗੱਲ ਪੂਰੀ ਨਾ ਕਰ ਸਕੇ। ਅਮੁਲਿਆ ਨੇ ਹਿੰਦੋਸਤਾਨ ਜਿੰਦਾਬਾਦ ਦੇ ਵੀ ਨਾਅਰੇ ਲਗਾਏ ਤੇ ਤਿੰਨ ਵਾਰ ਪਾਕਿਸਤਾਨ ਜਿੰਦਾਬਾਦ ਕਿਹਾ ਤੇ ਫਿਰ ਤੁਰੰਤ 6 ਵਾਰ ਹਿੰਦੋਸਤਾਨ ਜਿੰਦਾਬਾਦ ਕਿਹਾ। ਪੁਲੀਸ ਅਫਸਰ ਇਸ ਮਾਮਲੇ ਵਿਚ ਤੁਰੰਤ ਸਰਗਰਮ ਹੋ ਜਾਂਦੇ ਹਨ ਤੇ ਅਮੁਲਿਆ ’ਤੇ ਕਾਰਵਾਈ ਕਰਦੇ ਹਨ। ਉਨਾਂ ’ਤੇ ਇਸ ਦੌਰ ਦੀ ਰਾਜਨੀਤੀ ਅਤੇ ਮੀਡੀਆ ਵਲੋਂ ਬਣਾਏ ਦਬਾਅ ਦਾ ਅਸਰ ਹੁੰਦਾ ਹੈ। ਅਜਿਹੇ ਅਫਸਰਾਂ ਦੇ ਅੱਗੇ ਗਰੀਬ ਲੋਕ ਦਿਨ ਰਾਤ ਚੱਕਰ ਲਗਾਉਂਦੇ ਹਨ, ਪਰ ਉਨਾਂ ਦੀ ਕਦੇ ਸੁਣਵਾਈ ਨਹੀਂ ਕੀਤੀ ਜਾਂਦੀ। ਮੀਡੀਆ ਨੇ ਪੰਜ ਸਾਲ ਵਿਚ ਜੋ ਮਿਹਨਤ ਕੀਤੀ ਹੈ, ਉਸ ਦਾ ਨਤੀਜਾ ਹੈ ਕਿ ਅਮੁਲਿਆ ਦੇ ਘਰ ਭੀੜ ਚਲੀ ਜਾਂਦੀ ਹੈ, ਹਮਲਾ ਕਰ ਦਿੰਦੀ ਹੈ ਤੇ ਪਿਤਾ ਨੂੰ ਕਿਹਾ ਜਾਂਦਾ ਹੈ ਕਿ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਓ। ਬੇਟੀ ਨੂੰ ਲੈ ਕੇ ਪਿਤਾ ਦੇ ਅਲੱਗ ਅਲੱਗ ਜਗਾ ਅਲੱਗ ਅਲੱਗ ਬਿਆਨ ਆਪਣੀ ਬੇਟੀ ਦੇ ਵਿਰੁਧ ਛਪੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਉਹ ਆਪਣੀ ਬੇਟੀ ਦੇ ਇਸ ਬਿਆਨ ਦਾ ਸਮਰਥਨ ਨਹੀਂ ਕਰਦੇ। ਪਰ ਉਨਾਂ ਦਾ ਇਹ ਕਹਿਣਾ ਹੈਰਾਨੀਜਨਕ ਲੱਗਿਆ ਕਿ ਅਮੁਲਿਆ ਦੀ ਜਮਾਨਤ ਲਈ ਵਕੀਲ ਦੇ ਕੋਲ ਨਹੀਂ ਜਾਣਗੇ। ਜੇਲ ਵਿਚ ਭਾਵੇਂ ਉਹ ਸੜ ਜਾਵੇ, ਮਰ ਜਾਵੇ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਜੇਕਰ ਪੁਲੀਸ ਉਸ ਦੀਆਂ ਹੱਡੀਆਂ ਤੋੜ ਦੇਵੇ ਤਾਂ ਵੀ ਮੈਂ ਸ਼ਿਕਵਾ ਨਹੀਂ ਕਰਾਂਗਾ। ਭੀੜ ਤੇ ਮੀਡੀਆ ਦਾ ਦਬਾਅ ਅਜਿਹਾ ਹੋ ਗਿਆ ਕਿ ਕੋਈ ਪਿਤਾ ਇਸ ਤਰਾਂ ਦਹਿਸ਼ਤ ਵਿਚ ਚਲਾ ਗਿਆ। ਇਸ ਦਾ ਕਾਰਨ ਫਿਰਕੂ ਭੀੜ ਤੇ ਫਿਰਕੂ ਮੀਡੀਆ ਹੈ, ਜਿਸ ਦਾ ਡਰ ਤੇ ਦਹਿਸ਼ਤ ਇਕ ਮਾਸੂਮ ਬੱਚੀ ਦੇ ਪਿਤਾ ’ਤੇ ਭਾਰੂ ਪੈ ਰਹੀ ਹੈ।

ਯਾਦ ਰਹੇ ਕਿ ਸ਼ਾਹੀਨ ਬਾਗ ਦਿੱਲੀ ਵਿਚ ਖੁੱਲੇਆਮ ਭੀੜ ਦੇ ਸਾਹਮਣੇ ਗੋਲੀ ਚਲਾਉਂਦਾ ਹੋਇਆ ਇਕ ਗੱਭਰੂ ਆਇਆ ਸੀ। ਤਦ ਕਿਸ ਨੇ ਉਸ ਦੇ ਘਰ ’ਤੇ ਹਮਲਾ ਨਹੀਂ ਕੀਤਾ। ਜਿਵੇਂ ਹੀ ਪਤਾ ਚੱਲਿਆ ਕਿ ਗੋਲੀ ਚਲਾਉਣ ਵਾਲਾ ਨਾਬਾਲਗ ਹੈ ਤਾਂ ਉਸ ਦਾ ਨਾਮ ਤੇ ਚਿਹਰਾ ਮੀਡੀਆ ਵਲੋਂ ਛੁਪਾਇਆ ਜਾਣ ਲੱਗਾ। ਇਸ ਨਾਬਾਲਗ ਦੇ ਘਰ ਕੋਈ ਭੀੜ ਨਹੀਂ ਗਈ।

ਉਹ ਲੋਕ ਕੌਣ ਹਨ ਜੋ ਲੋਕਾਂ ਦੇ ਘਰਾਂ ’ਤੇ ਹਮਲਾ ਕਰਦੇ ਹਨ ? ਇਨਾਂ ਨੂੰ ਫਿਰਕਾਪ੍ਰਸਤ ਹਿੰਦੂ ਸੰਗਠਨ ਦੀ ਕੈਟਾਗਰੀ ਵਿਚ ਰੱਖਿਆ ਗਿਆ ਹੈ। ਭਾਵੇਂ ਇਹ ਕਿਸੇ ਵੀ ਕਿਸਮ ਦੇ ਲੋਕ ਹੋਣ ਪਰ ਕੋਈ ਕਾਨੂੰਨ ਉਨਾਂ ਨੂੰ ਇਜਾਜ਼ਤ ਨਹੀਂ ਦਿੰਦਾ ਕਿ ਉਹ ਕਿਸੇ ਦੇ ਘਰ ਵੜ ਕੇ ਭਾਰਤ ਮਾਤਾ ਦੀ ਜੈ ਬੁਲਾਉਣ ਤੇ ਧਮਕਾਉਣ। ਇਨਾਂ ਫਿਰਕੂ ਲੋਕਾਂ ’ਤੇ ਕਦੇ ਕੋਈ ਮਾਮਲਾ ਦਰਜ ਨਹੀਂ ਹੋਇਆ। ਅਮੁਲਿਆ ’ਤੇ ਰਾਜਧ੍ਰੋਹ ਤੇ ਹੋਰ ਦੋ ਮਾਮਲੇ ਦਰਜ ਕੀਤੇ ਗਏ। ਅਮੁਲਿਆ ਨੂੰ 14 ਦਿਨਾਂ ਦੀ ਅਦਾਲਤੀ ਹਿਰਾਸਤ ਵਿਚ ਭੇਜਿਆ ਗਿਆ।

20 ਫਰਵਰੀ ਦੀ ਇਸ ਘਟਨਾ ਤੋਂ ਪਹਿਲਾਂ ਅਮੁਲਿਆ ਨੇ ਆਪਣੇ ਫੇਸਬੁਕ ਪੇਜ ’ਤੇ ਇਕ ਪੋਸਟ ਲਿਖੀ, ਇਸ ਪੋਸਟ ਵਿਚ ਅਮੁਲਿਆ ਨੇ ਹਿੰਦੋਸਤਾਨ ਜਿੰਦਾਬਾਦ, ਪਾਕਿਸਤਾਨ ਜਿੰਦਾਬਾਦ, ਚੀਨ ਜਿੰਦਾਬਾਦ, ਭੂਟਾਨ ਜਿੰਦਾਬਾਦ ਤੇ ਜੋ ਵੀ ਦੇਸ ਹਨ ਉਨਾਂ ਦਾ ਜਿੰਦਾਬਾਦ। ਤੁਸੀਂ ਬੱਚਿਆਂ ਨੂੰ ਸਿਖਾਉਂਦੇ ਹੋ ਜੋ ਦੇਸ ਹੈ, ਉਹ ਮਿੱਟੀ ਹੈ। ਅਸੀਂ ਬੱਚਿਆਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਦੇਸ ਦਾ ਮਤਲਬ ਹੈ ਉਸ ਜਗਾ ਵਿਚ ਰਹਿਣ ਵਾਲੇ ਲੋਕ ਤੇ ਉਨਾਂ ਨੂੰ ਸਾਰੀਆਂ ਜਰੂਰੀ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ, ਬੁਨਿਆਦੀ ਅਧਿਕਾਰ ਮਿਲਣੇ ਚਾਹੀਦੇ ਹਨ। ਉਨਾਂ ਸਾਰਿਆਂ ਨੂੰ ਜਿੰਦਾਬਾਦ ਜੋ ਸਮਾਜ ਦੀ ਸੇਵਾ ਕਰਦੇ ਹਨ, ਸਿਰਫ ਇਸ ਲਈ ਕਿ ਮੈਂ ਕਿਸੇ ਦੇਸ ਨੂੰ ਜਿੰਦਾਬਾਦ ਕਹਿੰਦੀ ਹਾਂ। ਇਸ ਦਾ ਮਤਲਬ ਨਹੀਂ ਕਿ ਮੈਂ ਉਸ ਦੀ ਨਾਗਰਿਕ ਹੋ ਜਾਂਦੀ ਹਾਂ। ਕਾਨੂੰਨ ਦੇ ਮੁਤਾਬਕ ਮੈਂ ਭਾਰਤ ਦੀ ਨਾਗਰਿਕ ਹਾਂ, ਮੈਨੂੰ ਆਪਣੇ ਦੇਸ ਦੀ ਇੱਜ਼ਤ ਕਰਨੀ ਚਾਹੀਦੀ ਹੈ, ਇੱਥੇ ਰਹਿਣ ਵਾਲੇ ਲੋਕਾਂ ਦੇ ਲਈ ਕੰਮ ਕਰਨਾ ਮੇਰਾ ਫਰਜ਼ ਹੈ ਤੇ ਮੈਂ ਇਹ ਕਰਾਂਗੀ। ਦੇਖਦੇ ਹਾਂ ਕਿ ਆਰ ਐਸ ਐਸ ਵਾਲੇ ਕੀ ਕਰ ਸਕਦੇ ਹਨ ? ਬਹੁਤ ਸਾਰੇ ਸੰਗਠਨ ਗੁੱਸੇ ਵਿਚ ਹੋਣਗੇ, ਮੈਂ ਜੋ ਕਹਿਣਾ ਸੀ ਕਹਿ ਦਿੱਤਾ।

ਸੁਆਲ ਤਾਂ ਇਹ ਹੈ ਕਿ ਜੇਕਰ ਪਾਕਿਸਤਾਨ ਜਿੰਦਾਬਾਦ ਕਹਿਣਾ ਅਪਰਾਧ ਹੈ ਤਾਂ ਨੇਪਾਲ ਜਿੰਦਾਬਾਦ, ਸ੍ਰੀਲੰਕਾ ਜਿੰਦਾਬਾਦ ਚੀਨ ਤੇ ਭੂਟਾਨ ਜਿੰਦਾਬਾਦ ਲਿਖਣਾ ਅਪਰਾਧ ਕਿਉਂ ਨਹੀਂ ਹੈ ? ਇਸ ਤਰਾਂ ਦੀਆਂ ਗੱਲਾਂ ਕਈ ਕਵੀ ਤੇ ਮਹਾਨ ਲੇਖਕ ਕਰ ਚੁੱਕੇ ਹਨ। ਕੁਝ ਸਾਲ ਪਹਿਲਾਂ 2016 ਦੌਰਾਨ ਸ੍ਰੀ ਸ੍ਰੀ ਰਵੀਸ਼ੰਕਰ ਨੇ ਕਹਿ ਦਿੱਤਾ ਕਿ ਜੈ ਹਿੰਦ ਤੇ ਪਾਕਿਸਤਾਨ ਜਿੰਦਾਬਾਦ ਨਾਲੋਂ ਨਾਲ ਚੱਲਣਾ ਚਾਹੀਦਾ ਹੈ। ਇਹ ਧਿਆਨ ਰਹੇ ਕਿ ਰਵੀਸ਼ੰਕਰ ਨੇ ਨਾਅਰਾ ਨਹੀਂ ਲਗਾਇਆ ਤੇ ਨਾਲ ਚੱਲਣ ਦੀ ਗੱਲ ਕੀਤੀ ਸੀ। ਇਸ ਤੋਂ ਬਾਅਦ ਦੋਨਾਂ ਨੇ ਅਲੱਗ ਅਲੱਗ ਦੋਨਾਂ ਦੇਸਾਂ ਨੇ ਨਾਅਰੇ ਲਗਾਏ। ਪਾਕਿਸਤਾਨ ਦੇ ਮੁਫ਼ਤੀ ਮੌਲਾਨਾ ਮੁਹੰਮਦ ਸਈਅਦ ਖਾਨ ਪਾਕਿਸਤਾਨ ਜਿੰਦਾਬਾਦ ਕਹਿੰਦੇ ਹਨ ਤੇ ਸ੍ਰੀ ਰਵੀਸ਼ੰਕਰ ਜੈ ਹਿੰਦ ਕਹਿੰਦੇ ਹਨ। ਉਸ ਵਕਤ ਰਵੀਸ਼ੰਕਰ ਦੇ ਖਿਲਾਫ਼ ਟਵਿੱਟਰ ’ਤੇ ਟਰੇਂਡ ਹੋਣ ਲੱਗਾ ਕਿ ਉਸ ਨੂੰ ਪਾਕਿਸਤਾਨ ਭੇਜ ਦਿੱਤਾ ਜਾਵੇ ਤੇ ਰਵੀਸ਼ੰਕਰ ਨੂੰ ਸਫਾਈ ਦੇਣੀ ਪਈ ਕਿ ਉਸ ਨੇ ਪਾਕਿਸਤਾਨ ਜਿੰਦਾਬਾਦ ਦੇ ਨਾਅਰੇ ਨਹੀਂ ਲਗਾਏ। ਹਰੇਕ ਨੂੰ ਪਤਾ ਹੈ ਕਿ ਜਿੰਦਾਬਾਦ ਕਹਿਣ ਨਾਲ ਕੁਝ ਨਹੀਂ ਹੁੰਦਾ ਤਾਂ ਇਸ ਦੇਸ ਵਿਚ ਹਰ ਦਿਨ ਸੈਂਕੜੇ ਨਾਅਰੇ ਮੁਰਦਾਬਾਦ ਦੇ ਲੱਗਦੇ ਹਨ, ਸਰਕਾਰ ਮੁਰਦਾਬਾਦ ਦੇ ਨਾਅਰੇ ਲੱਗਦੇ ਹਨ। ਜੇਕਰ ਕਿਸੇ ਦੂਸਰੇ ਦੇਸ ਨੂੰ ਜਿੰਦਾਬਾਦ ਕਹਿਣਾ ਦੇਸਧ੍ਰੋਹ ਹੈ ਤਾਂ ਆਪਣੇ ਦੇਸ ਦੀ ਸਰਕਾਰ ਨੂੰ ਮੁਰਦਾਬਾਦ ਕਹਿਣਾ ਵੀ ਦੇਸਧ੍ਰੋਹ ਹੋ ਸਕਦਾ ਹੈ। ਕੀ ਭਾਰਤ ਨੇ ਪਾਕਿਸਤਾਨ ਨੂੰ ਦੁਸ਼ਮਣ ਰਾਸ਼ਟਰ ਐਲਾਨਿਆ ਹੈ ?

1995 ਵਿਚ ਸੁਪਰੀਮ ਕੋਰਟ ਨੇ ਇਕ ਫੈਸਲਾ ਦਿੱਤਾ ਸੀ ਕਿ ਇੰਝ ਹੀ ਨਾਅਰਾ ਲਗਾ ਦੇਣ ਨਾਲ ਇਹ ਨਹੀਂ ਮੰਨਿਆ ਜਾ ਸਕਦਾ ਕਿ ਸਰਕਾਰ ਦੇ ਖਿਲਾਫ਼ ਨਫਰਤ ਫੈਲਾਈ ਜਾ ਰਹੀ ਹੈ।

ਮਾਮਲਾ ਇਹ ਸੀ ਕਿ ਜਦ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਦੇਸ ਦੇ ਕਈ ਹਿੱਸਿਆਂ ਵਿਚ ਹਿੰਸਾ ਹੋ ਰਹੀ ਸੀ ਤਾਂ ਪੰਜਾਬ ਦੋ ਸਿੱਖ ਵਿਅਕਤੀਆਂ ਨੇ ਖਾਲਿਸਤਾਨ ਜਿੰਦਾਬਾਦ ਤੇ ਰਾਜ ਕਰੇਗਾ ਖਾਲਸਾ ਦੇ ਨਾਅਰੇ ਲਗਾਏ। ਸਰਕਾਰੀ ਪੱਖ ਦੇ ਵਕੀਲ ਦਾ ਦਾਅਵਾ ਸੀ ਕਿ ਇਨਾਂ ਦੋਨਾਂ ਨੇ ਹਿੰਦੋਸਤਾਨ ਮੁਰਦਾਬਾਦ ਦੇ ਨਾਅਰੇ ਲਗਾਏ ਸਨ। ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਦੋ ਲੋਕਾਂ ਨੇ ਇਕ ਦੋ ਵਾਰ ਇਸ ਤਰਾਂ ਦੇ ਨਾਅਰੇ ਲਗਾ ਦੇਣ ਨਾਲ ਭਾਰਤ ਦੇ ਖਿਲਾਫ਼ ਦੇਸ਼ਧ੍ਰੋਹ ਨਹੀਂ ਮੰਨਿਆ ਜਾ ਸਕਦਾ। ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਸ ਨਾਲ ਦੋ ਭਾਈਚਾਰਿਆਂ ਵਿਚ ਦੁਸ਼ਮਣੀ ਤਾਂ ਪੈਦਾ ਨਹੀਂ ਹੁੰਦੀ ? ਇਸ ਦੇ ਬਾਅਦ ਬਲਵੰਤ ਸਿੰਘ ਤੇ ਭੁਪਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਗਿਆ।

ਤੁਸੀਂ ਇਸ ਵਕਤ ਅਸਾਮ ਜਾਓ। ਭਾਰਤ ਦੇ ਖਿਲਾਫ਼ ਹਥਿਆਰ ਉਠਾਉਣ ਵਾਲੀਆਂ ਹਿੰਸਕ ਜਥੇਬੰਦੀਆਂ ਦੇ ਨਾਲ ਸਰਕਾਰ ਸਮਝੌਤਾ ਕਰ ਰਹੀ ਹੈ। ਸਰਕਾਰ ਦੱਸ ਰਹੀ ਹੈ ਕਿ ਉਨਾਂ ਨੂੰ ਕਾਮਯਾਬੀ ਮਿਲ ਰਹੀ ਹੈ। ਅਰਥਾਤ ਕਈ ਵਾਰ ਇਕ ਭਾਈਚਾਰੇ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਇਹ ਕੀਤਾ ਜਾਂਦਾ ਹੈ। ਹੁਣ ਤੁਸੀਂ ਇਸ ਸੰਦਰਭ ਵਿਚ 19 ਸਾਲ ਦੀ ਅਮੁਲਿਆ ਦੇ ਜਿੰਦਾਬਾਦ ਦੀ ਘਟਨਾ ਨੂੰ ਦੇਖੋ ਕਿ ਜੇਕਰ ਉਹ ਕਈ ਮੁਲਕਾਂ ਦੀ ਜਿੰਦਾਬਾਦ ਦੀ ਕਲਪਨਾ ਕਰਦੀ ਹੈ ਤਾਂ ਕੀ ਉਹ ਦੇਸ ਧ੍ਰੋਹ ਹੈ ? ਉਸ ਨੂੰ ਪੂਰੀ ਗੱਲ ਕਹਿਣ ਦਾ ਮੌਕਾ ਨਹੀਂ ਮਿਲਿਆ ਨਹੀਂ ਤਾਂ ਉਹ ਮਾਇਕ ’ਤੇ ਉਸ ਨੂੰ ਵਿਸਥਾਰ ਨਾਲ ਕਹਿੰਦੀ ਕਿ ਜੋ ਉਸ ਨੇ ਆਪਣੇ ਫੇਸਬੁਕ ਪੋਸਟ ਵਿਚ ਲਿਖਿਆ ਹੈ, “ਖੁਦ ਵੀ ਜੀਤੋ ਔਰ ਜਿਤਾਓ ਸਭ ਕੋ ਯਹ ਧਰਮ ਹੈ, ਇਹ ਪਿਆਰ ਕਾ ਲਫਜ਼ ਹੈ।”

ਅਮੁਲਿਆ ਨੂੰ ਪਤਾ ਹੈ ਕਿ ਅੱਜ ਭਾਰਤ ਬਦਲ ਗਿਆ ਹੈ। ਭਾਰਤ ਅਜਿਹਾ ਬਣ ਚੁਕਾ ਹੈ, ਜਿਹੋ ਜਿਹਾ ਕ੍ਰਿਕਟ ਮੈਚ ਦੇ ਵਕਤ ਹੁੰਦਾ ਹੈ। ਪਰ ਮੀਡੀਆ ਤੇ ਰਾਜਨੀਤੀ ਨੇ ਅਫਸਰਸ਼ਾਹੀ ਨੂੰ ਅਜਿਹਾ ਵਿਚਾਰ ਪੇਸ਼ ਕਰਕੇ ਅਫਸਰਸ਼ਾਹੀ ਨੂੰ ਦੇਸ਼ ਭਗਤ ਬਣਨ ਦਾ ਮੌਕਾ ਦੇ ਦਿੱਤਾ ਹੈ, ਜਿਸ ਦੇ ਦਰਵਾਜ਼ੇ ’ਤੇ ਜਨਤਾ ਅੱਜ ਵੀ ਉਸ ਦੇ ਸਾਹਮਣੇ ਹੱਥ ਜੋੜੀ ਖੜੀ ਰਹਿੰਦੀ ਹੈ, ਪਰ ਸੁਣਵਾਈ ਨਹੀਂ ਹੁੰਦੀ। ਮੈਂ ਜਿੰਨਾਂ ਚੈਨਲਾਂ ਦੀ ਗੱਲ ਕਰ ਰਿਹਾ ਹਾਂ, ਇਹ ਉਹ ਚੈਨਲ ਹਨ, ਜਿਸ ਦੇ ਪਾਕਿਸਤਾਨ ਦੇ ਸਾਰੇ ਖਿਡਾਰੀ ਵਕਾਰ ਯੂਨਸ, ਵਸੀਮ ਅਕਰਮ, ਸ਼ੋਇਦ ਅਖਤਰ ਐਕਸਪਰਟ ਬਣ ਕੇ ਆਇਆ ਕਰਦੇ ਸਨ। ਅੱਤਵਾਦ ਤਦ ਵੀ ਸੀ, ਤਦ ਵੀ ਭਾਰਤ ਪਾਕਿ ਵਿਚਾਲੇ ਤਣਾਅ ਹੁੰਦਾ ਸੀ, ਪਰ ਅਜਿਹਾ ਨਹੀਂ ਹੁੰਦਾ ਸੀ ਕਿ ਇਕ ਨੇਤਾ ਹੈ, ਜੋ ਕਾਫੀ ਸਮੇਂ ਤੋਂ ਲੋਕਾਂ ਨੂੰ ਪਾਕਿਸਤਾਨ ਭੇਜਣ ਦੇ ਫਿਕਰੇ ਸੁਣਾ ਰਿਹਾ ਹੈ, ਪਰ ਅੱਜ ਤੱਕ ਕਿਸੇ ਨੂੰ ਭੇਜ ਨਹੀਂ ਸਕਿਆ। ਹੁਣ ਗਿਰੀਰਾਜ ਸਿੰਘ ਦੀ ਇਸ ਇੱਛਾ ਪੂਰਤੀ ਦੇ ਲਈ ਸਾਰਾ ਕੰਮ ਛੱਡ ਕੇ ਲੋਕਾਂ ਨੂੰ ਪਾਕਿਸਤਾਨ ਭੇਜਣ ਦੀ ਟ੍ਰੈਵਲ ਏਜੰਟ ਦੀ ਦੁਕਾਨ ਖੋਲਣੀ ਪਵੇਗੀ। ਹੁਣ ਗਿਰੀਰਾਜ ਸਿੰਘ ਬਾਅਦ ਕਾਂਗਰਸ ਦੇ ਸਿਧਾਰਥ ਰਮਈਆ ਨੇ ਹੱਦ ਕਰ ਦਿੱਤੀ ਤੇ ਕਿਹਾ ਅਮੁਲਿਆ ਨੂੰ ਸਬਕ ਸਿਖਾਉਣ ਦੀ ਜ਼ਰੂਰਤ ਹੈ। ਸ਼ਾਹੀਨ ਬਾਗ ਵਿਚ ਕਿਸੇ ਨੇ ਕੁਝ ਨਹੀਂ ਕਿਹਾ, ਫਿਰ ਵੀ ਉਨਾਂ ਨੂੰ ਪਾਕਿਸਤਾਨੀ ਕਿਹਾ ਜਾਣ ਲੱਗਾ ਹੈ। ਜੋ ਹਿੰਦੋਸਤਾਨੀ ਹਨ, ਉਨਾਂ ਨੂੰ ਪਾਕਿਸਤਾਨੀ ਕਹਿਣਾ ਠੀਕ ਹੈ ? ਕੀ ਇਹ ਦੇਸ਼ਧ੍ਰੋਹ ਨਹੀਂ ਹੈ ? ਹਾਲਾਂ ਕਿ ਸੁਪਰੀਮ ਕੋਰਟ ਦੇ ਪ੍ਰਤੀਨਿਧੀ ਪ੍ਰਦਰਸ਼ਨਕਾਰੀਆਂ ਨਾਲ ਗੱਲ ਕਰ ਰਹੇ ਹਨ। ਅਮੁਲਿਆ ਦੇ ਨਾਲ ਜੋ ਹੋਇਆ, ਉਸ ’ਤੇ ਇਕ ਵਾਰ ਸੋਚਣਾ ਜ਼ਰੂਰੀ। ਕੀ ਪਾਕਿਸਤਾਨ ਨਾਲ ਸਾਡੀ ਦੁਸ਼ਮਣੀ ਖਤਮ ਨਹੀਂ ਹੋਵੇਗੀ ? ਕੀ ਅਜਿਹੀ ਦੁਸ਼ਮਣੀ ਜਾਰੀ ਰਹਿਣੀ ਮੁਮਕਿਨ ਹੈ ? ਕੀ ਕੋਈ ਪਾਕਿਸਤਾਨੀ ਕੋਈ ਪਾਕਿਸਤਾਨੀ ਨਾਗਰਿਕ ਨੂੰ ਖਤ ਲਿਖ ਦੇਵੇ ਤਾਂ ਇਹ ਅਪਰਾਧ ਹੈ ?

ਬਾਕੀ ਸਫ਼ਾ 31 ’ਤੇ

# ਬ੍ਰਿਟਿਸ਼ ਸਾਂਸਦ ਨੂੰ ਭਾਰਤ ਆਉਣ ਤੋਂ ਰੋਕਣਾ ਮੋਦੀ ਸਰਕਾਰ ਦੀ ਗਲਤ ਕਾਰਵਾਈ

**- ਰਜਿੰਦਰ ਸਿੰਘ**

ਜੰਮੂ ਕਸ਼ਮੀਰ ਵਿਚ ਧਾਰਾ 370 ਹਟਾਉਣ ਦੇ ਬਾਅਦ ਜਿੱਥੇ ਭਾਰਤ ਵਿਚ ਭਾਜਪਾ ਵਿਰੋਧੀ ਕਈ ਪਾਰਟੀਆਂ ਨਿਖੇਧੀ ਕਰ ਰਹੀਆਂ ਹਨ, ਉੱਥੇ ਵਿਸ਼ਵ ਭਰ ਦੇ ਕਈ ਦੇਸ਼ ਤੁਰਕੀ, ਮਲੇਸ਼ੀਆ ਆਦਿ ਵੀ ਵਿਰੋਧ ਕਰ ਰਹੇ ਹਨ। ਬੀਤੇ ਦਿਨੀਂ ਜੰਮੂ ਕਸ਼ਮੀਰ ਵਿਚ ਦੌਰਾ ਕਰਨ ਦੇ ਲਈ ਭਾਰਤ ਵਿਚ ਯੂਰਪੀਅਨ ਯੂਨੀਅਨ ਦੇ ਕੁਝ ਸਾਂਸਦ ਆਏ ਸਨ। ਪਰ ਬੀਤੇ ਸੋਮਵਾਰ ਨੂੰ ਬ੍ਰਿਟੇਨ ਦੀ ਲੇਬਰ ਪਾਰਟੀ ਦੀ ਸਾਂਸਦ ਡੇਬੀ ਅਬਰਾਹਮਸ ਨੂੰ ਦਿੱਲੀ ਏਅਰਪੋਰਟ ਤੋਂ ਹੀ ਵਾਪਸ ਭੇਜ ਦਿੱਤਾ ਕਿ ਉਹ ਭਾਰਤ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੈ। ਭਾਰਤ ਸਰਕਾਰ ਅਨੁਸਾਰ ਉਸ ਨੂੰ 14 ਫਰਵਰੀ ਦੌਰਾਨ ਵੀਜ਼ਾ ਰੱਦ ਹੋਣ ਬਾਰੇ ਜਾਣਕਾਰੀ ਦੇ ਦਿੱਤੀ ਗਈ ਸੀ। ਵੀਜ਼ੇ ਨੂੰ ਰੱਦ ਕਰਨਾ ਭਾਰਤ ਦਾ ਅਧਿਕਾਰ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ 7 ਅਕਤੂਬਰ ਦੌਰਾਨ ਅਬਰਾਹਮਸ ਨੂੰ ਬਿਜਨੈਸ ਵੀਜ਼ਾ ਜਾਰੀ ਕੀਤਾ ਗਿਆ ਸੀ। ਭਾਰਤ ਸਰਕਾਰ ਦੇ ਇਸ ਫੈਸਲੇ ’ਤੇ ਬ੍ਰਿਟਿਸ਼ ਸਾਂਸਦ ਨੇ ਸੁਆਲ ਖੜਾ ਕੀਤਾ ਹੈ। ਡੇਬੀ ਅਬਰਾਹਮਸ ਬ੍ਰਿਟਿਸ਼ ਸਾਂਸਦ ਹੈ ਅਤੇ ਹੁਣ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਆਫ ਕਸ਼ਮੀਰ ਦੀ ਮੁਖੀ ਹੈ। ਡੇਬੀ ਅਬਰਾਹਮਸ ਬੀਤੇ ਸੋਮਵਾਰ ਸਵੇਰੇ 8.30 ਵਜੇ ਦਿੱਲੀ ਏਅਰਪੋਰਟ ਪਹੁੰਚੀ ਸੀ ਤਾਂ ਉਸ ਨੂੰ ਦੱਸਿਆ ਕਿ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ। ਪਰ ਉਸ ਦਾ ਇਹ ਕਹਿਣਾ ਹੈ ਕਿ ਇਹ ਵੀਜ਼ਾ 2020 ਤੱਕ ਮਾਨਤਾ ਰੱਖਦਾ ਹੈ। ਅਬਰਾਹਮਸ ਨੇ ਇਸ ਸੰਬੰਧ ਵਿਚ ਅਧਿਕਾਰੀਆਂ ਨੂੰ ਈ-ਵੀਜ਼ਾ ਦੇ ਨਾਲ ਡਾਕੂਮੈਂਟ ਦਿਖਾਏ ਪਰ ਏਅਰਪੋਰਟ ਅਥਾਰਿਟੀ ਨੇ ਮਨਾ ਕਰ ਦਿੱਤਾ। ਕੇਂਦਰੀ ਗ੍ਰਹਿ ਮੰਤਰਾਲੇ ਸੂਤਰਾਂ ਦਾ ਕਹਿਣਾ ਹੈ ਕਿ ਬ੍ਰਿਟਿਸ਼ ਸਾਂਸਦ ਦਾ ਈ-ਵੀਜ਼ਾ ਪਹਿਲਾਂ ਹੀ ਕੈਂਸਲ ਕਰ ਦਿੱਤਾ ਗਿਆ ਸੀ ਅਤੇ ਇਸ ਬਾਰੇ ਸੂਚਨਾ ਵੀ ਦਿੱਤੀ ਗਈ ਹੈ। ਜਦ ਉਹ ਇੰਦਰਾ ਗਾਂਧੀ ਏਅਰਪੋਰਟ ’ਤੇ ਆਈ ਤਾਂ ਉਨਾਂ ਦੇ ਕੋਲ ਵੀਜ਼ਾ ਨਹੀਂ ਸੀ। ਬ੍ਰਿਟੇਨ ਦੀ ਸਾਂਸਦ ਡੇਬੀ ਅਬਰਾਹਮਸ ਨੇ ਟਵੀਟ ਵਿਚ ਲਿਖਿਆ ਸੀ ਕਿ ਮੈਂ ਆਪਣੇ ਭਾਰਤੀ ਰਿਸ਼ਤੇਦਾਰਾਂ ਨੂੰ ਮਿਲਣ ਜਾ ਰਹੀ ਸੀ। ਮੇਰੇ ਨਾਲ ਭਾਰਤੀ ਸਟਾਫ਼ ਮੈਂਬਰ ਵੀ ਸਨ। ਮੈਂ ਰਾਜਨੀਤਕ ਆਵਾਜ਼ ਸਿਰਫ਼ ਮਨੁੱਖੀ ਅਧਿਕਾਰਾਂ ਲਈ ਉਠਾਈ ਸੀ ਤੇ ਮੈਂ ਆਪਣੀ ਸਰਕਾਰ ਦੇ ਖਿਲਾਫ਼ ਇਸ ਮੱਸਲੇ ’ਤੇ ਸੁਆਲ ਉਠਾਉਂਦੀ ਰਹਾਂਗੀ।

ਦੂਸਰੇ ਪਾਸੇ ਕਾਂਗਰਸ ਦੇ ਸੀਨੀਅਰ ਨੇਤਾ ਅਭਿਸ਼ੇਕ ਮਨੂ ਸਿੰਘਵੀ ਨੇ ਇਸ ਮਾਮਲੇ ਵਿਚ ਮੋਦੀ ਸਰਕਾਰ ਦੀ ਤਾਰੀਫ ਕੀਤੀ ਹੈ ਤੇ ਉਸ ਦਾ ਕਹਿਣਾ ਹੈ ਕਿ ਅਬਰਾਹਮਸ ਸਿਰਫ ਇਕ ਸਾਂਸਦ ਹੀ ਨਹੀਂ, ਪਾਕਿਸਤਾਨ ਦੀ ਪ੍ਰਤੀਨਿਧਤਾ ਵੀ ਕਰਦੀ ਹੈ ਤੇ ਉਸ ਦਾ ਸੰਬੰਧ ਆਈਐਸ ਦਾ ਨਾਲ ਹੈ। ਉਸ ਵੱਲੋਂ ਕਸ਼ਮੀਰ ਦੀ ਹਮਾਇਤ ਭਾਰਤ ਦੀ ਪ੍ਰਭੂਸੱਤਾ ਉੱਪਰ ਹਮਲਾ ਹੈ।

ਜੇਕਰ ਦੇਖਿਆ ਜਾਵੇ ਤਾਂ ਬ੍ਰਿਟੇਨ ਸਾਂਸਦ ਨੂੰ ਰੋਕਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਤੇ ਭਾਰਤ ਵਰਗੇ ਜਮਹੂਰੀਅਤ ਪਸੰਦ ਦੇਸ ਲਈ ਠੀਕ ਨਹੀਂ ਹੈ। ਧਾਰਾ 370 ਅਤੇ ਧਾਰਾ 35 ਨੂੰ ਖਤਮ ਕਰਨ ਬਾਰੇ ਉਸਾਰੂ ਬਹਿਸ ਜ਼ਰੂਰ ਹੋਣੀ ਚਾਹੀਦੀ ਹੈ। ਕਾਂਗਰਸ ਨੇ ਇਸ ਸੰਬੰਧ ਵਿਚ ਭਾਜਪਾ ਦਾ ਪੱਖ ਲੈ ਕੇ ਕੋਈ ਉਸਾਰੂ ਭੂਮਿਕਾ ਨਹੀਂ ਨਿਭਾਈ। ਇਹਨਾਂ ਦੋਵੇ ਧਰਾਵਾਂ, 370 ਅਤੇ 35, ਬਾਰੇ ਜਾਨਣਾ ਬਹੁਤ ਜ਼ਰੂਰੀ ਹੈ ਤਾਂ ਹੀ ਕਸ਼ਮੀਰ ਨਾਲ ਹੋਏ ਵਿਤਕਰੇ ਦਾ ਪਤਾ ਲੱਗ ਸਕੇਗਾ ਤੇ ਅਸੀਂ ਇੰਗਲੈਂਡ ਸਾਂਸਦ ਦੇ ਪੱਖ ਬਾਰੇ ਜਾਣ ਸਕਾਂਗੇ।



ਭਾਰਤੀ ਅਜ਼ਾਦੀ ਕਾਨੂੰਨ 1947 ਤਹਿਤ ਭਾਰਤ ਅਤੇ ਪਾਕਿਸਤਾਨ ਦੋ ਮੁਲਖ ਬਣਾ ਦਿੱਤੇ ਗਏ, ਜਿਹਨਾਂ ਨੂੰ ਪ੍ਰਭੂਸੱਤਾ ਹਾਸਲ ਸੀ। ਇਹਨਾਂ ਅੱਗੇ ਹੁਣ ਤਿੰਨ ਬਦਲ ਮੌਜੂਦ ਸਨ। ਇਸ ਕਨੂੰਨ ਤਹਿਤ ਇਹ ਅਜਾਦ ਮੁਲਖ ਦੇ ਤੌਰ ਤੇ ਆਪਣੀ ਖੁਦਮੁਖਤਿਆਰੀ ਨੂੰ ਕਾਇਮ ਰੱਖ ਸਕਦੀਆਂ ਸਨ, ਜਾਂ ਫਿਰ ਭਾਰਤ ਜਾਂ ਪਾਕਿਸਤਾਨ ਵਿੱਚੋਂ ਕਿਸੇ ਇੱਕ ਦੇ ਅਧਿਕਾਰਤ ਰਾਜ ਵਜੋਂ ਕਿਸੇ ਇੱਕ ਦੀ ਚੋਣ ਕਰਕੇ ਉਸ ਨਾਲ਼ ਰਲੇਵਾਂ ਕਰ ਸਕਦੀਆਂ ਸਨ। ਇਸੇ ਦੌਰਾਨ ਕਸ਼ਮੀਰ ਦੇ ਉਸ ਸਮੇਂ ਦੇ ਰਾਜਾ ਹਰੀ ਸਿੰਘ ਨੇ ਇਕ ਅਜ਼ਾਦ ਮੁਲਖ ਵਜੋਂ ਕਸ਼ਮੀਰ ਦੀ ਖੁਦਮੁਖਤਿਆਰੀ ਨੂੰ ਕਾਇਮ ਰੱਖਿਆ, ਪਰ ਪਾਕਿਸਤਾਨ ਦੀ ਸ਼ਹਿ ’ਤੇ ਇੱਕ ਕਬਾਇਲੀ ਹਮਲੇ ਦਾ ਸਾਹਮਣਾ ਕਰਦੇ ਹੋਏ ਆਪਣੀ ਖੁਦਮੁਖਤਿਆਰੀ ਨੂੰ ਬਚਾਉਣ ਲਈ ਉਸਨੇ ਭਾਰਤ ਤੋਂ ਮਦਦ ਲੈਣ ਲਈ ਭਾਰਤ ਨਾਲ਼ ਸਮਝੌਤਾ ਕੀਤਾ। ਇਹ ਕਸ਼ਮੀਰ ਦਾ ਭਾਰਤ ਵਿੱਚ ਰਲਣਾ ਨਹੀਂ ਸੀ ਸਗੋਂ ਭਾਰਤ ਨਾਲ਼ ਇਕ ਮੇਲ-ਜੋਲ ਸੀ, ਜਿਸ ਦਾ ਖਾਕਾ, ਸੰਧੀ ਮਹਾਰਾਜਾ ਹਰੀ ਸਿੰਘ ਦੇ ਨੁਮਾਇੰਦਿਆਂ ਦੁਆਰਾ ਤਿਆਰ ਕੀਤਾ ਗਿਆ ਅਤੇ ਇਹੋ ਧਾਰਾ 370 ਲਈ ਅਧਾਰ ਬਣਿਆ। ਇਸ ਤਹਿਤ ਕਸ਼ਮੀਰ ਭਾਰਤ ਵਿੱਚ ਰਲੇਗਾ ਪਰ ਨਾਲ਼ ਹੀ ਇੱਕ ਖੁਦਮੁਖਤਿਆਰ ਰਾਜ ਵੀ ਰਹੇਗਾ। ਕਸ਼ਮੀਰ ਦਾ ਆਪਣਾ ਵੱਖਰਾ ਸਵਿਧਾਨ ਹੋਵੇਗਾ। ਕਸ਼ਮੀਰ ਦਾ ਝੰਡਾ ਅਲੱਗ ਹੋਵੇਗਾ। ਕਸ਼ਮੀਰ ਅਸੈਂਬਲੀ ਕੋਲ ਸਾਰੀਆਂ ਤਾਕਤਾਂ ਹੋਣਗੀਆਂ ਸਿਰਫ਼ 3 ਵਿਭਾਗਾਂ (ਵਿਦੇਸ਼ੀ ਮਾਮਲੇ, ਸੰਚਾਰ, ਅਤੇ ਸੁਰੱਖਿਆ) ਨੂੰ ਛੱਡ ਕੇ। ਧਾਰਾ 370 ਭਾਰਤੀ ਸਵਿਧਾਨ ਵਿੱਚ 17 ਅਕਤੂਬਰ 1949 ਨੂੰ ਸ਼ਾਮਲ ਕੀਤੀ ਗਈ ।

ਧਾਰਾ35-ਏ ਕਾਨੂੰਨ ਰਾਸ਼ਟਰਪਤੀ ਦੇ ਹੁਕਮ ਤਹਿਤ, 1954 ਵਿੱਚ ਹੋਂਦ ਵਿੱਚ ਆਇਆ। ਇਸ ਨੂੰ ਲਿਆਉਣ ਪਿੱਛੇ ਇੱਕ ਕਾਰਨ ਸੀ। ਜੰਮੂ ਕਸ਼ਮੀਰ ਵਿੱਚ ਮਹਾਰਾਜਾ ਹਰੀ ਸਿੰਘ ਦੇ ਜਮਾਨੇ ਵਿਚ, ਸਟੇਟ ਸਬਜੈਕਟ ਦਾ ਕਾਨੂੰਨ, 1927 ਤੋਂ 1932 ਤੱਕ, ਲਿਆਂਦਾ ਗਿਆ ਸੀ ਜਿਸ ਦੀ ਰਾਖੀ ਕਰਨ ਲਈ, ਇਸ ਦਾ ਮਕਸਦ ਇਹ ਪੱਕਿਆਂ ਕਰਨਾ ਸੀ ਕਿ ਰਾਜਾਂ/ਰਿਆਸਤਾਂ ਦੀ ਆਪਣੀ ਵੱਖਰੀ ਹੋਂਦ ਹੈ, ਉਸ ਦੇ ਆਪਣੇ ਅਧਿਕਾਰ ਹਨ। ਸੋ ਰਾਸ਼ਟਰਪਤੀ ਦੇ ਹੁਕਮ ਤਹਿਤ ਜੋ ਕਿ ਆਰਟੀਕਲ 370 ਵਿਚੋਂ ਹੀ ਵਿਸਥਾਰਤ ਹੋ ਕੇ ਨਿੱਕਲੇ ਸਨ, ਅਜ਼ਾਦ ਸੂਬਿਆਂ ਨੂੰ ਇਹ ਤਾਕਤ ਦਿੱਤੀ ਗਈ ਸੀ ਕਿ ਉਹ ਆਪਣੇ ਕਾਨੂੰਨ ਬਣਾ ਸਕਦੇ ਹਨ ਅਤੇ ਆਪਣੇ ਇਹਨਾਂ ਕਾਨੂੰਨਾਂ ਦੀ ਰਾਖੀ ਕਰ ਸਕਦੇ ਹਨ। ਇਸ ਅਨੁਸਾਰ ਕਸ਼ਮੀਰ ਵਿੱਚ ਪੱਕੇ ਵਸਨੀਕ ਦਾ ਅੰਤਿਮ ਹੱਕ ਕਸ਼ਮੀਰ ਦੀ ਅਸੈਂਬਲੀ ਨੂੰ ਦਿੱਤਾ ਗਿਆ ਹੈ, ਪੱਕੇ ਵਸਨੀਕਾਂ ਸਬੰਧੀ ਸਾਰੇ ਮਸਲਿਆਂ ਨੂੰ ਉਹ ਤੈਅ ਕਰੇਗੀ, ਹੁਣ ਇਸ ਅਨੁਸਾਰ ਕਸ਼ਮੀਰ ਵਿੱਚ ਸਿਰਫ ਓਹੀ ਲੋਕ ਜਾਇਦਾਦ ਖਰੀਦ ਸਕਦੇ ਹਨ ਜੋ ਓਥੋਂ ਦੇ ਪੱਕੇ ਵਸਨੀਕ ਹਨ। ਇਸੇ ਕਾਨੂੰਨ ਤਹਿਤ ਕਸ਼ਮੀਰ ਵਿੱਚ ਨੌਕਰੀਆਂ ਵੀ ਪੱਕੇ ਵਸਨੀਕਾਂ ਨੂੰ ਹੀ ਮਿਲ਼ਣਗੀਆਂ। ਵਜੀਫੇ, ਅਤੇ ਹੋਰ ਸਰਕਾਰੀ ਸਹੂਲਤਾਂ ਆਦਿ ਉਥੋਂ ਦੇ ਪੱਕੇ ਵਸਨੀਕਾਂ ਨੂੰ ਦੇਣ ਦਾ ਹੱਕ ਓਥੋਂ ਦੀ ਅਸੈਂਬਲੀ ਕੋਲ ਹੀ ਹੈ। ਇਸ ਨੂੰ ਭਾਰਤ ਸਰਕਾਰ ਨੇ ਖਤਮ ਕਰ ਦਿੱਤਾ ਹੈ। ਕਸ਼ਮੀਰ ਦੇ ਲੋਕਾਂ ਦੀ ਆਵਾਜ਼ ਨੂੰ ਖਤਮ ਕਰਨ ਦੇ ਲਈ ਭਾਰੀ ਫੌਜ ਤੈਨਾਤ ਕਰ ਦਿੱਤੀ ਗਈ ਹੈ। ਜਦੋਂ ਜੀ ਆਵੇ ਤਾਂ ਇੰਟਰਨੈਟ ਬੰਦ ਕਰ ਦਿੱਤੇ ਜਾਂਦੇ ਹਨ। ਕਸ਼ਮੀਰ ਦੀ ਹਾਲਤ ਸੰਤਾਪ ਦੇ ਸਮਿਆਂ ਦੇ ਪੰਜਾਬ ਤੋਂ ਵੱਖਰੀ ਨਹੀਂ। ਕਸ਼ਮੀਰ ਵਿੱਚ ਲਗਾਤਾਰ ਕਈ ਦਹਾਕਿਆਂ ਤੋਂ ਫੌਜ ਦੀ ਤੈਨਾਤੀ ਕਰਕੇ, ਹਥਿਆਰਬੰਦ ਬਲ ਵਿਸ਼ੇਸ਼ ਤਾਕਤ ਕਾਨੂੰਨ”, ਕੌਮੀ ਸੁਰੱਖਿਆ ਕਾਨੂੰਨ, ਜਨਤਕ ਸੁਰਖਿਆ ਕਾਨੂੰਨ, ਵੱਖ-ਵੱਖ ਸੂਬਿਆਂ ਦੇ ਜਥੇਬੰਦ ਜੁਰਮ ਰੋਕਥਾਮ ਕਾਨੂੰਨ, ਆਦਿ ਤਰਾਂ ਤਰਾਂ ਦੇ ਕਾਲ਼ੇ ਕਨੂੰਨਾ ਦਾ ਆਸਰਾ ਲੈ ਕੇ, ਉਥੋਂ ਦੇ ਲੋਕਾਂ ਆਵਾਜ਼ ਰੋਕੀ ਗਈ ਹੈ। ਮਨੁੱਖੀ ਅਧਿਕਾਰਾਂ ਦੀਆਂ ਰਿਪੋਰਟਾਂ ਦੇ ਅਨੁਸਾਰ ਸੈਂਕੜਿਆਂ ਹੀ ਬੱਚਿਆਂ ਤੱਕ ਨੂੰ ਪੈਲੇਟ ਗੰਨਾਂ ਨਾਲ਼ ਵਿੰਨ ਦਿੱਤਾ ਗਿਆ, ਅੰਨਿਆਂ ਕਰ ਦਿੱਤਾ ਗਿਆ। ਇਸ ਬਾਰੇ ਕਈ ਫੋਟੋਆਂ ਇੰਟਰਨੈਟ ’ਤੇ ਮੌਜੂਦ ਹਨ। ਕਸ਼ਮੀਰ ਵਿਚ ਜਿਹਾਦੀ ਲਹਿਰ ਦਾ ਕਾਰਨ ਇਹੀ ਹੈ ਕਿ ਗੱਲਬਾਤ ਦੇ ਰਸਤੇ ਬੰਦ ਕੀਤੇ ਗਏ। ਜਦੋਂ ਰਾਸ਼ਟਰਵਾਦੀ ਪਾਰਟੀਆਂ ਕਸ਼ਮੀਰ ਨੂੰ ਦੇਸ਼ ਦੀ ਸੁਰੱਖਿਆ ਲਈ ਇੱਕ ਖਤਰੇ ਵਜੋਂ ਵੇਖਣ ਲੱਗਦੀਆਂ ਹਨ ਤਾਂ ਉਹ ਕਸ਼ਮੀਰ ਤੇ ਯਥਾਰਥ ਤੇ ਮੱਸਲੇ ਨੂੰ ਅੱਖੋਂ ਪਰੋਖੇ ਕਰਕੇ ਅਤੇ ਕਸ਼ਮੀਰੀਆਂ ਦੇ ਸੰਤਾਪ ਨੂੰ ਭੁੱਲ ਕੇ ਫਾਸ਼ੀਵਾਦੀ ਏਜੰਡੇ ਨੂੰ ਅਪਨਾ ਲੈਂਦੇ ਹਨ ਤਾਂ ਜੋ ਸੱਤਾ ਕਾਇਮ ਰੱਖੀ ਜਾ ਸਕੇ ਤੇ ਬਹੁਗਿਣਤੀ ਵੋਟ ਬੈਂਕ ਆਪਣੇ ਹੱਕ ਵਿਚ ਭੁਗਤਾਇਆ ਜਾ ਸਕੇ। ਨਵੰਬਰ 84 ਸਿੱਖ ਕਤਲੇਆਮ, ਜੂਨ 84 ਸਿੱਖ ਘੱਲੂਘਾਰਾ ਤੇ ਸਿੱਖ ਨਸਲਕੁਸ਼ੀ ਇਹੋ ਜਿਹੇ ਬਿਰਤਾਂਤ ਹਨ ਜੋ ਪੰਜਾਬ ਦੇ ਵੱਧ ਅਧਿਕਾਰਾਂ ਲਈ ਜੂਝ ਰਹੇ ਪੰਜਾਬੀਆਂ ਦੀ ਝੋਲੀ ਵਿਚ ਪਾਏ ਗਏ। ਭਾਰਤ ਦੀ ਮਜ਼ਬੂਤੀ ਸਿਰਫ ਪ੍ਰਾਂਤਾਂ ਦੀ ਖੁਦਮੁਖਤਿਆਰੀ ਵਿਚ ਹੈ, ਨਾ ਕਿ ਕੇਂਦਰੀਕਰਨ ਵਿਚ। ਕਸ਼ਮੀਰ ਤੇ ਪੰਜਾਬ ਤੇ ਹੋਰਨਾਂ ਸਟੇਟਾਂ ਦਾ ਵੀ ਇਹੀ ਮੱਸਲਾ ਹੈ, ਜਿਸ ਨੂੰ ਮੋਦੀ ਸਰਕਾਰ ਸਮਝੇ। ਇਸੇ ਸੰਦਰਭ ਵਿਚ ਹੀ ਬ੍ਰਿਟੇਨ ਸਾਂਸਦ ਦੇ ਵਿਚਾਰ ਨੂੰ ਸਮਝਣ ਦੀ ਲੋੜ ਹੈ।

# ਭਾਜਪਾ ਨੇ ਵੋਟ ਦੇ ਲਈ ਗੰਗਾ ਜਲ ਦੇ ਕੇ ਕਸਮਾਂ ਖੁਆਈਆਂ ਤੇ ਡਰਾਇਆ ਹਿੰਦੂ ਖਤਰੇ ’ਚ ਹੈ

**✪ ਪੋਲਿੰਗ ਬੂਥ ਵੜਨ ਦੇ ਸਮੇਂ ਜਾਂ ਬੂਥ ਦੇ ਬਾਹਰ ਵੋਟਰਾਂ ਤੋਂ ਜੈ ਸ੍ਰੀ ਰਾਮ ਦੇ ਨਾਅਰੇ ਲਗਾਏ ਗਏ ✪ ਦਲਿਤ ਵੋਟਰ ਆਪ ਦੇ ਹੱਕ ’ਚ ਭੁਗਤਿਆ, ਚੋਣ ਕਮਿਸ਼ਨ ਦਿੱਲੀ ’ਚ ਬੁਰੀ ਤਰਾਂ ਫੇਲ ਹੋਇਆ**

**- ਆਸ਼ੂਤੋਸ਼ ਪੱਤਰਕਾਰ**

ਹਿੰਦੂ ਧਰਮ ਖਤਰੇ ਵਿਚ ਹੈ ਇਹ ਨਾਅਰਾ ਹੁਣ ਤੱਕ ਭਾਰਤ ਵਿਚ ਨਹੀਂ ਲਗਾਇਆ ਗਿਆ। ਇਸ ਤਰਾਂ ਦਾ ਨਾਅਰਾ ਇਸਲਾਮ ਖਤਰੇ ਵਿਚ ਹੈ, ਮੁਸਲਿਮ ਦੇਸਾਂ ਵਿਚ ਤੇ ਭਾਰਤ ਦੇ ਕਈ ਹਲਕਿਆਂ ਵਿਚ ਲਗਦੇ ਰਹੇ ਹਨ। ਅਜ਼ਾਦੀ ਦੇ ਸਮੇਂ ਮੁਸਲਿਮ ਲੀਗ ਨੇ ਇਹ ਨਾਅਰੇ ਖੂਬ ਲਗਾਏ ਤੇ ਭਾਰਤ ਦੇ ਮੁਸਲਮਾਨਾਂ ਨੂੰ ਗੁਮਰਾਹ ਕਰਕੇ ਦੇਸ ਵੰਡ ਦੀ ਨੀਂਹ ਰੱਖੀ ਤੇ ਬਾਅਦ ਵਿਚ ਭਾਰਤ-ਪਾਕਿ ਹੋਂਦ ਵਿਚ ਆ ਗਏ। ਇਸਲਾਮ ਖਤਰੇ ਵਿਚ ਹੈ ਦੀ ਤਰਕ ’ਤੇ ਆਰ ਐਸ ਐਸ ਤੇ ਭਾਜਪਾ ਨੇ ਹਿੰਦੂ ਧਰਮ ਖਤਰੇ ’ਚ ਹੈ ਦਾ ਨਾਅਰਾ ਲਗਾਉਣਾ ਤੇ ਇਸ ਦੇ ਸਹਾਰੇ ਚੋਣ ਜਿੱਤਣ ਦੇ ਲਈ ਹਿੰਦੂਆਂ ਦੇ ਇਕ ਵੱਡੇ ਤਬਕੇ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ। ਹੁਣੇ ਜਿਹੇ ਦਿੱਲੀ ਦੀ ਚੋਣਾਂ ਵਿਚ ਭਾਜਪਾ ਤੇ ਆਰ ਐਸ ਐਸ ਦੇ ਲੋਕਾਂ ਨੇ ਪਾਰਟੀ ਦੇ ਪੱਖ ਵਿਚ ਵੋਟ ਪੁਆਉਣ ਦੇ ਲਈ ਕਿਸੇ ਵੀ ਹੱਦ ਤੱਕ ਲੋਕਾਂ ਦੇ ਦਿਮਾਗ ਨੂੰ ਜ਼ਹਿਰੀਲਾ ਕਰਨ ਦਾ ਕੰਮ ਕੀਤਾ। ਇਸ ਦਾ ਅਸਰ ਵੀ ਦਿਖਿਆ ਹੈ। ਇਸ ਨਾਲ ਦਿੱਲੀ ਵਿਚ ਭਾਜਪਾ ਦਾ ਵੋਟ ਸ਼ੇਅਰ 6 ਫੀਸਦੀ ਵਧਿਆ ਹੈ। ਇਸ ਤੋਂ ਭਾਜਪਾ ਖੁਸ਼ ਹੈ। ਅਸਲੀਅਤ ਇਹ ਹੈ ਕਿ ਭਾਜਪਾ ਦੀ ਅਗਵਾਈ ਨੂੰ ਜਨਵਰੀ ਦੇ ਮਹੀਨੇ ਵਿਚ ਹੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਆਮ ਆਦਮੀ ਪਾਰਟੀ ਬਹੁਤ ਮਜ਼ਬੂਤ ਸਥਿਤੀ ਵਿਚ ਹੈ ਤੇ ਹੋ ਸਕਦਾ ਹੈ ਕਿ ਭਾਜਪਾ ਇਸ ਵਾਰ ਆਪਣਾ ਖਾਤਾ ਵੀ ਨਾ ਖੋਲ ਸਕੇ। ਇਹ ਉਹ ਵਕਤ ਸੀ ਜਦ ਸੀ-ਵੋਟਰ ਦੇ ਸਰਵੇ ਨੇ ਦੱਸਿਆ ਸੀ ਕਿ ਆਪ ਪਾਰਟੀ ਤੇ ਭਾਜਪਾ ਵਿਚ 30 ਫੀਸਦੀ ਤੋਂ ਜ਼ਿਆਦਾ ਵੋਟਾਂ ਦਾ ਫਰਕ ਹੈ ਤੇ ਭਾਜਪਾ ਦਾ ਵੋਟ ਸ਼ੇਅਰ 32% ਖਿਸਕ ਕੇ 26% ਤੇ ਆ ਗਿਆ। ਭਾਜਪਾ ਸਮਰਥਕ ਇਕ ਵੱਡਾ ਮੱਧ ਵਰਗ ਆਪ ਪਾਰਟੀ ਵਲ ਖਿੱਚਿਆ ਗਿਆ ਹੈ। ਇਹ ਭਾਜਪਾ ਦੇ ਲਈ ਵੱਡੀ ਖਤਰੇ ਦੀ ਘੰਟੀ ਸੀ। ਭਾਜਪਾ ਤੇ ਆਰ ਐਸ ਐਸ ਦੇ ਪ੍ਰਮੁਖ ਨੇਤਾਵਾਂ ਦੀ ਜਾਣਕਾਰੀ ਵਿਚ ਜਦ ਇਹ ਗੱਲ ਆਈ ਤਾਂ ਫਿਰ ਆਪਣਾ ਵੋਟ ਬੈਂਕ ਵਧਾਉਣ ਤੇ ਜਿੱਤਣ ਦੇ ਲਈ ਰਣਨੀਤੀ ਬਣਾਈ। ਉਹ ਇਸ ਸਿੱਟੇ ’ਤੇ ਪਹੁੰਚੇ ਕਿ ਹਿੰਦੂ ਤੇ ਮੁਸਲਮਾਨ ਭਾਈਚਾਰੇ ਵਿਚ ਵੰਡੀ ਪਾਉਣ ਤੋਂ ਬਿਨਾਂ ਸਾਨੂੰ ਸਨਮਾਨਯੋਗ ਵੋਟ ਨਹੀਂ ਮਿਲੇਗਾ। ਭਾਜਪਾ ਦੀ ਏਨੀ ਹੀ ਕੋਸ਼ਿਸ਼ ਸੀ ਕਿ ਉਹ 15 ਤੋਂ 20 ਸੀਟਾਂ ਜਿੱਤ ਲਵੇ ਤਾਂ ਜੋ ਭਾਜਪਾ ਦੇ ਮੂੰਹ ’ਤੇ ਕਾਲਕ ਨਾ ਲੱਗੇ ਕਿ ਉਹ ਆਪ ਤੋਂ ਬੁਰੀ ਤਰਾਂ ਹਾਰ ਗਈ। ਇੱਥੋਂ ਤੱਕ ਭਾਜਪਾ ਦੇ ਸਮਰੱਥਕ ਆਪ ਨੂੰ ਵੋਟ ਦੇਣ ਦੇ ਹੱਕ ਵਿਚ ਸਨ। ਭਾਜਪਾ ਦੇ ਸੀਨੀਅਰ ਨੇਤਾਵਾਂ ਨੇ ਆਰ ਐਸ ਐਸ ਨਾਲ ਗੱਲ ਕਰਕੇ ਸੰਘ ਦੇ ਕੇਡਰ ਨੂੰ ਚੋਣ ਮੈਦਾਨ ਵਿਚ ਪ੍ਰਚਾਰ ਲਈ ਝੋਕਣ ਦਾ ਫੈਸਲਾ ਕੀਤਾ। ਫਿਰ ਵੋਟਰਾਂ ਨੂੰ ਆਪਣੇ ਵਲ ਮੋੜਨ ਦੀ ਜੋ ਰਣਨੀਤੀ ਬਣੀ, ਉਹ ਬਹੁਤ ਭਿਆਨਕ ਸੀ। 2013 ਤੋਂ ਤਿੰਨ ਚੋਣਾਂ ਲੜ ਚੁੱਕੇ ਜਾਂ ਲੜਾ ਚੁੱਕੇ ਕਈ ਉਮੀਦਵਾਰਾਂ ਤੇ ਨੇਤਾਵਾਂ ਨੇ ਦੱਸਿਆ ਕਿ ਇਸ ਵਾਰ ਜਿਸ ਤਰਾਂ ਨਾਲ ਭਾਜਪਾ ਤੇ ਸੰਘ ਪਰਿਵਾਰ ਨੇ ਪ੍ਰਚਾਰ ਕੀਤਾ, ਅਜਿਹਾ ਪਹਿਲਾਂ ਕਦੇ ਵੀ ਦੇਖਣ ਨੂੰ ਨਹੀਂ ਮਿਲਿਆ। ਰਣਨੀਤੀ ਤਹਿਤ ਹਿੰਦੂ ਵੋਟਰਾਂ ਨੂੰ ਧਰਮ ਦੇ ਨਾਮ ’ਤੇ ਸੰਗਠਿਤ ਕਰਨ ਦਾ ਕੰਮ ਕੀਤਾ ਗਿਆ। ਹਿੰਦੂਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਇਆ ਗਿਆ। ਉਨਾਂ ਨੂੰ ਮੁਸਲਿਮ ਭਾਈਚਾਰੇ ਦਾ ਡਰ ਦਿਖਾਇਆ ਗਿਆ ਤੇ ਕਿਹਾ ਗਿਆ ਕਿ ਮੁਸਲਮਾਨਾਂ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। ਜੇਕਰ ਅਜਿਹੀ ਸਥਿਤੀ ਰਹੀ ਤਾਂ ਹਿੰਦੂ ਭਾਰਤ ਵਿਚ ਘੱਟ ਗਿਣਤੀ ਹੋ ਜਾਣਗੇ। ਹਿੰਦੂ ਵੋਟਰਾਂ ਨੂੰ ਕਸ਼ਮੀਰ ਤੇ ਭਾਰਤ ਦੀ ਵੰਡ ਦੀ ਯਾਦ ਦਿਵਾਈ ਗਈ। ਇਹ ਵੀ ਕਿਹਾ ਗਿਆ ਕਿ ਕਸ਼ਮੀਰ ਵਿਚ ਪਹਿਲਾਂ ਹਿੰਦੂ ਬਹੁਗਿਣਤੀ ਵਿਚ ਸਨ, ਪਰ ਹੁਣ ਮੁਸਲਮਾਨਾਂ ਨੇ ਉਨਾਂ ਨੂੰ ਆਪਣੀ ਹੀ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਹੈ। ਕਸ਼ਮੀਰੀ ਪੰਡਤ ਆਪਣੇ ਦੇਸ ਵਿਚ ਬੇਘਰ ਹੋ ਗਏ ਹਨ। ਜੇਕਰ ਕੇਜਰੀਵਾਲ ਆ ਗਿਆ ਤਾਂ ਦਿੱਲੀ ਵੀ ਕਸ਼ਮੀਰ ਬਣ ਜਾਵੇਗੀ। ਫਿਰ ਵੰਡ ਦੀ ਯਾਦ ਦਿਵਾਈ ਗਈ ਤੇ ਕਿਹਾ ਗਿਆ ਕਿ ਜਿਵੇਂ ਮੁਸਲਮਾਨਾਂ ਨੇ ਹਿੰਦੂ ਘਰਾਂ ਵਿਚ ਵੜ ਕੇ ਸਾਡੀਆਂ ਮਾਂਵਾਂ ਭੈਣਾਂ ਨਾਲ ਬਲਾਤਕਾਰ ਕੀਤੇ ਗਏ, ਉਸੇ ਤਰਾਂ ਦਿੱਲੀ ਵਿਚ ਵੀ ਵਾਪਰੇਗਾ। ਆਮ ਕਰਕੇ ਸੰਘ ਪਰਿਵਾਰ ਵਾਲੇ ਪੁਛਦੇ ਸਨ ਕਿ ਕੀ ਕੇਜਰੀਵਾਲ ਦੇ ਦੋ ਤਿੰਨ ਹਜ਼ਾਰ ਰੁਪਏ ਲੈ ਕੇ ਤੁਸੀਂ ਆਪਣਾ ਇਮਾਨ ਵੇਚ ਦੇਵੋਗੇ ? ਨੂੰਹਾਂ ਧੀਆਂ ਦੀ ਇੱਜ਼ਤ ਖਤਰੇ ਵਿਚ ਪਾ ਦੇਵੋਗੇ ?

ਜਨਵਰੀ ਦੇ ਵਿਚਾਲੇ ਆਰ ਐਸ ਐਸ ਦੇ ਸਥਾਨਕ ਆਗੂਆਂ ਦੀ ਬੈਠਕ ਹੋਈ ਤੇ ਇਹ ਤੈਅ ਕੀਤਾ ਗਿਆ ਕਿ ਬਲਾਕ ਦੇ ਪੱਧਰ ’ਤੇ, ਪਿੰਡ ਦੇ ਪੱਧਰ ’ਤੇ ਤੇ ਅਪਾਰਟਮੈਂਟ ਦੇ ਪੱਧਰ ’ਤੇ ਸੰਘ ਦੇ ਨੇਤਾ ਤੇ ਵਰਕਰ ਪੰਦਰਾਂ-ਪੰਦਰਾਂ ਤੇ ਵੀਹ ਵੀਹ ਲੋਕਾਂ ਦੀ ਮੀਟਿੰਗ ਬੁਲਾਉਣਗੇ ਤੇ ਇਨਾਂ ਵਿਚ, ‘ਹਿੰਦੂ ਖਤਰੇ ਵਿਚ ਹੈ’ ਦੀ ਗੱਲ ਲੋਕਾਂ ਦੇ ਦਿਮਾਗ ਵਿਚ ਬਿਠਾਈ ਜਾਵੇਗੀ ਤੇ ਫਿਰ ਗੰਗਾ ਜਲ ਦੇ ਕੇ ਭਾਜਪਾ ਨੂੰ ਵੋਟ ਦੇਣ ਲਈ ਖਸਮ ਖੁਆਈ ਜਾਵੇਗੀ। ਇਸ ਦੇ ਲਈ ਆਲੇ-ਦੁਆਲੇ ਦੇ ਪ੍ਰਦੇਸਾਂ ਤੋਂ ਜਾਤੀ ਵਿਸ਼ੇਸ਼ ਦੇ ਲੋਕਾਂ ਨੂੰ ਦਿੱਲੀ ਵਿਚ ਬੁਲਾਇਆ ਗਿਆ ਤੇ ਉਨਾਂ ਦੀ ਜਾਤੀ ਦੇ ਲੋਕਾਂ ਦੇ ਵਿਚ ਭੇਜਿਆ ਗਿਆ ਤਾਂ ਜੋ ਭਾਜਪਾ ਦੀ ਇਸ ਨੀਤੀ ਨੂੰ ਲਾਗੂ ਕੀਤਾ ਜਾਵੇ। ਆਪਣੇ ਆਪਣੇ ਇਲਾਕਿਆਂ ਵਿਚ ਇਸ ਰਣਨੀਤੀ ਦੇ ਤਹਿਤ 20-20 ਤੇ 50-50 ਹਿੰਦੂਆਂ ਦੀ ਮੀਟਿੰਗ ਬੁਲਾਈ ਗਈ। ਬੈਠਕਾਂ ਵਿਚ ਦੱਸਿਆ ਗਿਆ ਕੇਜਰੀਵਾਲ ਨੂੰ ਵੋਟ ਨਾ ਦੇਵੋ, ਕਿਉਂਕਿ ਉਹ ਹਿੰਦੂ ਧਰਮ ਨੂੰ ਨੁਕਸਾਨ ਪਹੁੰਚਾਏਗਾ। ਕੇਜਰੀਵਾਲ ਸ਼ਾਹੀਨ ਬਾਗ ਦਾ ਸਮਰਥਕ ਹੈ। ਜੇਕਰ ਜਿੱਤ ਗਿਆ ਤਾਂ ਦਿੱਲੀ ਹਰ ਜਗਾ ਸ਼ਾਹੀਨ ਬਾਗ ਬਣ ਜਾਵੇਗਾ। ਇਹ ਦੇਸ ਨੂੰ ਤੋੜਨ ਦੀ ਸਾਜ਼ਿਸ਼ ਹੈ। ਇਸ ਸੰਦਰਭ ਵਿਚ ਭਾਜਪਾ ਸਾਂਸਦ ਪ੍ਰਵੇਸ਼ ਵਰਮਾ ਨੇ ਚੋਣਾਂ ਸਮੇਂ ਮੁਸਲਮਾਨ ਭਾਈਚਾਰੇ ਵਿਰੁਧ ਇਹ ਬਿਆਨ ਦਿੱਤਾ ਸੀ, ‘ਇਹ ਲੋਕ ਸਾਡੇ ਘਰਾਂ ਵਿਚ ਵੜਨਗੇ, ਸਾਡੀਆਂ ਲੜਕੀਆਂ ਨਾਲ ਬਲਾਤਕਾਰ ਕਰਨਗੇ’। ਸਾਰੇ ਟੀਵੀ ਚੈਨਲਾਂ ’ਤੇ ਇਹ ਖ਼ਬਰ ਖੂਬ ਪ੍ਰਚਾਰੀ ਗਈ। ਅੱਜ ਤੱਕ ਚੈਨਲ ’ਤੇ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੂੰ ਡਿਬੇਟ ਦੌਰਾਨ ਚੀਕ ਚੀਕ ਕੇ ਕਿਹਾ ਕਿ ਹਿੰਦੂਓ ਜਾਗੋ, ਹਿੰਦੂਓ ਜਾਗੋ ! ਭਾਜਪਾ ਦੇ ਸਮਰਥਕ ਅਜਿਹੇ ਭੜਕਾਊ ਬਿਆਨ ਦਿੰਦੇ ਰਹਿੰਦੇ ਹਨ, ਪਰ ਭਾਜਪਾ ਦੇ ਰਾਸ਼ਟਰੀ ਬੁਲਾਰੇ ਤੇ ਸਾਂਸਦ ਦਾ ਇਸ ਤਰਾਂ ਦਾ ਭੜਕਾਊ ਬਿਆਨ ਦੇਣਾ ਲੋਕਤੰਤਰ ਲਈ ਖਤਰਨਾਕ ਹੈ।

ਇਹਨਾਂ ਮੀਟਿੰਗਾਂ ਵਿਚ ਹਿੰਦੂ ਖਤਰੇ ਵਿਚ ਹੈ, ਨੂੰ ਦਿਮਾਗ ਵਿਚ ਬਿਠਾਉਣ ਦੇ ਬਾਅਦ ਭਾਜਪਾ ਤੇ ਸੰਘ ਦੇ ਨੇਤਾ ਆਪਣੀ ਜੇਬ ਵਿਚੋਂ ਇਕ ਥੈਲੀ ਕੱਢਦਾ ਸੀ, ਇਸ ਥੈਲੀ ਵਿਚ ਗੰਗਾ ਜਲ ਹੁੰਦਾ ਸੀ। ਬੈਠਕ ਵਿਚ ਮੌਜੂਦ ਲੋਕਾਂ ਨੂੰ ਇਹ ਗੰਗਾ ਜਲ ਛਕਾਇਆ ਜਾਂਦਾ ਸੀ ਤੇ ਫਿਰ ਹਿੰਦੂ ਹੋਣ ਦੀ ਕਸਮ ਖੁਆਈ ਜਾਂਦੀ ਸੀ ਤੇ ਅਖਵਾਇਆ ਜਾਂਦਾ ਸੀ ਕਿ ਅਸੀਂ ਹਿੰਦੂ ਹਾਂ ਤੇ ਹਿੰਦੂ ਧਰਮ ਦੀ ਰੱਖਿਆ ਕਰਾਂਗੇ।

ਇਸ ਦੇ ਨਾਲ ਭਾਜਪਾ ਨੂੰ ਵੋਟ ਦੇਣ ਦੀ ਕਸਮ ਖੁਆਈ ਜਾਂਦੀ ਸੀ। ਖਾਸ ਕਰਕੇ ਦਿੱਲੀ ਦਿਹਾਤੀ ਦੇ ਇਲਾਕੇ ਵਿਚ ਇਹ ਕਾਰਜ ਵੱਡੀ ਗਿਣਤੀ ਵਿਚ ਕੀਤਾ ਗਿਆ। ਪੂਰਬੀ ਦਿੱਲੀ ਤੇ ਉਤਰ ਪੂਰਬੀ ਦਿੱਲੀ ਵਿਚ ਵੀ ਇਹ ਕਸਮਾਂ ਖੁਆਈਆਂ ਗਈਆਂ। ਉੱਤਰ ਪੂਰਬੀ ਦਿੱਲੀ ਦੀਆਂ ਜ਼ਿਆਦਾਤਰ ਕਲੋਨੀਆਂ ਵਿਚ ਗੰਗਾ ਜਲ ਦੇ ਨਾਲ-ਨਾਲ ਕਾਂਸ਼ੀ ਵਿਸ਼ਵਾਨਾਥ ਮੰਦਰ ਭਬੂਤੀ ਵੀ ਵੋਟਰਾਂ ਦੇ ਮੱਥੇ ’ਤੇ ਲਗਾਈ ਗਈ ਤੇ ਬਾਬਾ ਵਿਸ਼ਵਨਾਥ ਦੀ ਸਹੁੰ ਖੁਆਈ ਗਈ। ਜਦ ਇਹ ਲੋਕ ਵੋਟ ਦੇਣ ਲਈ ਜਾ ਰਹੇ ਸਨ ਤਦ ਲਗਾਤਾਰ ਉਨਾਂ ਨੂੰ ਗੰਗਾ ਦੀ ਖਸਮ ਦੀ ਯਾਦ

## 21 ਫਰਵਰੀ ਨੂੰ ਸਾਕਾ ਨਨਕਾਣਾ ਸਾਹਿਬ 'ਤੇ ਵਿਸ਼ੇਸ਼

# ਮੁੜ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕਰਨ ਦੀ ਲੋੜ



**-ਇਕਵਾਕ ਸਿੰਘ ਪੱਟੀ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਣ ਜਨਮ ਅਸਥਾਨ ਗੁ. ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਆਜ਼ਾਦ ਕਰਵਾਉਣ ਵੇਲੇ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਅੱਜ ਵੀ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਨ ਦੇ ਕੇਂਦਰ ਵੱਜੋਂ ਪੇਸ਼ ਕਰਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ। ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬੱਦਤਰ ਹਾਲਾਤ ਉਸ ਸਥਾਨ ਤੇ ਬਣਾ ਛੱਡੇ ਸਨ। ਹੁਣ ਕੇਵਲ ਉੱਥੇ ਕੰਜਰੀਆਂ ਦਾ ਨਾਚ ਹੀ ਨਹੀਂ ਸੀ ਹੁੰਦਾ ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੇ ਇੱਜ਼ਤ ਵੀ ਮਹਿਫੂਸ ਨਹੀਂ ਸੀ ਰਹੀ। ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਵਰਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਘਟੀਆ ਕੁਕਰਮ (ਬਲਾਤਕਾਰ) ਕੀਤਾ। ਇਸੇ ਹੀ ਸਾਲ ਪੂਰਨਾਮਸੀ ਦੀ ਇੱਕ ਰਾਤ ਨੂੰ ਜਿਲਾ ਲਾਇਲਪੁਰ ਦੇ ਜੜਾਂ ਵਾਲੇ ਇਲਾਕੇ ਦੀਆਂ 6 ਬੀਬੀਆਂ ਜੋ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿੱਤ ਪੁਜੀਆਂ ਉਹਨਾਂ ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜੱਦ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਹਿੱਤ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4,5,6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸਦਣ ਬਾਰੇ ਵੀਚਾਰ ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਮਹੰਤ ਨਰਾਇਣ ਦਾਸ ਬਾਰੇ ਵੀਚਾਰ ਕੀਤਾ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ ਕਿਉਂ ਜੁ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰਾਂ ਕਿਸੇ ਵੀ ਤਰਾਂ ਦੀ ਕੋਈ ਸ਼ਿਕਾਇਤਿ ਨਹੀਂ ਆਵੇਗੀ।

ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ ਕਰਕੇ ਸੱਭ ਗੁਰਮਤ ਸੁਧਾਰਕਾਂ ਨੂੰ ਖਤਮ ਕਰ ਦੇਣਾ ਹੈ। ਇਸ ਲਈ ਉਸਨੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖਾਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਹਨਾਂ ਨੇ 17 ਫਰਵਰੀ 1921 ਨੂੰ ਇੱਕ ਵਿਸ਼ੇਟਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ।

ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿੱਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿੱਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ।

ਮਿਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ ਉਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਅਤੇ ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ ਦੇ ਮਾਹਾਂਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ ਤੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ ਉਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ।ੳ ਇਸ ਤਰਾਂ ਭਾਈ ਲਛਮਣ ਸਿੰਘ ਜੀ ਦਾ ਜੱਥਾ ਸ਼ਬਦ ਪੜਦਾ ਹੋਇਆ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਣ ਸਰੂਪ ਵਿੱਚ ਵੀ ਕਈ ਗੋਲੀਆਂ ਲੰਘੀਆਂ। ਇਹ ਸੀ ਜ਼ੁਲਮ ਦੀ ਇੰਤਹਾ ਸੀ। ਇਸੇ ਤਰਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ ਤਾਂ ਉਹਨਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ ਜੋ ਕਿ ਇੱਕ ਅਲਮਾਰੀ ਵਿੱਚ ਬੰਦ ਸੀ ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਸੀ।

ਗੁ. ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਤਰਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖਾਂ ਨੂੰ ਸੌਪੀਆਂ ਅਤੇ ਅੰਗਰੇਜ ਸਰਕਾਰ ਵੱਲੋਂ ਮੌਕੇ ਤੇ ਫਰਾਰ ਹੋਏ ਮਹੰਤ ਨੂੰ ਵੀ ਸਖਤ ਸਜ਼ਾ ਦਿੱਤੀ ਗਈ। ਇਸ ਤਰਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰਮਰਿਯਾਦਾ ਬਹਾਲ ਕੀਤੀ ਗਈ।

ਅੱਜ ਅਸੀਂ ਗੁਰਧਾਮਾਂ ਲਈ ਕੀਤੀਆਂ ਗਈਆਂ ਉਹਨਾਂ ਮਹਾਨ ਸ਼ਹਾਦਤਾਂ ਨੂੰ ਯਾਦ ਕਰ ਕੇ ਇੱਕ ਵਾਰ ਨਿਰਪੱਖ ਹੋ ਕੇ ਆਪਣੇ ਮਨ ਅੰਦਰ ਵੀਚਾਰ ਕਰਨੀ ਹੈ ਅਤੇ ਕੁੱਝ ਕੁ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਨੀ ਹੈ ਕਿ ਅੱਜ ਵੀ ਸਾਡੇ ਇਤਿਹਾਸਕ ਗੁਰਦੁਆਰਿਆਂ ਵਿੱਚ ਜਾਂ ਹੋਰ ਗੁਰਧਾਮਾਂ ਵਿੱਚ ਨਿਰੋਲ ਗੁਰਮਤਿ ਦੀ ਗੱਲ ਹੋ ਰਹੀ ਹੈ ਜਾਂ ਨਹੀਂ? ਕਿਤੇ ਅੱਜ ਫਿਰ ਸਾਨੂੰ ਗੁਰਧਾਮ ਆਜ਼ਾਦ ਕਰਨ ਦੀ ਲੋੜ ਹੈ ਜਾਂ ਨਹੀਂ? ਕੀ ਅੱਜ ਵੀ ਗੁਰਧਾਮਾਂ ਵਿੱਚ ਬਾਬੇ ਨਾਨਕ ਦੀ ਸੱਚੀ ਸੁੱਚੀ ਅਤੇ ਮਾਨਵਤਾ ਦੇ ਭਲੇ ਲਈ ਦਿੱਤੀ ਗਈ ਜੀਵਣ ਜਾਂਚ ਅਤੇ ਹੋਰ ਕਾਰਜ ਹੋ ਰਹੇ ਹਨ? ਹੋਰ ਵੀ ਅਨੇਕਾਂ ਸਵਾਲ ਹਨ ਕਿਉਂਕਿ ਐਸਾ ਪ੍ਰਤੀਤ ਹੋ ਰਿਹਾ ਹੈ ਕਿ ਬਾਬਾ ਨਾਨਕ ਜੀ ਨੇ ਇਸ ਧਰਮਸ਼ਾਲਾ ਨੂੰ ਸਾਰਿਆਂ ਲਈ ਸਾਂਝਾ ਬਣਾਇਆ ਸੀ ਅਤੇ ਅਸੀਂ ਸਿਰਫ ਆਪਣੀ ਨਿੱਜੀ ਚੌਧਰ ਅਤੇ ਆਪਣੀ ਹਊਮੈ ਨੂੰ ਪੱਠੇ ਪਾਉਣ ਲਈ ਬਾਬੇ ਨਾਨਕ ਦੀਆਂ ਧਰਮਸ਼ਾਲਾਵਾਂ (ਗੁਰਦੁਆਰਿਆਂ) ਨੂੰ ਵੀ ਜਾਤਾਂ-ਪਾਤਾਂ ਵਿੱਚ ਵੰਡ ਛੱਡਿਐ। ਅੱਜ ਗੁਰਦੁਆਰਾ ਗੁਰੂ ਦਾ ਦੁਆਰ ਨਾ ਹੋ ਕੇ ਰਵੀਦਾਸੀਆਂ ਦਾ, ਵਾਲਮੀਕੀਆਂ ਦਾ, ਜੱਟਾਂ ਦਾ ਰਾਮਗੜੀਆਂ ਦਾ, ਛੀਂਬਿਆਂ ਦਾ, ਮਜਬੀ ਸਿੱਖਾਂ ਦਾ ਬਣ ਚੁੱਕਾ ਹੈ। ਅੱਜ ਬ੍ਰਹਾਮਣਵਾਦੀ ਕਰਮਕਾਂਢ, ਹੋਰ ਅੰਧਵਿਸ਼ਵਾਸ਼ ਦੀਆਂ ਗੱਲਾਂ, ਮਨਮੱਤ, ਕੱਚ ਘਰੜ ਸਾਖੀਆਂ, ਗੁਰਮਤਿ ਵਿਰੋਧੀਆਂ ਪ੍ਰਚਾਰ, ਗੁਰਮਤਿ ਵਿਰੋਧੀਆਂ ਗਤੀਵਿਧੀਆਂ ਵੀ ਗੁਰਦੁਆਰਾ ਸਾਹਿਬ ਤੋਂ ਹੋਣ ਲੱਗ ਪਈਆਂ ਹਨ। ਬੇਸ਼ੱਕ ਕੁੱਝ ਕੁ ਪ੍ਰਬੰਧਕ ਕਮੇਟੀਆਂ ਬਹੁਤ ਸੁਚਾਰੂ ਕੰਮ ਕਰ ਰਹੀਆਂ ਹਨ, ਪਰ ਬਹੁਤੀਆਂ ਤਾਂ ਗੋਲਕ ਤੱਕ ਸੀਮਿਤ ਹੋ ਕੇ ਰਹਿ ਗਈਆਂ ਹਨ। ਇੱਥੋਂ ਤੱਕ ਕੇ ਮਹੰਤਾਂ ਕੋਲ ਅਜ਼ਾਦ ਕਰਵਾ ਕੇ ਗੁਰਦੁਆਰਿਆਂ ਦਾ ਪ੍ਰਬੰਧ ਸੁਚਾਰੂ ਅਤੇ ਯੋਗ ਢੰਗ ਨਾਲ ਚਲਾਉਣ ਲਈ ਬਣਾਈ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਵੀ ਵੱਡੇ-ਵੱਡੇ ਪ੍ਰਸ਼ਨ ਚਿੰਨ ਲੱਗ ਗਏ ਹਨ।

ਅੱਜ ਗੁਰਦੁਆਰਿਆਂ ਵਿੱਚ ਫਿਰ ਗੁਰਮਤਿ ਵਿਰੋਧੀ ਕਾਰਜ ਹੋਣ ਲੱਗ ਪਏ ਹਨ ਅਤੇ ਇਸ ਸੱਭ ਨੂੰ ਸੁਧਾਰ ਕਰਨ ਲਈ ਮੁੜ ਤੋਂ ਇੱਕ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕਰਨ ਦੀ ਲੋੜ ਪੈਦਾ ਹੋ ਚੁੱਕੀ ਹੈ। ਇਸ ਲਈ ਸਾਨੂੰ ਸਾਰੇ ਹੀ ਜਾਗਰੂਕ ਸਿੱਖਾਂ ਨੂੰ ਛੇਤੀ ਹੀ ਇੱਕ ਸਾਂਝੇ ਮੰਚ ਤੇ ਇਕੱਠੇ ਹੋ ਕੇ ਕਾਰਜ ਕਰਨਾ ਚਾਹੀਦਾ ਹੈ। ਗੁਰੂ ਭਲੀ ਕਰੇ।

# ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਵਾ ਕੇ ਹੀ ਸਾਹ ਲਵਾਂਗਾ

ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਣ, ਸ਼੍ਰੋਮਣੀ ਕਮੇਟੀ ਨੂੰ ਸਿਆਸੀ ਗਲਬੇ ਤੋਂ ਮੁਕਤ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਜਮਹੂਰੀ ਕਦਰਾਂ ਕੀਮਤਾਂ ਦੀ ਬਹਾਲੀ ਲਈ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਬਗਾਵਤ ਕਰਨ ਵਾਲੇ ਸੀਨੀਅਰ ਅਕਾਲੀ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨਾਲ ਜਲੰਧਰ ਵਿਚ ਮੁਲਾਕਾਤ ਹੋਈ। ਉਨਾਂ ਦਾ ਕਹਿਣਾ ਸੀ ਕਿ ਉਨਾਂ ਦਾ ਮੁੱਖ ਉਦੇਸ਼ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਵਾਉਣਾ ਤੇ ਪੰਥ ਦੇ ਹਵਾਲੇ ਕਰਨਾ ਹੈ। ਉਨਾਂ ਨਾਲ ਹੋਈ ਮੁਲਾਕਾਤ ਦੇ ਪ੍ਰਮੁੱਖ ਅੰਸ਼ ਪਾਠਕਾਂ ਦੇ ਹਿੱਤ ਵਿਚ ਪੇਸ਼ ਕੀਤੇ ਜਾ ਰਹੇ ਹਨ। ਸੁਰਿੰਦਰਪਾਲ ਸਿੰਘ ਗੋਲਡੀ ਨੇ ਉਨਾਂ ਨਾਲ ਇਹ ਮੁਲਾਕਾਤ ਕੀਤੀ -

ਸੁਆਲ-ਤੁਹਾਡਾ ਪਹਿਲਾ ਨਿਸ਼ਾਨਾ ਕੀ ਹੈ? ਬਾਦਲਾਂ ਨਾਲ ਤੁਹਾਡੀ ਅਣਬਣ ਕਿਉਂ ਹੈ? ਤੁਸੀਂ ਆਉਣ ਵਾਲੀਆਂ ਚੋਣਾਂ 'ਚ ਕਿਸ ਨਾਲ ਗੱਠਜੋੜ ਕਰੋਗੇ?

ਜੁਆਬ-ਪਹਿਲਾ ਨਿਸ਼ਾਨਾ ਬਾਦਲਾਂ ਦੇ ਕਬਜ਼ੇ ਵਿਚੋਂ ਸ਼੍ਰੋਮਣੀ ਕਮੇਟੀ ਨੂੰ ਮੁਕਤ ਕਰਵਾਉਣਾ ਹੈ। ਸ਼੍ਰੋਮਣੀ ਕਮੇਟੀ ਵਿਚ ਕੰਮ ਸਹੀ ਤਰੀਕੇ ਨਾਲ ਨਹੀਂ ਚੱਲ ਰਿਹਾ। ਸਿੱਖ ਸੰਸਥਾਵਾਂ ਅੰਦਰ ਬਾਦਲਾਂ ਦੀ ਦਖ਼ਲ ਅੰਦਾਜ਼ੀ ਵਧ ਰਹੀ ਹੈ। ਇਹ ਸੰਸਥਾਵਾਂ ਆਪਣੇ ਮਕਸਦ ਤੋਂ ਭਟਕ ਗਈਆਂ ਹਨ ਤੇ ਸੰਗਤਾਂ ਦੇ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ। ਅੱਜ ਦਾ ਨੌਜਵਾਨ ਨਸ਼ਿਆਂ ਅਤੇ ਪਤਿਤਪੁਣੇ ਦਾ ਸ਼ਿਕਾਰ ਹੋ ਕੇ ਮਨਮੁਖ ਹੋ ਰਿਹਾ ਹੈ, ਜਦਕਿ ਚਾਹੀਦਾ ਤਾਂ ਇਹ ਸੀ ਕਿ ਸਿੱਖ ਸੰਸਥਾਵਾਂ ਨੌਜਵਾਨਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਬਣਾਉਣ ਲਈ ਯਤਨ ਕਰਦੀਆਂ ਪਰ ਅਜਿਹਾ ਨਹੀਂ ਹੋ ਸਕਿਆ ਤੇ ਇਸ ਤਰਾਂ ਦੇ ਵਰਤਾਰੇ ਨੂੰ ਦੇਖ ਕੇ ਹਰ ਸਿੱਖ ਦਾ ਮਨ ਵਲੂੰਧਰਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਧਾਰਮਿਕ ਪ੍ਰਚਾਰ ਤੇ ਪ੍ਰਸਾਰ ਕਰਨ ਦੀ ਥਾਂ ਅਕਾਲੀ ਦਲ ਬਾਦਲ ਦਾ ਗੁਣਗਾਣ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਨੂੰ ਬੁਰੀ ਤਰਾਂ ਲੁੱਟਿਆ ਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸੁਲਤਾਨਪੁਰ ਲੋਧੀ ਵਿਖੇ ਹੋਏ ਸਮਾਗਮਾਂ ਦੌਰਾਨ ਲਾਏ ਟੈਂਟ ਵਿਚ ਹੀ ਕਰੋੜਾਂ ਰੁਪਏ ਦਾ ਘਪਲਾ ਕੀਤਾ ਗਿਆ ਹੈ। ਇਸੇ ਲਈ ਮੈਂ ਪੰਥ ਨੂੰ ਬਾਦਲਾਂ ਪ੍ਰਤੀ ਸੁਚੇਤ ਕਰ ਰਿਹਾ ਹਾਂ। ਪੰਥ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਦੇ ਕਬਜ਼ੇ ਵਿਚੋਂ ਛੁਡਵਾਉਣਾ ਚਾਹੁੰਦਾ ਹੈ ਤੇ ਮੈਂ ਇਸ ਸੰਬੰਧੀ ਸਰਗਰਮ ਹਾਂ। ਅਕਾਲੀ ਦਲ ਟਕਸਾਲੀ ਅਤੇ ਅਕਾਲੀ ਦਲ 1920 ਇਕੱਠੇ ਹਨ ਤੇ ਸਾਬਕਾ ਵਿਧਾਇਕ ਐੱਚ.ਐੱਸ. ਫੂਲਕਾ ਵੀ ਸਾਡੇ ਨਾਲ਼ ਹਨ।

ਇਸ ਨਾਲ ਅਕਾਲ ਤਖ਼ਤ ਸਾਹਿਬ ਦੀ ਪਹਿਲਾਂ ਵਾਲੀ ਮਾਣ ਮਰਿਆਦਾ



ਬਹਾਲ ਕਰਵਾਈ ਜਾ ਸਕਦੀ ਹੈ। ਮੇਰੀ ਅਣਬਣ ਜਾਂ ਵਿਰੋਧ ਬਾਦਲ ਪਰਿਵਾਰ ਨਾਲ ਇਸ ਕਰਕੇ ਹੈ ਕਿਉਂਕਿ ਉਹ ਕਾਂਗਰਸ ਨਾਲ ਤਾਲਮੇਲ ਕਰਕੇ ਚਲ ਰਹੇ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਤੇ ਬਾਦਲਾਂ ਨੂੰ ਛੱਡ ਕੇ ਕਿਸੇ ਵੀ ਹਮਖ਼ਿਆਲੀ ਧਿਰ ਨਾਲ ਚੋਣ ਗੱਠਜੋੜ ਕੀਤਾ ਜਾ ਸਕਦਾ ਹੈ। ਅਸੀਂ ਵਿਧਾਨ ਸਭਾ ਚੋਣਾਂ ਲੜਾਂਗੇ ਤੇ ਕੈਪਟਨ-ਸੁਖਬੀਰ 'ਗੱਠਜੋੜ' ਨੂੰ ਮਾਤ ਦੇਣ ਲਈ ਹਮਖਿਆਲੀ ਧਿਰਾਂ ਨੂੰ ਅਪੀਲ ਕਰਾਂਗੇ।

ਸੁਆਲ-ਕੀ ਤੁਸੀਂ ਭਾਜਪਾ ਜਾਂ ਆਪ ਨਾਲ ਚੋਣ ਸਮਝੌਤਾ ਕਰੋਗੇ?

ਜੁਆਬ-ਭਾਜਪਾ ਅਤੇ 'ਆਪ' ਨਾਲ਼ ਚੋਣ ਸਮਝੌਤਾ ਹੋਣ ਦੀਆਂ ਸੰਭਾਵਨਾਵਾਂ ਨੂੰ ਹਾਲ ਦੀ ਘੜੀ ਅਸੀਂ ਰੱਦ ਨਹੀਂ ਕਰ ਸਕਦੇ। ਵਕਤ ਆਉਣ 'ਤੇ ਫੈਸਲਾ ਕਰਾਂਗੇ। ਅਜੇ ਇਨਾਂ ਵਿਚੋਂ ਮੇਰੀ ਕਿਸੇ ਨਾਲ਼ ਕੋਈ ਗੱਲਬਾਤ ਨਹੀਂ ਹੋਈ।

ਸੁਆਲ-ਬੋਨੀ ਅਜਨਾਲਾ ਤਾਂ ਬਾਦਲਾਂ ਨਾਲ ਚਲਾ ਗਿਆ ਹੈ ਤੇ ਤੁਹਾਡੇ ਮਿਸ਼ਨ ਦਾ ਕੀ ਬਣੇਗਾ?

ਜੁਆਬ-ਟਕਸਾਲੀ ਆਗੂ ਰਤਨ ਸਿੰਘ ਅਜਨਾਲਾ ਦਾ ਲੜਕਾ ਬੋਨੀ ਅਜਨਾਲਾ ਹੀ ਬਾਦਲ ਖੇਮੇ ਵਿਚ ਗਿਆ ਹੈ ਜਦਕਿ ਡਾ. ਅਜਨਾਲਾ ਅੱਜ ਵੀ ਟਕਸਾਲੀ ਅਕਾਲੀ ਦਲ ਦਾ ਹਿੱਸਾ ਹਨ ਅਤੇ ਖ਼ੁਦ ਅਜਨਾਲਾ ਨੇ ਫੋਨ ਕਰਕੇ ਉਨਾਂ ਵੱਲੋਂ ਉਠਾਏ ਮੁੱਦਿਆਂ 'ਤੇ ਖੜਨ ਦਾ ਭਰੋਸਾ ਦਿੱਤਾ ਹੈ। ਇਸ ਸੰਬੰਧ ਵਿਚ ਘਬਰਾਉਣ ਦੀ ਲੋੜ ਨਹੀਂ। ਬਹੁਤ ਸਾਰੇ ਅਕਾਲੀ ਪਿਛੋਕੜ ਵਾਲੇ ਸੀਨੀਅਰ ਲੀਡਰ ਸਾਡੇ ਮੁਹਾਜ ਵਿਚ ਸ਼ਾਮਲ ਹੋਣਗੇ, ਜੋ ਅਸੀਂ ਬਾਦਲ ਦਲ ਖਿਲਾਫ਼ ਆਰੰਭਿਆ ਹੈ। ਅਸੀਂ ਪੰਥ ਤੇ ਪੰਜਾਬ ਦੀ ਸ਼ਾਨ ਬਣਾਉਣ ਲਈ ਵਚਨਬੱਧ ਹਾਂ। ਲੋਕਾਂ ਦੀ ਸ਼ਕਤੀ ਅੱਗੇ ਕੋਈ ਵੀ ਤਾਕਤ ਕੰਮ ਨਹੀਂ ਕਰਦੀ ਤੇ ਅਸੀਂ ਲੋਕਾਂ ਦੇ ਸਾਥ ਨਾਲ ਆਪਣੇ ਮਕਸਦ ਵਿਚ ਜ਼ਰੂਰ ਕਾਮਯਾਬ ਹੋਣਗੇ। ਸਾਡੇ ਵਲੋਂ ਆਰੰਭੀ ਗਈ ਮੁਹਿੰਮ ਨੂੰ ਸਮਾਜ ਦੇ ਹਰ ਵਰਗ ਦੇ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ ਤੇ ਜਦੋਂ ਲੋਕ ਕੋਈ ਵੀ ਗੱਲ ਆਪਣੇ ਮਨ ਵਿਚ ਧਾਰ ਲੈਂਦੇ ਹਨ ਤੇ ਫਿਰ ਉਸ ਨੂੰ ਕੋਈ ਵੀ ਤਾਕਤ ਨਹੀਂ ਰੋਕ ਸਕਦੀ।

ਇਥੇ ਹੀ ਬੱਸ ਨਹੀਂ ਪਾਰਟੀ ਦੇ ਅੰਦਰ ਵੀ ਜਮਹੂਰੀਅਤ ਦਾ ਘਾਣ ਕੀਤਾ ਜਾਣ ਲੱਗਾ ਤੇ ਜ਼ਿਲਾ ਜਥੇਦਾਰਾਂ ਤੋਂ ਲੈ ਕੇ ਹਲਕਾ ਇੰਚਾਰਜ ਵੀ ਆਪਣੀ ਮਰਜ਼ੀ ਨਾਲ ਲਗਾਏ ਜਾਣ ਲੱਗੇ। ਪਾਰਟੀ ਦਾ ਪੁਰਾਣਾ ਸਰੂਪ ਬਹਾਲ ਕਰਵਾਉਣ ਲਈ ਉਹ ਆਪਣਾ ਸੰਘਰਸ਼ ਤੇਜ਼ ਕਰਨਗੇ। ਸ਼੍ਰੋਮਣੀ ਅਕਾਲੀ ਦਲ ਅੰਦਰ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ ਹੈ ਤੇ ਸਭ ਕੁਝ ਇਕੋ ਸੁਖਬੀਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਇਕ ਡੇਰੇ ਦੇ ਮੁਖੀ ਨੂੰ ਮੁਆਫ਼ੀ ਤੋਂ ਲੈ ਕੇ ਹੋਰਨਾਂ ਧਾਰਮਿਕ ਮੁੱਦਿਆਂ 'ਤੇ ਵੀ ਕਿਸੇ ਤੋਂ ਰਾਇ ਲੈਣ ਦੀ ਲੋੜ ਨਹੀਂ ਸਮਝੀ ਗਈ।

## 27-28 ਫਰਵਰੀ ਨੂੰ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਸੰਬੰਧੀ ਸਮਾਗਮ ’ਤੇ ਵਿਸ਼ੇਸ਼

# ਕਾਰਸੇਵਾ ਖਡੂਰ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਵਿਕਾਸ ਕਾਰਜਾਂ ਨੂੰ ਦੇਣ

**-ਜਸਵੀਰ ਸਿੰਘ**

ਖਡੂਰ ਸਾਹਿਬ ਇਤਿਹਾਸਕ ਮਹੱਤਵ ਵਾਲਾ ਕਸਬਾ ਹੈ। ਜਿਨਾਂ ਸ਼ਹਿਰਾਂ, ਪਿੰਡਾਂ ਜਾਂ ਕਸਬਿਆਂ ਨਾਲ ਕਿਸੇ ਮਹਾਨ ਧਾਰਮਿਕ ਸ਼ਖ਼ਸੀਅਤ ਦਾ ਨਾਂ ਜੁੜ ਜਾਵੇ ਉਨਾਂ ਦੀ ਹੋਂਦ ਹਸਤੀ ਗੂੜੀ ਅਤੇ ਭਰੀ-ਭਰੀ ਹੋ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਕਸਬਾ ਖਡੂਰ ਸਾਹਿਬ ਭਾਗਾਂ ਭਰਿਆ ਹੈ। ਖਡੂਰ ਸਾਹਿਬ ਨੂੰ ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ।ਇਸ ਤੋਂ ਇਲਾਵਾ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਅਤੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਇਥੇ ਕਾਫੀ ਲੰਮਾ ਸਮਾਂ ਸਿੱਖ ਧਰਮ ਦਾ ਪ੍ਰਚਾਰ ਕੀਤਾ । ਖਡੂਰ ਸਾਹਿਬ ਦੇ ਚੱਪੇ-ਚੱਪੇ ਨੂੰ ਗੁਰੂ ਸਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ । ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਆਪ ਹੀ ਇਥੇ ਨਿਸ਼ਕਾਮ ਸੇਵਾ ਦੇ ਵੱਖ ਵੱਖ ਕਾਰਜ ਅਰੰਭੇ। ਸੇਵਾ ਦੀ ਇਹ ਨਿਸ਼ਕਾਮ ਭਾਵਨਾ ਹੀ ਬਾਅਦ ਵਿਚ ਸੰਤ ਮਾਹਾਂਪੁਰਸ਼ਾਂ ਦੇ ਸਮੇਂ ਕਾਰਸੇਵਾ ਵਜੋਂ ਰੁਪਾਂਤਰਿਤ ਹੁੰਦੀ ਹੈ।

ਇਤਿਹਾਸਕ ਤੱਥਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜਕਾਲ ਦੌਰਾਨ ਬਹੁਤ ਸਾਰੇ ਗੁਰਧਾਮਾਂ ਦੀ ਕਾਰਸੇਵਾ ਕਰਵਾਈ। ਸਿੱਖ ਰਾਜਕਾਲ ਦੇ ਜਾਣ ਤੋਂ ਬਾਅਦ ਇਤਿਹਾਸਕ ਧਾਰਮਿਕ ਸਥਾਨਾਂ ਦੀ ਹਾਲਤ ਇਕ ਵਾਰ ਫਿਰ ਮੰਦੀ ਹੋ ਗਈ। ਇਸ ਨੂੰ ਸੁਧਾਰਨ ਲਈ ਕਾਰ ਸੇਵਾ ਵਾਲੇ ਮਹਾਂਪੁਰਖਾਂ ਬਾਬਾ ਗੁਰਮੁਖ ਸਿੰਘ ਅਤੇ ਬਾਬਾ ਸਾਧੂ ਸਿੰਘ ਜੀ ਨੇ ਮੁੜ ਕਾਰਸੇਵਾ ਦਾ ਕਾਰਜ ਸ਼ੁਰੂ ਕੀਤਾ। ਦੋਵਾਂ ਮਹਾਂ ਪੁਰਖਾਂ ਨੇ ਬਾਬਾ ਬੀਰਮ ਦਾਸ ਦੀ ਪ੍ਰੇਰਣਾ ਅਤੇ ਬਾਬਾ ਸ਼ਾਮ ਸਿੰਘ ਜੀ ਅਮ੍ਰਿਤਸਰ ਵਾਲਿਆਂ ਦੇ ਸਹਿਯੋਗ ਨਾਲ ਸ੍ਰੀ ਸੰਤੋਖਸਰ ਸਰੋਵਰ ਦੀ ਕਾਰਸੇਵਾ ਤੋਂ ਆਧੁਨਿਕ ਕਾਰਸੇਵਾ ਦਾ ਆਰੰਭ ਕੀਤਾ ਅਤੇ ਬਾਅਦ ਵਿਚ ਕਾਰਸੇਵਾ ਦਾ ਇਹ ਕਾਰਜ ਸਮੁੱਚੇ ਇਤਿਹਾਸਕ ਗੁਰਧਾਮਾਂ ਤੱਕ ਫੈਲ ਗਿਆ। ਬਾਬਾ ਗੁਰਮੁਖ ਸਿੰਘ ਅਤੇ ਬਾਬਾ ਸਾਧੂ ਸਿੰਘ ਵਲੋਂ ਚਲਾਈ ਗਈ ਇਸ ਕਾਰ ਸੇਵਾ ਪ੍ਰੰਪਰਾ ਦੇ ਪੈਰੋਕਾਰ ਬਾਬਾ ਬਚਨ ਸਿੰਘ ਦਿੱਲੀ ਵਾਲੇ, ਬਾਬਾ ਜਗਤਾਰ ਸਿੰਘ ਤਰਨਤਾਰ ਵਾਲੇ, ਬਾਬਾ ਨਰਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਬਾਬਾ ਅਜੀਤ ਸਿੰਘ ਸਰਸੇ ਵਾਲੇ ਅਤੇ ਬਾਬਾ ਸਤਨਾਮ ਸਿੰਘ ਗੁਰੂ ਕੇ ਬਾਗ ਵਾਲੇ ਪੂਰੇ ਦੇਸ਼ ਵਿਚ ਕਾਰਸੇਵਾ ਦੇ ਕਾਰਜ ਨਿਭਾ ਰਹੇ ਹਨ।

ਖਡੂਰ ਸਾਹਿਬ ਦੀ ਸੰਗਤ ਦੀ ਬੇਨਤੀ ਤੇ ਬਾਬਾ ਗੁਰਮੁਖ ਸਿੰਘ ਅਤੇ ਬਾਬਾ ਸਾਧੂ ਸਿੰਘ ਜੀ ਵਲੋਂ ਇਥੋਂ ਦੇ ਇਤਿਹਾਸਕ ਧਾਰਮਿਕ ਸਥਾਨਾਂ ਦੀ ਕਾਰਸੇਵਾ ਦਾ ਆਰੰਭ 1932-33ਵਿਚ ਕੀਤਾ ਗਿਆ। ਬਾਬਾ ਗੁਰਮੁਖ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਾਬਾ ਝੰਡਾ ਸਿੰਘ, ਬਾਬਾ ਉਤਮ ਸਿੰਘ ਅਤੇ ਫਿਰ ਬਾਬਾ ਸੇਵਾ ਸਿੰਘ ਜੀ ਵਲੋਂ ਕਾਰਸੇਵਾ ਦਾ ਮਹਾਨ ਕਾਰਜ ਨੂੰ ਅਗੇ ਤੋਰਿਆ ਗਿਆ। ਗੁਰਧਾਮਾਂ ਦੀ ਕਾਰਸੇਵਾ ਦੇ ਇਸ ਕਾਰਜ ਦੇ ਨਾਲ ਨਾਲ ਬਾਬਾ ਉਤਮ ਸਿੰਘ ਜੀ ਵੇਲੇ 1969 ਵਿਚ ਵਿੱਦਿਅਕ ਸੰਸਥਾਵਾਂ ਦੇ ਨਿਰਮਾਣ ਅਤੇ ਅਤੇ ਇਨਾਂ ਨੂੰ ਯੋਗ ਢੰਗ ਨਾਲ ਚਲਾਉਣ ਦਾ ਕਾਰਜ ਵੀ ਸ਼ੁਰੂ ਕੀਤਾ ਗਿਆ ।

ਵਿਦਿਆ ਦੇ ਖੇਤਰ ਵਿਚ ਯੋਗਦਾਨ: ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਮੌਕੇ 1969 ਵਿਚ ਬਾਬਾ ਉੱਤਮ ਸਿੰਘ ਹੁਰਾਂ ਨੇ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਕਾਲਜ ਦੀ ਸਥਾਪਨਾ ਕੀਤੀ। ਇਹ ਕਦਮ ਗੁਰੂ ਅੰਗਦ ਦੇਵ ਜੀ ਵਲੋਂ ਗੁਰਮੁਖੀ ਲਿੱਪੀ ਦੀ ਸੇਵਾ ਦੀ ਸੇਧ ਵਿਚ ਹੀ ਸੀ।ਗੁਰੂ ਅੰਗਦ ਦੇਵ ਕਾਲਜ ਹੁਣ ਵਿਦਿਆਰਥੀਆਂ ਨੂੰ ਕੁਝ ਵੋਕੇਸ਼ਨਲ ਕੋਰਸਾਂ ਸਮੇਤ ਪ੍ਰਫੈਸ਼ਨਲ ਕੋਰਸਾਂ ਅਤੇ ਉੱਚ ਵਿਦਿਆ ਪ੍ਰਦਾਨ ਕਰਨ ਦੇ ਮਾਮਲੇ ਵਿਚ ਅਹਿਮ ਯੋਗਦਾਨ ਪਾ ਰਿਹਾ ਹੈ। ਇਸ ਤੋਂ ਪਿੱਛੋਂ ਬਾਬਾ ਉੱਤਮ ਸਿੰਘ ਹੁਰਾਂ ਨੇ ਇਸ ਇਤਿਹਾਸਕ ਕਸਬੇ ਵਿਚ 1984 ਵਿਚ ਸੀਨੀਅਰ ਸਕੈਂਡਰੀ ਸਕੂਲ ਦੀ ਸਥਾਪਨਾ ਕੀਤੀ ਜਿਸ ਨੂੰ ਹੁਣ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸਕੂਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। 1987 ਵਿਚ ਕਾਰਸੇਵਾ ਖਡੂਰ ਸਾਹਿਬ ਵਲੋਂ ਬਾਬਾ ਉਤਮ ਸਿੰਘ ਜੀ ਦੀ ਅਗਵਾਈ ਵਿਚ ਕਸਬਾ ਕਰਤਾਰਪੁਰ ਵਿਖੇ ਗੁਰੂ ਅਰਜਨ ਦੇਵ ਸੀਨੀਅਰ ਸਕੈਂਡਰੀ ਸਕੂਲ ਖੋਲਿਆ ਗਿਆ। ਇਹ ਸਕੂਲ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੋਂ ਮਾਨਤਾ ਪ੍ਰਾਪਤ ਹੈ। ਇਥੇ ਨਾਨ ਮੈਡੀਕਲ,ਮੈਡੀਕਲ,ਕਾਮਰਸ ਅਤੇ ਹਿਊਮੈਨਿਟੀ ਆਦਿ ਵਿਸ਼ਿਆਂ ਦੀ ਵਿੱਦਿਆ ਦਿੱਤੀ ਜਾਂਦੀ ਹੈ। ਧਾਰਮਿਕ,ਸਭਿਆਚਾਰਕ ਅਤੇ ਖੇਡ ਸਰਗਰਮੀਆਂ ਦਾ ਪ੍ਰਬੰਧ ਹੈ।



ਬਾਬਾ ਗੁਰਮੁਖ ਸਿੰਘ



ਬਾਬਾ ਝੰਡਾ ਸਿੰਘ



ਬਾਬਾ ਸਾਧੂ ਸਿੰਘ



ਬਾਬਾ ਉੱਤਮ ਸਿੰਘ

2004 ਵਿਚ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨਾਲ ਸੰਬੰਧਤ ਸ਼ਤਾਬਦੀ ਸਮਾਗਮ ਨੂੰ ਧਿਆਨ ਵਿਚ ਰੱਖਦਿਆਂ ਵਾਤਾਵਰਣ ਅਤੇ ਵਿਦਿਅਕ ਖੇਤਰ ਵਿਚ ਬਹੁਤ ਸਾਰੀਆਂ ਯੋਜਨਾਵਾਂ ਉਲੀਕੀਆਂ ਗਈਆਂ।ਇਨਾਂ ਯੋਜਨਾਵਾਂ ਤਹਿਤ ਬਣਨ ਵਾਲੀਆਂ ਸੰਸਥਾਵਾਂ ਨੂੰ ਸਹੀ ਤਰਤੀਬ ਦੇਣ ਲਈ ਨਿਸ਼ਾਨ-ਏ-ਸਿੱਖੀ ਟਰਸਟ ਦੀ ਸਥਾਪਨਾ ਕੀਤੀ ਗਈ। ਇਸੇ ਸਾਲ 8 ਮੰਜਲਾ ਨਿਸ਼ਾਨ-ਏ-ਸਿੱਖੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ 2006 ਵਿਚ ਇਮਾਰਤ ਦੀ ਉਸਾਰੀ ਦਾ ਕਾਰਜ ਆਰੰਭ ਹੋਇਆ।ਇਸ ਇਮਾਰਤ ਦੀ ਬੇਸਮੈਂਟ ਵਿਚ ਮਲਟੀਮੀਡੀਆ ਆਡੀਟੋਰੀਅਮ ਬਣਾਇਆ ਗਿਆ ਹੈ ਅਤੇ ਗਰਾਊਂਡ ਫਲੋਰ ’ਤੇ ਪ੍ਰਸ਼ਾਸਕੀ ਵਿਭਾਗ ਦੇ ਦਫਤਰ ਹਨ। ਪਹਿਲੀ ਮੰਜ਼ਿਲ ਤੇ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟਡੀਜ਼ ਅਤੇ ਅਗਲੀਆਂ ਮੰਜ਼ਿਲਾਂ ਤੇ ਇੰਸਟੀਚਿਊਟ ਆਫ ਸਾਇੰਸ ਸਟਡੀਜ਼, ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼ ਅਤੇ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਐਂਡ ਟਰੇਨਿੰਗ(ਐਨ.ਡੀ.ਏ) ਆਦਿ ਸਥਾਪਿਤ ਹਨ। ਇਹ ਸਾਰੇ ਸਿਸਟਰ ਇੰਸਟੀਚਿਊਟ ਹਨ। ਇਨਾਂ ਪ੍ਰਜੈਕਟਾਂ ਦੇ ਤਹਿਤ ਹੀ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸੀਨੀਅਰ ਸਕੈਂਡਰੀ ਸਕੂਲ ਦੀ ਸਥਾਪਨਾ ਕੀਤੀ ਗਈ। ਇਹ ਸਕੂਲ ਵੀ ਮਿਆਰੀ ਸਿੱਖਿਆ ਦੇ ਮਾਮਲੇ ਵਿਚ ਨਵੇਂ ਦਿਸਹੱਦੇ ਸਥਾਪਤ ਕਰ ਰਿਹਾ ਹੈ। ਇਵੇਂ ਕੈਰੀਅਰ ਅਤੇ ਕੋਰਸਿਜ਼ ਵਿਭਾਗ ਅਤੇ ਐਨ.ਡੀ.ਏ ਵਿੰਗ ਨੌਜਵਾਨ ਬੱਚਿਆਂ ਨੂੰ ਉੱਚ ਸੇਵਾਵਾਂ ਵਾਲੇ ਅਹੁਦਿਆਂ ’ਤੇ ਪਹੁੰਚਾਉਣ ਵਿਚ ਅਹਿਮ ਭੂਮਿਕਾ ਅਦਾ ਕਰ ਰਹੇ ਹਨ।

ਉਪਰੋਕਤ ਤੋਂ ਇਲਾਵਾ ਬਾਬਾ ਸੇਵਾ ਸਿੰਘ ਜੀ ਦੀ ਅਗਵਾਈ ਵਿਚ ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ (ਬੀ.ਐਡ) ਦੀ ਸਥਾਪਨਾ ਕੀਤੀ ਗਈ। ਇਹ ਪ੍ਰਾਜੈਕਟ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸ਼ਤਾਬਦੀ ਸਮਾਰੋਹਾਂ ਨੂੰ ਹੀ ਸਮਰਪਤ ਸੀ। ਇਸ ਸੰਸਥਾ ਵਲੋਂ ਬੀ.ਐਡ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਅਤੇ ਅਤੇ ਡੀ.ਐਲ.ਡੀ ਦੀ ਡਿਗਰੀ ਨੈਸ਼ਨਲ ਕੌਂਸਲ ਆਫ ਟੀਚਰ ਐਜੂਕੇਸ਼ਨ ਜੈਪੁਰ ਤੋਂ ਕਰਵਾਈ ਜਾ ਰਹੀ ਹੈ। ਦੋਨਾ ਕੋਰਸਾਂ ਵਿਚ ਹਰ ਸਾਲ 50-50 ਸੀਟਾਂ ਹੁੰਦੀਆਂ ਹਨ।

ਪੰਜਾਬ ਤੋਂ ਇਲਾਵਾ ਮੱਧ ਪ੍ਰਦੇਸ਼ ਦੇ ਪਿੰਡ ਗੁਰਸੌਂਹਦੀ ਵਿਖੇ ਸਾਲ 2000 ਵਿਚ, ਇਥੇ ਵਸਦੇ ਸਿੱਖ ਬੱਚਿਆਂ ਦੇ ਪ੍ਰਿਵਾਰਾਂ ਨੂੰ ਧਿਆਨ ਵਿਚ ਰੱਖ ਕੇ ਅਕੈਡਮੀ ਖੋਲੀ ਗਈ। ਇਹ ਅਕੈਡਮੀ ਦਸਵੀਂ ਕਲਾਸ ਤੱਕ ਵਿਦਿਆ ਪ੍ਰਦਾਨ ਕਰਦੀ ਹੈ ਅਤੇ ਚੰਗੇ ਅਧਾਰ ਢਾਂਚੇ ਅਤੇ ਸਹੂਲਤਾਂ ਨਾਲ ਲੈਸ ਹੈ। ਮੱਧ ਪ੍ਰਦੇਸ਼ ਦੇ ਹੀ ਜ਼ਿਲਾ ਭਿੰਡ ਵਿਚ ਬੂਟੀ ਕੂਹੀਆਂ ਵਿਖੇ ਵੀ ਇਕ ਸਕੂਲ ਖੋਲਿਆ ਗਿਆ ਹੈ। ਇਸੇ ਤਰਾਂ ਰਾਜਸਥਾਨ ਦੇ ਸ਼ੋਪੁਰ ਵਿਚ ਇਕ ਸੀਨੀਅਰ ਸਕੈਂਡਰੀ ਸਕੂਲ ਦੀ ਸਥਾਪਨਾ ਕੀਤੀ ਗਈ । 2004 ਵਿਚ ਪਿੰਡ ਮੋਹਣਾ ਜ਼ਿਲਾ ਗਵਾਲੀਅਰ ਵਿਚ ਕਾਰਸੇਵਾ ਖਡੂਰ ਸਾਹਿਬ ਵਲੋਂ ਇਕ ਵਿਦਿਅਕ ਅਕੈਡਮੀ ਦੀ ਸਥਾਪਨਾ ਕੀਤੀ ਗਈ। ਇਹ ਅਕੈਡਮੀ ਮੈਟਰਿਕ ਤੱਕ ਹੈ।

ਗੁਰੂ ਸਾਹਿਬ ਵਲੋਂ ਆਰੰਭੀ ਗਈ ਮੱਲ ਅਖਾੜਿਆਂ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਅਤੇ ਬੱਚਿਆਂ ਦੀ ਸਰੀਰਕ ਸਿਹਤ ਦੀ ਮਜ਼ਬੂਤੀ ਲਈ ਸਾਲ 2006 ਵਿਚ ਸੰਤ ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਦੀ ਸਥਾਪਨਾ ਕੀਤੀ ਗਈ। ਇਸ ਅਕੈਡਮੀ ਵਿਚ ਅੰਡਰ 14 ਤੋਂ ਲੈ ਕੇ ਅੰਡਰ 19 ਤੱਕ ਚਾਰ ਟੀਮਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ। ਇਥੇ ਖਿਡਾਰੀਆਂ ਦੀ ਰਿਹਾਇਸ਼,ਪੜਾਈ,ਖਾਣਾ,ਖੇਡਣ ਦਾ ਸਾਮਾਨ,ਅਸਟਰੋਟਰਫ ਗਰਾਊਂਡ ਤੋਂ ਇਲਾਵਾ ਆਵਾਜਾਈ ਦੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।ਇਸ ਹਾਕੀ ਅਕੈਡਮੀ ਨੇ ਰਾਜ ਅਤੇ ਕੌਮੀ ਪੱਧਰ ‘ਤੇ ਚੰਗੀਆਂ ਮੱਲਾਂ ਮਾਰੀਆਂ ਹਨ ਅਤੇ ਅਕੈਡਮੀ ਨਾਲ ਸਬੰਧਤ ਕਈ ਖਿਡਾਰੀ ਕੌਮਾਂਤਰੀ ਪੱਧਰ ‘ਤੇ ਖੇਡ ਰਹੇ ਹਨ।

ਵਾਆਵਰਣ ਦੇ ਖੇਤਰ ਵਿਚ ਯੋਗਦਾਨ: ਸਾਲ 2004 ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ 400 ਸਾਲਾ ਸ਼ਤਾਬਦੀ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਲਗਪਗ ਪੰਜ ਸਾਲ ਪਹਿਲਾਂ ਸੰਨ 1999 ਤੋਂ ਕਾਰ ਸੇਵਾ ਵੱਲੋਂ ਪੰਜ ਕਾਰਜ ਉਲੀਕੇ ਗਏ, ਜਿੰਨਾਂ ਵਿੱਚੋਂ ਇਕ ਕਾਰਜ ਵਾਤਾਵਰਣ ਸੰਬੰਧੀ ਯੋਜਨਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸ ਪ੍ਰਜੈਕਟ ਦੇ ਤਹਿਤ ਖਡੂਰ ਸਾਹਿਬ ਨੂੰ ਆਉਂਦੀਆਂ ਸਾਰੀਆਂ ਸੜਕਾਂ, ਤਰਨ ਤਾਰਨ ਸਾਹਿਬ ਤੋਂ ਖਡੂਰ ਸਾਹਿਬ, ਖਿਲਚੀਆਂ ਤੋਂ ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ, ਵੈਰੋਵਾਲ ਤੋਂ ਖਡੂਰ ਸਾਹਿਬ, ਜੰਡਿਆਲਾ ਤੋਂ ਖਡੂਰ ਸਾਹਿਬ, ਰਈਆ ਤੋਂ ਖਡੂਰ ਸਾਹਿਬ ਅਤੇ ਤਰਨ ਤਾਰਨ ਸਾਹਿਬ ਤੋਂ ਖਡੂਰ ਸਾਹਿਬ (ਵਾਇਆ ਵੇਂਈਪੂੰਈਂ) ਸੜਕਾਂ ਦੇ ਕਿਨਾਰਿਆਂ ‘ਤੇ ਬੂਟੇ ਲਗਾਏ ਗਏ। ਪਿੰਡਾਂ ਦੀਆਂ ਜਨਤਕ ਥਾਵਾਂ ਵਿੱਚ ਦਰਖਤ ਲਗਾਏ ਗਏ।

ਬੂਟਿਆਂ ਨੂੰ ਤਿਆਰ ਕਰਨ ਦੇ ਵਾਸਤੇ ਕਾਰ ਸੇਵਾ ਖਡੂਰ ਸਾਹਿਬ ਵਲੋਂ ਦੋ ਨਰਸਰੀਆਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਇੱਕ ਨਰਸਰੀ ਖਡੂਰ ਸਾਹਿਬ ਅਤੇ ਦੂਜੀ ਨਰਸਰੀ ਗਵਾਲੀਅਰ (ਮੱਧ-ਪ੍ਰਦੇਸ) ਵਿਖੇ ਹੈ। ਇਹਨਾਂ ਨਰਸਰੀਆਂ ਵਿੱਚ ਬੂਟਿਆਂ ਨੂੰ ਤਿਆਰ ਕੀਤਾ ਜਾਂਦਾ ਹੈ। ਕਈ ਤਰਾਂ ਦੇ ਛਾਂ-ਦਾਰ, ਫੁੱਲ ਦਾਰ, ਫਲ ਦਾਰ ਬੂਟੇ ਜੋ ਇਹਨਾਂ ਵਿੱਚ ਤਿਆਰ ਹੁੰਦੇ ਹਨ। ਜੋ ਬਾਅਦ ਵਿੱਚ ਕਾਰ ਸੇਵਾ ਖਡੂਰ ਸਾਹਿਬ ਵਲੋਂ ਵੱਖ-ਵੱਖ ਥਾਵਾਂ ਤੇ ਲਗਾਏ ਜਾਂਦੇ ਹਨ।

ਕਾਰ ਸੇਵਾ ਖਡੂਰ ਸਾਹਿਬ ਵਲੋਂ ਬਾਗ ਬਾਬਾ ਸਾਧੂ ਸਿੰਘ ਜੀ ਗੁਰਦੁਆਰਾ ਤਪਿਆਣਾ ਸਾਹਿਬ ਖਡੂਰ ਸਾਹਿਬ ਦੇ ਨਜ਼ਦੀਕ ਲਗਾਇਆ ਗਿਆ ਹੈ। ਜਿਸ ਵਿੱਚ 36 ਪ੍ਰਕਾਰ ਦੇ ਫਲ ਤਿਆਰ ਹੁੰਦੇ ਹਨ। ਇਸ ਬਾਗ ਦੇ ਫ਼ਲ ਲੰਗਰ ਵਿੱਚ ਪ੍ਰਸ਼ਾਦ ਦੇ ਰੂਪ ਵਿੱਚ ਵਰਤਾਏ ਜਾਂਦੇ ਹਨ। ਇਸ ਮਿਸਾਲ ਨੇ ਇਲਾਕੇ ਦੇ ਲੋਕਾਂ ਨੂੰ ਵੀ ਬਾਗ ਲਾਉਣ ਲਈ ਉਤਸ਼ਾਹਿਤ ਕੀਤਾ ਹੈ।

ਪਿੰਡ ਮੰਡਾਲਾ ਵਿਖੇ ਜੈਵਿਕ (ਆਰਗੈਨਿਕ) ਖੇਤੀ ਆਰੰਭ ਕੀਤੀ ਗਈ ਹੈ। ਇਸ ਵਿਚ ਖੇਤੀ ਨੂੰ ਦਵਾਈਆਂ ਅਤੇ ਖਾਦਾਂ ਆਦਿ ਤੋਂ ਮੁਕਤ ਕੀਤਾ ਗਿਆ। ਕਾਰ ਸੇਵਾ ਖਡੂਰ ਸਾਹਿਬ ਹਰ ਕਿਸਾਨ ਨੂੰ ਅਜਿਹੀ ਖੇਤੀ ਕਰਨ ਲਈ ਪ੍ਰੇਰਿਤ ਕਰ ਰਹੀ ਹੈ।

ਗੁਰੂ ਸਾਹਿਬਾਨ ਦੇ ਨਾਂ ‘ਤੇ 10 ਪਾਰਕਾਂ ਦੀ ਸਥਾਪਨਾ: ਗਵਾਲੀਅਰ ਵਿਖੇ ਸਪੈਸ਼ਲ ਏਰੀਆ ਡਿਵੈਲਪਮੈਂਟ ਅਥਾਰਟੀ ਵਲੋਂ ਇੱਕ ਨਵਾਂ ਸ਼ਹਿਰ, ‘ਨਿਊ ਗਵਾਲੀਅਰ’ ਵਸਾਇਆ ਜਾ ਰਿਹਾ ਹੈ। ਇਸ ਵਿੱਚ ਦਸ ਪਾਰਕਾਂ ਦੀ ਤਿਆਰੀ ਅਤੇ ਸਾਂਭ-ਸੰਭਾਲ ਦਾ ਕਾਰਜ ਕਾਰ ਸੇਵਾ ਖਡੂਰ ਸਾਹਿਬ ਨੂੰ ਸੌਂਪਿਆ ਗਿਆ ਹੈ। ਪਾਰਕਾਂ ਵਿੱਚ ਪੰਜਾਬ ਦੇ ਰਵਾਇਤੀ ਬੂਟੇ ਜਿਵੇਂ ਪਿੱਪਲ, ਨਿੰਮ, ਬੇਰੀ, ਪਿਲਕਣ, ਆਂਵਲਾ, ਜਾਮਨ ਅਤੇ ਟਾਹਲੀ ਆਦਿ ਨੂੰ ਲਗਾਇਆ ਜਾ ਰਿਹਾ ਹੈ। ਇਹਨਾ ਦਸਾਂ ਪਾਰਕਾਂ ਦਾ ਨਾਮ ਦਸ ਗੁਰੂ ਸਾਹਿਬਾਨ ਦੇ ਨਾਮ ਤੇ ਰੱਖਿਆ ਗਿਆ ਹੈ। ਕਾਰ ਸੇਵਾ ਖਡੂਰ ਸਾਹਿਬ ਵਲੋਂ ਘਰ-ਘਰ ਬੂਟਾ ਲਗਾਉਣ ਦੀ ਮੁਹਿੰਮ ਵੀ ਚਲਾਈ ਗਈ ਹੈ। ਇਸ ਦੇ ਤਹਿਤ ਇਲਾਕੇ ਦੇ ਪਿੰਡਾਂ ਵਿੱਚ ਘਰ-ਘਰ ਜਾ ਕੇ ਬੂਟੇ ਲਗਾਏ ਗਏ ਅਤੇ ਉਹਨਾਂ ਦੀ ਸਾਂਭ ਸੰਭਾਲ ਲਈ ਹਰ ਪ੍ਰਾਣੀ ਨੂੰ ਪ੍ਰੇਰਿਤ ਕੀਤਾ ਗਿਆ। ਹੁਣ ਵੀ ਇਹ ਯਤਨ ਜਾਰੀ ਹਨ ਅਤੇ ਇਸ ਵਿੱਚ ਹਰ ਵਿਅਕਤੀ ਨੂੰ ਆਪਣੇ ਘਰ ਵਿੱਚ ਇੱਕ ਬੂਟਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਤਾਂ ਜੋ ਵਾਤਾਵਰਣ ਸੰਭਾਲ ਮੁਹਿੰਮ ਵਿੱਚ ਹਰ ਕੋਈ ਆਪਣਾ ਹਿੱਸਾ ਪਾ ਸਕੇ।ਹੁਣ ਤੱਕ ਤਕਰੀਬਨ 450 ਪਿੰਡਾਂ ਵਿੱਚ ਬੂਟੇ ਲਗਾਏ ਜਾ ਚੁੱਕੇ ਹਨ।

ਕੁਝ ਹੋਰ ਨਵੇਂ ਪ੍ਰਜੈਕਟ : ਕਾਰ ਸੇਵਾ ਖਡੂਰ ਸਾਹਿਬ ਵਲੋਂ ਗੁਰੂ ਨਾਨਕ ਦੇਵ ਜੀ ਦੇ 450 ਸਾਲਾ ਪ੍ਰਕਾਸ਼ ਪੁਰਬ ਦੀ ਯਾਦ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਂਝੀ ਪਈ ਜ਼ਮੀਨ ਨੂੰ ਜੰਗਲ ਲਗਾ ਕੇ ਹਰਿਆ-ਭਰਿਆ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਵੀ ਕੁਝ ਮਰਲੇ ਜ਼ਮੀਨ ਦਾ ਯੋਗਦਾਨ ਪਾਉਂਦੇ ਹੋਏ ਆਪਣੀ ਜ਼ਮੀਨ ਵਿੱਚ 550 ਰੁੱਖਾਂ ਦਾ ਗੁਰੂ ਨਾਨਕ ਸਾਹਿਬ ਨੂੰ ਸਮਰਪਿਤ ਪੱਵਿਤਰ ਜੰਗਲ ਲਗਾਉਣ। ਬਾਬਾ ਸੇਵਾ ਸਿੰਘ ਜੀ ਇਸ ਸੰਬੰਧੀ ਅਪੀਲ ਕਰਦੇ ਹਨ ਕਿ ਇਸ ਜੰਗਲ ਵਿੱਚ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵੱਖ ਵੱਖ ਪ੍ਰਕਾਰ ਦੇ ਬੂਟੇ ਲਗਾਏ ਜਾਣਗੇ। ਹੁਣ ਤੱਕ ਇਸ ਮਹਿੰਮ ਦੇ ਤਹਿਤ 40ਜੰਗਲ ਲਗਾਏ ਜਾ ਚੁੱਕੇ ਹਨ ਅਤੇ ਆਉਂਦੇ ਸਮੇਂ ਵਿਚ 550 ਜੰਗਲ ਪੂਰੇ ਕੀਤੇ ਜਾਣੇ ਹਨ।

2019 ਵਿਚ ਸ਼ੁਰੂ ਹੋਏ ਇਕ ਹੋਰ ਵਾਤਾਵਰਣਿਕ ਪ੍ਰਜੈਕਟ ਦੇ ਤਹਿਤ ਨਵੇਂ ਬਣੇ ਅਮ੍ਰਿਤਸਰ-ਹਰੀਕੇ ਹਾਈਵੇ ‘ਤੇ ਸੜਕ ਦੇ ਦੋਹੀਂ ਪਾਸੀਂ ਬੂਟੇ ਲਾਉਣ ਦਾ ਕਾਰਜ ਸ਼ੁਰੂ ਕੀਤਾ ਗਿਆ। ਇਸ ਤਹਿਤ 30 ਕਿਲੋਮੀਟਰ ਸੜਕ ‘ਤੇ ਬੂਟੇ ਲਗਾਏ ਜਾ ਚੁਕੇ ਹਨ। ਇਸੇ ਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਾਸ ਕੀਤੇ ਗਏ ਇਕ ਮਤੇ ਦੇ ਤਹਿਤ ਇਤਿਹਾਸਕ ਗੁਰਦੁਆਰਿਆਂ ਦੀ ਪ੍ਰਿਕਰਮਾ ਵਿਚ ਦਰਖਤ ਲਗਾਏ ਜਾਣੇ ਹਨ।

ਵਾਤਾਵਰਣ ਦੀ ਸਾਂਭ ਸੰਭਾਲ ਦੇ ਖੇਤਰ ਵਿਚ ਸੇਵਾਵਾਂ ਨਿਭਾਉਣ ਕਾਰਨ ਬਾਬਾ ਸੇਵਾ ਸਿੰਘ ਜੀ ਨੂੰ ਭਾਰਤ ਸਰਕਾਰ ਅਤੇ ਸੰਯੁਕਤ ਰਾਸ਼ਟਰ ਦੇ ਮੁਖੀ ਸਮੇਤ ਅਨੇਕਾ ਸੰਸਥਾਵਾਂ ਵਲੋਂ ਸਨਮਾਨਤ ਕੀਤਾ ਗਿਆ ਹੈ। 2010 ਵਿਚ ਭਾਰਤ ਦੇ ਰਾਸ਼ਟਰਪਤੀ ਵਲੋਂ ਬਾਬਾ ਸੇਵਾ ਸਿੰਘ ਨੂੰ ਪਦਮ ਸ੍ਰੀ ਨਾਲ ਸਨਮਾਨਤ ਕੀਤਾ ਗਿਆ। ਯੂ ਐਨ ਓ ਦੇ ਸਾਬਕਾ ਸਕੱਤਰ ਬਾਨ ਕੀ ਮੂਨ ਅਤੇ ਬਰਤਾਨੀਆਂ ਦੇ ਪ੍ਰਿੰਸ ਫਿਲਿਪ ਵਲੋਂ ਵੀ ਆਪ ਜੀ ਨੂੰ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਲੋਂ ਵੀ ਆਪ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਨਮਾਨਤ ਕੀਤਾ ਗਿਆ।

# ਅਮਰੀਕਾ ਤੇ ਭਾਰਤ ਦਹਿਸ਼ਤਗਰਦੀ ਵਿਰੁੱਧ ਡਟਣਗੇ: ਡੋਨਲਡ ਟਰੰਪ

## ਭਾਰਤ ਫੇਰੀ 'ਤੇ ਆਏ ਅਮਰੀਕੀ ਰਾਸ਼ਟਰਪਤੀ ਤੇ ਪਰਿਵਾਰ ਦਾ ਭਰਵਾਂ ਸਵਾਗਤ

**ਅਹਿਮਦਾਬਾਦ/ਏ.ਟੀ.ਨਿਊਜ਼:** ਭਾਰਤ ਦੀ ਪਲੇਠੀ ਫੇਰੀ 'ਤੇ ਆਏ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਹਿਮਦਾਬਾਦ ਦੇ ਮੋਟੇਰਾ ਸਟੇਡੀਅਮ ਵਿੱਚ ਸਵਾ ਲੱਖ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਤੇ ਅਮਰੀਕਾ ਲੋਕਾਂ ਨੂੰ ਕੱਟੜਵਾਦੀ ਇਸਲਾਮਿਕ ਦਹਿਸ਼ਤਵਾਦ ਤੋਂ ਬਚਾਉਣ ਲਈ ਵਚਨਬੱਧ ਹਨ। ਅਮਰੀਕੀ ਸਦਰ ਨੇ ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੱਜ ਕੇ ਤਾਰੀਫ਼ ਕੀਤੀ ਤੇ ਉਨ੍ਹਾਂ ਨੂੰ ਦੇਸ਼ ਲਈ ਦਿਨ ਰਾਤ ਕੰਮ ਕਰਨ ਵਾਲਾ 'ਅਸਧਾਰਨ ਆਗੂ' ਦੱਸਿਆ। ਟਰੰਪ ਨੇ ਕਿਹਾ ਕਿ ਅਮਰੀਕਾ ਹਮੇਸ਼ਾ ਭਾਰਤ ਦਾ ਅਡੋਲ ਤੇ ਵਫ਼ਾਦਾਰ ਦੋਸਤ ਰਹੇਗਾ। ਉਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਪਰਿਵਾਰ ਨੂੰ ਜੀ ਆਇਆਂ ਆਖਦਿਆਂ ਅਮਰੀਕੀ ਰਾਸ਼ਟਰਪਤੀ ਦੀ ਫੇਰੀ ਨੂੰ ਇਤਿਹਾਸਕ ਭਾਰਤ-ਅਮਰੀਕਾ ਸਬੰਧਾਂ ਵਿੱਚ 'ਨਵਾਂ ਅਧਿਆਇ' ਦੱਸਿਆ। ਸ੍ਰੀ ਮੋਦੀ ਨੇ ਕਿਹਾ ਕਿ ਦੋਵਾਂ ਮੁਲਕਾਂ ਦੇ ਰਿਸ਼ਤੇ ਤੇ ਸਹਿਯੋਗ 21ਵੀਂ ਸਦੀ ਵਿੱਚ ਵਿਸ਼ਵ ਨੂੰ ਨਵੀਂ ਦਿਸ਼ਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਇਸ ਤੋਂ ਪਹਿਲਾਂ ਸ੍ਰੀ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਨੂੰ ਹਵਾਈ ਅੱਡੇ 'ਤੇ ਜਾ ਕੇ ਖੁਦ ਜੀ ਆਇਆਂ ਆਖਿਆ। ਸ੍ਰੀ ਮੋਦੀ ਟਰੰਪ ਦੀ ਧੀ ਇਵਾਂਕਾ ਟਰੰਪ ਤੇ ਜਵਾਈ ਜੇਅਰਡ ਕੁਸ਼ਨਰ ਨੂੰ ਵੀ ਮਿਲੇ। ਟਰੰਪ ਜੋੜੇ ਦੇ ਸਵਾਗਤ ਲਈ ਇਸ ਮੌਕੇ ਗੁਜਰਾਤ ਦੇ ਰਾਜਪਾਲ, ਮੁੱਖ ਮੰਤਰੀ, ਅਮਰੀਕਾ ਤੇ ਭਾਰਤ ਦੇ ਰਾਜਦੂਤਾਂ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ। ਹਵਾਈ ਅੱਡੇ 'ਤੇ ਵੱਖ ਵੱਖ ਰਵਾਇਤੀ ਪੁਸ਼ਾਕਾਂ 'ਚ ਸਜੇ ਕਲਾਕਾਰਾਂ ਨੇ ਸਭਿਆਚਾਰਕ ਝਾਕੀਆਂ ਰਾਹੀਂ ਅਮਰੀਕੀ ਸਦਰ ਤੇ ਉਨ੍ਹਾਂ ਦੀ ਪਤਨੀ ਦਾ ਸਵਾਗਤ ਕੀਤਾ। ਮੋਦੀ ਨੇ ਕਿਹਾ ਕਿ ਟਰੰਪ ਦੀ ਭਾਰਤ ਫੇਰੀ ਦੋਵਾਂ ਮੁਲਕਾਂ ਦੇ ਰਿਸ਼ਤਿਆਂ 'ਚ ਨਵਾਂ ਅਧਿਆਏ ਹੈ। ਉਨ੍ਹਾਂ ਕਿਹਾ ਕਿ ਅੱਜ 130 ਕਰੋੜ ਭਾਰਤੀ ਮਿਲ ਕੇ 'ਨਵੇਂ ਭਾਰਤ' ਦਾ ਨਿਰਮਾਣ ਕਰ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਭਾਰਤ ਪੁਲਾੜ ਵਿੱਚ ਸਭ ਤੋਂ ਵੱਧ ਉਪ ਗ੍ਰਹਿ ਭੇਜਣ ਦਾ ਰਿਕਾਰਡ ਹੀ ਨਹੀਂ ਬਣਾ ਰਿਹਾ, ਬਲਕਿ ਤੇਜ਼ੀ ਨਾਲ ਵੱਡੀ ਵਿੱਤੀ ਤਾਕਤ ਵਜੋਂ ਉਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਅੱਜ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਤੇ ਦੋਵਾਂ ਮੁਲਕਾਂ ਦੀਆਂ ਫੌਜਾਂ ਸਿਖਰਲੀ ਜੰਗੀ ਮਸ਼ਕ ਵਿੱਚ ਸ਼ਾਮਲ ਹਨ।



ਅਮਰੀਕੀ ਰਾਸ਼ਟਰਪਤੀ ਨੇ 'ਨਮਸਤੇ ਟਰੰਪ' ਈਵੈਂਟ ਨੂੰ ਸੰਬੋਧਨ ਕਰਦਿਆਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿਨ ਰਾਤ ਕੰਮ ਕਰਨ ਵਾਲਾ 'ਨਿਵੇਕਲਾ ਆਗੂ' ਦੱਸਿਆ।

ਟਰੰਪ ਨੇ ਕਿਹਾ, 'ਨਮਸਤੇ, ਮੇਰੇ ਲਈ ਬਹੁਤ ਵੱਡਾ ਸਨਮਾਨ ਹੈ।' ਅਮਰੀਕੀ ਸਦਰ ਨੇ ਇਸ ਮੌਕੇ ਭਾਰਤੀ ਸਭਿਆਚਾਰ ਵਿਚਲੀ ਵੰਨ-ਸੁਵੰਨਤਾ ਦਾ ਵੀ ਜ਼ਿਕਰ ਕੀਤਾ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਲੋਕਾਂ ਨੂੰ ਕੱਟੜਵਾਦੀ ਇਸਲਾਮਿਕ ਦਹਿਸ਼ਤਵਾਦ ਤੋਂ ਬਚਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਇਹੀ ਵਜ੍ਹਾ ਹੈ ਕਿ ਅਮਰੀਕੀ ਸਰਕਾਰ ਪਾਕਿਸਤਾਨ ਦੀ ਸਰਜ਼ਮੀਨ 'ਤੇ ਮੌਜੂਦ ਦਹਿਸ਼ਤੀ ਜਥੇਬੰਦੀਆਂ 'ਤੇ ਨਕੇਲ ਕੱਸਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਦੀ ਦੋਸਤੀ ਕੁਦਰਤੀ ਤੇ ਸਥਿਰ ਹੈ। ਟਰੰਪ ਨੇ ਕਿਹਾ ਕਿ ਦੋਵੇਂ ਮੁਲਕ 'ਵਿਲੱਖਣ ਵਪਾਰ' ਸਮਝੌਤੇ 'ਤੇ ਕੰਮ ਕਰ ਰਹੇ ਹਨ, ਪਰ ਪ੍ਰਧਾਨ ਮੰਤਰੀ 'ਸਖ਼ਤ ਸਾਲਸ' ਹਨ, ਜਿਨ੍ਹਾਂ ਨੂੰ ਆਪਣੀ ਗੱਲ ਪੁਗਾਉਣੀ ਆਉਂਦੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਵਿੱਚ ਪਹਿਲਾਂ ਹੀ ਵੱਡੇ ਸੁਧਾਰ ਕਰ ਚੁੱਕੇ ਹਨ ਤੇ ਪੂਰਾ ਵਿਸ਼ਵ ਭਾਰਤ ਦੇ ਕਾਰੋਬਾਰੀ ਮਾਹੌਲ ਵਿੱਚ ਤੇਜ਼ੀ ਨਾਲ ਆ ਰਹੇ ਸੁਧਾਰਾਂ ਨੂੰ ਵੇਖ ਰਿਹਾ ਹੈ।

# ਟਰੰਪ ਵਲੋਂ ਸੁਨੇਹੇ ਵਿੱਚ ਗਾਂਧੀ ਦਾ ਜ਼ਿਕਰ ਨਾ ਕਰਨ 'ਤੇ ਲੋਕ ਹੈਰਾਨ

**ਅਹਿਮਦਾਬਾਦ/ਏ.ਟੀ.ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਸਾਬਰਮਤੀ ਆਸ਼ਰਮ ਦੀ ਵਿਜ਼ਟਰ ਬੁੱਕ ਵਿੱਚ ਮਹਾਤਮਾ ਗਾਂਧੀ ਦਾ ਜ਼ਿਕਰ ਨਾ ਕੀਤੇ ਜਾਣ 'ਤੇ ਟਵਿੱਟਰ ਉੱਪਰ ਕਈ ਲੋਕਾਂ ਨੇ ਹੈਰਾਨੀ ਪ੍ਰਗਟਾਈ ਹੈ।

ਵਿਜ਼ਟਰ ਬੁੱਕ ਵਿੱਚ ਟਰੰਪ ਨੇ ਲਿਖਿਆ, "ਮੇਰੇ ਮਹਾਨ ਦੋਸਤ ਪ੍ਰਧਾਨ ਮੰਤਰੀ ਮੋਦੀ। ਇਸ ਸ਼ਾਨਦਾਰ ਫੇਰੀ ਲਈ ਤੁਹਾਡਾ ਧੰਨਵਾਦ।" ਟਰੰਪ ਵਲੋਂ ਆਪਣੇ ਸੁਨੇਹੇ ਵਿੱਚ ਮਹਾਤਮਾ ਗਾਂਧੀ ਦਾ ਜ਼ਿਕਰ ਨਾ ਕੀਤੇ ਜਾਣ 'ਤੇ ਟਵਿੱਟਰ ਉੱਪਰ ਲੋਕਾਂ ਨੇ ਉਨ੍ਹਾਂ ਦੀ ਤੁਲਨਾ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸੁਨੇਹੇ ਨਾਲ ਕਰਨੀ ਸ਼ੁਰੂ ਕਰ ਦਿੱਤੀ।

ਓਬਾਮਾ ਨੇ 2010 ਵਿੱਚ ਮਨੀ ਭਵਨ (ਮੁੰਬਈ ਸਥਿਤ ਜਗਾ ਜਿੱਥੇ ਮਹਾਤਮਾ ਗਾਂਧੀ ਰਹਿੰਦੇ ਸਨ) ਦੇ ਦੌਰਾ ਦੌਰਾਨ ਵਿਜ਼ਟਰ ਬੁੱਕ ਵਿੱਚ ਲਿਖਿਆ ਸੀ, "ਗਾਂਧੀ ਜੀ ਦੀ ਜ਼ਿੰਦਗੀ ਦੇ ਇਸ ਨੇਮ ਨੂੰ ਦੇਖਣ ਦਾ ਮਾਣ ਹਾਸਲ ਹੋਇਆ, ਜਿਸ



ਤੋਂ ਮੈਂ ਪ੍ਰੇਰਿਤ ਹੋਇਆ ਹਾਂ। ਉਹ ਕੇਵਲ ਭਾਰਤ ਦੇ ਹੀਰੋ ਹੀ ਨਹੀਂ ਹਨ ਬਲਕਿ ਪੂਰੀ ਦੁਨੀਆਂ ਦੇ ਹੀਰੋ ਹਨ।" ਕਾਂਗਰਸ ਆਗੂ ਮਨੀਸ਼ ਤਿਵਾੜੀ ਨੇ ਟਰੰਪ ਦੇ ਸੁਨੇਹੇ ਦੀ ਤਸਵੀਰ ਪੋਸਟ ਕਰਦਿਆਂ ਪੁੱਛਿਆ, "ਮਹਾਨ ਮਹਾਤਮਾ ਦਾ ਕੋਈ ਜ਼ਿਕਰ ਨਹੀਂ ਕੀਤਾ। ਇਹ ਜਾਣਦੇ ਵੀ ਹਨ ਕਿ ਮੋਹਨਦਾਸ ਕਰਮਚੰਦ ਗਾਂਧੀ ਕੌਣ ਸਨ?" ਇਸੇ ਤਰ੍ਹਾਂ ਹੋਰ ਵੀ ਕਈ ਆਗੂਆਂ ਅਤੇ ਆਮ ਲੋਕਾਂ ਨੇ ਟਰੰਪ ਦੇ ਸੁਨੇਹੇ ਵਿੱਚ ਗਾਂਧੀ ਦਾ ਜ਼ਿਕਰ ਨਾ ਹੋਣ 'ਤੇ ਹੈਰਾਨੀ ਅਤੇ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ।

# ਐਂਟੋਨੀਓ ਗੁਟਰੇਸ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੌਰੇ ਦੀ ਸ਼ਲਾਘਾ



**ਨਿਊਯਾਰਕ/ਹੁਸਨ ਲੜੋਆ ਬੰਗਾ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਅੱਜ ਇੱਥੇ ਇਕ ਸਾਂਝੇ ਬਿਆਨ 'ਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਨੂੰ ਪਾਕਿਸਤਾਨ ਦੇ ਕਰਤਾਰਪੁਰ ਵਿਖੇ ਸਿੱਖ ਧਰਮ ਦੇ ਇਕ ਪਵਿੱਤਰ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ (ਸ੍ਰੀ ਕਰਤਾਰਪੁਰ ਸਾਹਿਬ) ਵਿਖੇ ਜਾਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਏਜੀਪੀਸੀ ਦੇ ਮੁੱਖੀ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਆਪਣੇ ਸਾਂਝੇ ਬਿਆਨ 'ਚ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਦੀ ਫ਼ੇਰੀ 500 ਸਾਲ ਤੋਂ ਵਧੇਰੇ ਸਮੇਂ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਗਏ ਸ਼ਾਂਤੀ, ਸਮਾਨਤਾ ਅਤੇ ਅੰਤਰ-ਧਰਮੀ ਸਦਭਾਵਨਾ ਦੇ ਸੰਦੇਸ਼ ਦੇ ਸਤਿਕਾਰ 'ਚ ਹੈ।

ਯੂ.ਐਸ. ਦੇ ਸਿੱਖ ਨੇਤਾਵਾਂ ਨੇ ਯੂ.ਐਨ. ਦੇ ਮੁੱਖੀ ਦੀ ਇਸ ਟਿੱਪਣੀ ਦਾ ਸਵਾਗਤ ਕੀਤਾ ਕਿ ਕਰਤਾਰਪੁਰ ਲਾਂਘਾ ਖੋਲਣਾ ਪ੍ਰਮਾਣੂ ਸ਼ਕਤੀਆਂ ਭਰਪੂਰ ਪਾਕਿਸਤਾਨ ਅਤੇ ਭਾਰਤ ਵੱਲੋਂ ਅੰਤਰਰਾਸ਼ਟਰੀ ਸ਼ਾਂਤੀ ਅਤੇ ਸਦਭਾਵਨਾ ਲਈ ਇੱਛਾ ਦਾ ਪ੍ਰਤੱਖ ਸਬੂਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਲਾਂਘੇ ਦੇ ਉਦਘਾਟਨ ਨਾਲ ਦੋਵਾਂ ਪੰਜਾਬਾਂ ਦੇ ਲੋਕਾਂ 'ਚ ਸਦਭਾਵਨਾ ਵਧੇਗੀ, ਜਿਹੜੇ ਇਕੋ ਸੱਭਿਆਚਾਰ ਅਤੇ ਮਾਂ ਬੋਲੀ ਪੰਜਾਬੀ ਦੇ ਸਾਂਝੇ ਹਨ। ਜ਼ਿਕਰਯੋਗ ਹੈ ਕਿ ਸਿੱਖ ਸ਼ਰਧਾਲੂਆਂ ਲਈ 4 ਕਿਲੋਮੀਟਰ ਲੰਬੇ ਕਰਤਾਰਪੁਰ ਲਾਂਘੇ ਦੀ ਯਾਤਰਾ ਲਈ ਵੀਜ਼ਾ ਮੁਕਤ ਯਾਤਰਾ ਮੁਹੱਈਆ ਕਰਵਾਉਣ ਲਈ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਕਸਬੇ ਤੋਂ ਪਾਕਿਸਤਾਨ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਤੱਕ ਬਣਾਇਆ ਗਿਆ ਹੈ। ਇਸ ਦਾ ਉਦਘਾਟਨ ਪਿਛਲੇ ਸਾਲ 9 ਨਵੰਬਰ ਨੂੰ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤਾ ਗਿਆ ਸੀ, ਜਿਸ ਨਾਲ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨਾਲ ਜੁੜੇ ਸਮਾਰੋਹ ਦੀ ਸਮਾਪਤੀ ਕੀਤੀ ਜਾ ਰਹੀ ਸੀ। ਗੁਰੂ ਨਾਨਕ ਦੇਵ ਜੀ ਦਾ ਅੰਤਿਮ ਜੀਵਨ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਪਾਕਿਸਤਾਨੀ ਪੰਜਾਬ ਦੇ ਨਾਰੋਵਾਲ ਜ਼ਿਲੇ ਵਿਖੇ ਰਾਵੀ ਨਦੀ ਦੇ ਕਿਨਾਰੇ ਸਥਿਤ ਹੈ। ਇਹ ਲਾਹੌਰ ਤੋਂ ਲਗਭਗ 125 ਕਿਲੋਮੀਟਰ ਦੀ ਦੂਰੀ 'ਤੇ ਹੈ।

# ਟਰੰਪ ਤੇ ਮੇਲਾਨੀਆ ਵੱਲੋਂ ਤਾਜ ਮਹੱਲ ਦੇ ਦੀਦਾਰ

**ਆਗਰਾ/ਏ.ਟੀ.ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਮੇਲਾਨੀਆ ਟਰੰਪ ਨੇ ਸ਼ਾਮ ਸਮੇਂ ਢਲਦੇ ਸੂਰਜ ਦੇ ਪਿਛੋਕੜ ਵਿੱਚ ਵਿਸ਼ਵ ਦੇ ਅਜੂਬਿਆਂ 'ਚ ਸ਼ੁਮਾਰ 17ਵੀਂ ਸਦੀ ਦੇ ਮੁਗ਼ਲ ਕਾਲ ਦੇ ਮਕਬਰੇ ਤੇ ਪਿਆਰ ਦੇ ਸਮਾਰਕ ਕਹੇ ਜਾਂਦੇ ਤਾਜ ਮਹੱਲ ਦੇ ਦੀਦਾਰ ਕੀਤੇ। ਟਰੰਪ ਜੋੜੇ ਨਾਲ ਇਸ ਮੌਕੇ ਉਨ੍ਹਾਂ ਦੀ ਧੀ ਇਵਾਂਕਾ ਤੇ ਦਾਮਾਦ ਜੇਅਰਡ ਕੁਸ਼ਨਰ ਵੀ ਮੌਜੂਦ ਸਨ। ਟਰੰਪ ਪਰਿਵਾਰ ਅਹਿਮਦਾਬਾਦ ਤੋਂ ਸਿੱਧਾ ਇਥੇ ਪੁੱਜਾ ਸੀ। ਮੁਗ਼ਲ ਸਮਰਾਟ ਸ਼ਾਹ ਜਹਾਂ ਨੇ ਆਪਣੀ ਬੇਗਮ ਮੁਮਤਾਜ਼ ਮਹਿਲ ਦੀ ਯਾਦ ਵਿੱਚ ਇਹ ਸਮਾਰਕ ਉਸਾਰਿਆ ਸੀ।

ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਨੇ ਇਕ ਦੂਜੇ ਦਾ ਹੱਥ ਫੜ ਕੇ ਤਾਜ ਕੰਪਲੈਕਸ ਦੀ ਗੇੜੀ ਲਾਈ ਤੇ ਉਥੇ ਪਈ ਵਿਜ਼ਿਟਰ ਬੁੱਕ ਵਿੱਚ ਆਪਣੀ ਭਾਵਨਾਵਾਂ ਦਰਜ ਕੀਤੀਆਂ। ਇਕ ਗਾਈਡ ਨੇ ਉਨ੍ਹਾਂ ਨੂੰ ਸਮਾਰਕ ਦੀ ਅਹਿਮੀਅਤ ਤੇ ਇਤਿਹਾਸ ਬਾਰੇ ਦੱਸਿਆ। ਟਰੰਪ ਜੋੜੇ ਨੇ ਤਾਜ ਮਹੱਲ ਅੱਗੇ ਖੜ ਕੇ ਤਸਵੀਰਾਂ ਵੀ ਖਿਚਵਾਈਆਂ। ਉਹ ਇਥੇ ਇਕ ਘੰਟੇ ਦੇ ਕਰੀਬ ਰੁਕੇ। ਉਧਰ ਟਰੰਪ ਦੀ ਆਗਰਾ ਤੇ ਤਾਜ ਦੀ ਤਜਵੀਜ਼ਤ ਫੇਰੀ ਨੂੰ ਲੈ ਕੇ ਸਥਾਨਕ ਲੋਕ ਵੀ ਖ਼ੁਸ਼ਾਂ ਬਾਗ਼ ਰਹੇ। ਕੁਝ ਦੁਕਾਨਾਂ ਵਾਲਿਆਂ ਨੇ ਆਪਣੇ ਵੱਲੋਂ ਬੈਨਰ ਲਾ ਕੇ ਟਰੰਪ ਨੂੰ 'ਜੀ ਆਇਆਂ' ਆਖਿਆ।



ਇਥੋਂ ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੇ ਪਰਿਵਾਰ ਨੂੰ 30 ਗੱਡੀਆਂ ਦੇ ਇਕ ਕਾਫ਼ਲੇ ਦੇ ਰੂਪ ਵਿੱਚ ਤਾਜ ਮਹੱਲ ਨਜ਼ਦੀਕ ਓਬਰਾਏ ਅਮਰਵਿਲਾਜ਼ ਹੋਟਲ ਲਿਜਾਇਆ ਗਿਆ। ਇਸ ਦੌਰਾਨ ਰਾਹ ਵਿੱਚ ਥਾਂ ਥਾਂ ਖੜੇ 15000 ਤੋਂ ਵੱਧ ਵਿਦਿਆਰਥੀਆਂ ਨੇ ਹੱਥਾਂ ਵਿੱਚ ਤਿਰੰਗੇ ਲਹਿਰਾ ਕੇ ਕਾਫ਼ਲੇ ਦਾ ਸਵਾਗਤ ਕੀਤਾ। ਇਸ ਮੌਕੇ ਤਾਜ ਮਹੱਲ ਨੇੜੇ ਤਿੰਨ ਪਰਤੀ ਸੁਰੱਖਿਆ ਵਿਵਸਥਾ ਦਾ ਪ੍ਰਬੰਧ ਕੀਤਾ ਹੋਇਆ ਸੀ। ਟਰੰਪ ਪਰਿਵਾਰ ਹੋਟਲ ਤੋਂ ਤਾਜ ਮਹੱਲ ਤਕ ਈਕੋ-ਫਰੈਂਡਲੀ ਗੋਲਫ ਕਾਰਟਜ਼ ਵਿੱਚ ਗਿਆ, ਕਿਉਂਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਪੈਟਰੋਲ ਤੇ ਡੀਜ਼ਲ ਵਾਹਨਾਂ ਨੂੰ ਤਾਜ ਮਹੱਲ ਦੇ 500 ਮੀਟਰ ਦੇ ਘੇਰੇ ਵਿੱਚ ਜਾਣ ਦੀ ਮਨਾਹੀ ਹੈ। ਇਸ ਤੋਂ ਪਹਿਲਾਂ ਸਾਲ 2000 ਵਿੱਚ ਤਤਕਾਲੀਨ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਆਪਣੀ ਧੀ ਚੈਲਸੀਆ ਕਲਿੰਟਨ ਨਾਲ ਤਾਜ ਮਹੱਲ ਦੇ ਦੀਦਾਰ ਕਰਨ ਲਈ ਆਏ ਸਨ। ਇਸ ਤੋਂ ਪਹਿਲਾਂ ਟਰੰਪ ਨੇ ਲੜੀਵਾਰ ਟਵੀਟ ਕਰਕੇ ਭਾਰਤ ਦੀ ਆਪਣੀ ਪਲੇਠੀ ਫੇਰੀ ਬਾਰੇ ਭਾਵਨਾਵਾਂ ਦਾ ਇਜ਼ਹਾਰ ਕੀਤਾ। ਟਰੰਪ ਨੇ ਹਿੰਦੀ ਵਿੱਚ ਕੀਤੇ ਇਕ ਟਵੀਟ 'ਚ ਕਿਹਾ, 'ਪ੍ਰਥਮ ਮਹਿਲਾ ਤੇ ਮੈਂ ਪੂਰੇ ਵਿਸ਼ਵ ਦਾ 8000 ਮੀਲ ਦਾ ਚੱਕਰ ਲਾ ਕੇ ਭਾਰਤ ਦੇ ਹਰੇਕ ਨਾਗਰਿਕ ਨੂੰ ਇਹ ਸੁਨੇਹਾ ਦੇਣ ਲਈ ਆ ਰਹੇ ਹਾਂ ਕਿ-ਅਮਰੀਕਾ, ਭਾਰਤ ਨੂੰ ਪਿਆਰ ਕਰਦਾ ਹੈ ਤੇ ਅਮਰੀਕਾ ਦੇ ਲੋਕ ਹਮੇਸ਼ਾ ਭਾਰਤੀ ਲੋਕਾਂ ਦੇ ਸੱਚੇ ਤੇ ਪ੍ਰਤੀਬੱਧ ਦੋਸਤ ਰਹਿਣਗੇ।'

# ਸੂਫ਼ੀ ਗਾਇਕ ਸਤਿੰਦਰ ਸਰਤਾਜ ਬਣਿਆ ਫ਼ਿਲਮੀ ਨਾਇਕ

# 13 ਮਾਰਚ ਨੂੰ ਹੋਵੇਗੀ ਰਿਲੀਜ਼ ਹੋਵੇਗੀ ਫ਼ਿਲਮ 'ਇੱਕੋ-ਮਿੱਕੇ'

- ਸੁਰਜੀਤ ਜੱਸਲ

ਪੰਜਾਬੀ ਸੰਗੀਤ ਜਗਤ ਵਿੱਚ ਸੂਫ਼ੀਆਨਾ ਗਾਇਕੀ ਨਾਲ ਵੱਡੀ ਪਹਿਚਾਣ ਸਥਾਪਤ ਕਰਨ ਵਾਲਾ ਡਾ ਸਤਿੰਦਰ ਸਰਤਾਜ ਵੀ ਹੁਣ ਪੰਜਾਬ ਪਰਦੇ 'ਤੇ ਬਤੌਰ ਨਾਇਕ ਫ਼ਿਲਮ 'ਇੱਕੋ-ਮਿੱਕੇ' ਰਾਹੀਂ ਆਪਣੀ ਅਦਾਕਾਰੀ ਦੇ ਰੰਗ ਵਿਖਾਵੇਗਾ। ਜ਼ਿਕਰਯੋਗ ਹੈ ਕਿ ਇਹ ਫ਼ਿਲਮ ਉਸਦੀ ਪਹਿਲੀ ਫ਼ਿਲਮ ਨਹੀਂ ਹੋਵੇਗੀ ਕਿਉਕਿ ਇਸ ਤੋਂ ਪਹਿਲਾਂ ਦਰਸ਼ਕ ਸਰਤਾਜ ਨੂੰ ਹਾਲੀਵੁੱਡ ਫ਼ਿਲਮ ' ਬਲੈਕ ਪ੍ਰਿੰਸ' ਵਿੱਚ ਵੀ ਵੇਖ ਚੁੱਕੇ ਹਨ। ਇਹ ਫ਼ਿਲਮ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨਾਲ ਸਬੰਧਤ ਸੀ ਜਿਸਨੂੰ ਨਿਰਦੇਸ਼ਕ ਕਵੀ ਰਾਜ ਨੇ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਅਤੇ ਪੰਜਾਬੀ ਜੁਬਾਨ ਵਿਚ ਵੀ ਡੱਬ ਕੀਤਾ। ਦਰਸ਼ਕਾਂ ਨੇ ਇਸ ਫ਼ਿਲਮ ਰਾਹੀਂ ਸਤਿੰਦਰ ਸਰਤਾਜ ਦੇ ਇੱਕ ਨਵੇਂ ਰੂਪ ਨੂੰ ਫਿਲਮੀ ਪਰਦੇ 'ਤੇ ਵੇਖਿਆ। ਪਰ ਜਿਹੜੀ ਪੰਜਾਬੀ ਫ਼ਿਲਮ ਨਾਲ ਸਤਿੰਦਰ ਸਰਤਾਜ ਹੁਣ ਚਰਚਾ ਵਿੱਚ ਹੈ ਉਹ ਪੰਜਾਬ ਦੀ ਧਰਾਤਲ ਨਾਲ ਜੁੜੀ ਇੱਕ ਸਮਾਜਿਕ ਅਤੇ ਪਰਿਵਾਰਕ ਕਹਾਣੀ ਅਧਾਰਤ ਹੈ ਜਿਸ ਵਿੱਚ ਜਿੰਦਗੀ ਦੇ ਅਨੇਕਾਂ ਰੰਗ ਹਨ। 13 ਮਾਰਚ ਨੂੰ ਰਿਲੀਜ਼ ਹੋਣ ਵਾਲੀ ਇਹ ਫ਼ਿਲਮ 'ਇੱਕੋ ਮਿੱਕੇ' ਵਿੱਚ ਦਰਸ਼ਕ ਸਤਿੰਦਰ ਸਰਤਾਜ ਨਾਲ ਅਦਿੱਤੀ ਸ਼ਰਮਾ ਨੂੰ ਨਾਇਕਾ ਦੇ ਰੂਪ ਵਿੱਚ ਵੇਖਣਗੇ। 'ਅੰਗਰੇਜ਼' ਫ਼ਿਲਮ ਨਾਲ ਚਰਚਾ ਵਿੱਚ ਆਈ ਅਦਿੱਤੀ ਸ਼ਰਮਾ ਲੰਮੇ ਵਕਫ਼ੇ ਬਾਅਦ ਮੁੜ ਮੇਨ ਲੀਡ 'ਚ ਨਜ਼ਰ ਆਵੇਗਾ।

ਇਸ ਫ਼ਿਲਮ ਦਾ ਲੇਖਕ ਨਿਰਦੇਸ਼ਕ ਪੰਕਜ ਵਰਮਾ ਹੈ ਜਿਸਨੇ ਪਿਆਰ ਮੁਹੱਬਤ ਅਤੇ ਪਰਿਵਾਰਕ ਕਹਾਣੀ ਅਧਾਰਤ ਇਸ ਫ਼ਿਲਮ 'ਚ ਜ਼ਿੰਦਗੀ ਦੇ ਅਨੇਕਾਂ ਰੰਗਾਂ ਸਮੇਤ ਪਤੀ ਪਤਨੀ ਦੀ ਨੋਕ ਝੋਕ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਤਿੰਦਰ ਸਰਤਾਜ ਨੇ ਦੱਸਿਆ ਕਿ ਇਸ ਫ਼ਿਲਮ 'ਚ ਉਸਨੇ ਫਾਈਨ ਆਰਟ ਦੇ ਇੱਕ ਵਿਦਿਆਰਥੀ 'ਨਿਹਾਲ' ਦਾ ਕਿਰਦਾਰ ਨਿਭਾਇਆ ਹੈ ਜੋ ਬੁੱਤ ਤਰਾਸ਼ੀ ਦਾ ਸ਼ੌਂਕ ਰੱਖਦਾ ਹੈ। ਆਪਣੇ ਪ੍ਰਾਜੈਕਟ ਲਈ ਉਸਨੂੰ ਇੱਕ ਖ਼ੂਬਸੂਰਤ ਚਿਹਰੇ ਦੀ ਤਲਾਸ਼ ਹੈ ਜੋ ਉਸਨੂੰ ' ਡਿੰਪਲ' (ਅਦਿੱਤੀ ਸ਼ਰਮਾ) ਦੇ ਚਿਹਰੇ ਤੋਂ ਲੱਭਦੀ ਹੈ। ਖ਼ੂਬਸੂਰਤੀ ਤਰਾਸ਼ਦਾ-ਤਰਾਸ਼ਦਾ ਉਹ ਦਿਲਾਂ ਦੀ ਸਾਂਝ ਪਾ ਲੈਂਦੇ ਹਨ।

ਫ਼ਿਲਮ ਵਿੱਚ ਸਤਿੰਦਰ ਸਰਤਾਜ, ਅਦਿੱਤੀ ਸ਼ਰਮਾ, ਸਰਦਾਰ ਸੋਹੀ, ਮਹਾਂਵੀਰ ਭੁੱਲਰ, ਸਿਵਾਨੀ ਸੈਣੀ, ਵੰਦਨਾ ਸ਼ਰਮਾ, ਬਲਵਿੰਦਰ ਬੇਗੋ,ਵਿਜੇ ਕੁਮਾਰ, ਨਵਦੀਪ ਕਲੇਰ, ਰਾਜ ਧਾਲੀਵਾਲ, ਉਮੰਗ ਸ਼ਰਮਾ , ਨੂਰ ਚਹਿਲ ਤੇ ਮਨਿੰਦਰ ਵੈਲੀ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ 'ਸਾਗਾ ਮਿਊਜ਼ਿਕ' ਵਲੋਂ ਰਿਲੀਜ਼ ਕੀਤਾ ਗਿਆ ਹੈ। ਸਤਿੰਦਰ ਸਰਤਾਜ ਦਾ ਕਹਿਣਾ ਹੈ ਕਿ ਇਹ ਫ਼ਿਲਮ ਸੰਗੀਤਕ ਫੈਮਲੀ ਡਰਾਮਾ ਹੈ ਜੋ ਸਮਾਜ ਨਾਲ ਜੁੜੇ ਦਰਸ਼ਕਾਂ ਨੂੰ ਜਰੂਰ ਪਸੰਦ ਆਵੇਗੀ। ਚੰਗੇ ਸਿਨੇਮੇ ਲਈ ਉਹ ਆਪਣਾ ਸਹਿਯੋਗ ਦਿੰਦਾ ਰਹੇਗਾ।








Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250


GURBANI KIRTAN SHABAD
KACHEHRI
WITH
HARVINDER RIAR
AMERICAN POLITICS
WITH
HARPREET SINGH TOOR
IMMIGRATION LAW
WITH PANNU LAW FIRM
A PREMIUM TV CHANNEL COMING SOON TO YOUR TV SCREEN'S
PUNJAB NAMA
DAILY NEWS UPDATE
MONDAY TO SATURDAY
WORLD NEWS
SACHO SACH BOL JOGIEA
JAGDEV SINGH BHANDAL
SWARAN SINGH DANEWALIA
PHULKARI
VIRSA
MONDAY TO FRIDAY
BAAZ TV
BROADCASTING COMPANY
FOR MORE INFO CONTACT
MR. ARJAN RIAR +1-212-464-8628, +1-551-230-2300
MR. JAGDEV BHANDAL +1-916-543-1313
Email: Baaztvusa@gmail.com

**ਯੂਨਾਈਟਿਡ ਸਿੱਖਸ**
*ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ*

**ਮਰਦਮਸ਼ੁਮਾਰੀ ਵਿੱਚ ਸਾਡੀ ਗਿਣਤੀ**
**ਸਾਡਾ ਵਿਕਾਸ ਸਾਡੀ ਉਨਤੀ**




# ਅਮਰੀਕਾ ਵਿੱਚ 2020 ਦੀ ਜਨਗਣਨਾ ਵਿੱਚ ਸਿੱਖਾਂ ਦੀ ਵੱਡੀ ਜਿੱਤ



ਅਮਰੀਕਾ ਦੀ ਸਰਕਾਰ ਵੱਲੋਂ ਇਕ ਬਹੁਤ ਅਹਿਮ ਫੈਸਲਾ ਲਿਆ ਗਿਆ ਹੈ । ਪਿਛਲੇ ਦੋ ਦਿਹਾਕਿਆ ਤੋਂ ਯੂਨਾਈਟਿਡ ਸਿੱਖਸ ਸੰਸਥਾ ਦੀ ਸਮੂਹ ਸਿੱਖ ਭਾਈਚਾਰੇ ਨਾਲ ਮਿਲਕੇ ਅਮਰੀਕਾ ਰਹਿੰਦੇ ਸਿੱਖਾਂ ਲਈ ਮਰਦਮਸ਼ੁਮਾਰੀ ਰਾਹੀਂ ਵੱਖਰੀ ਜਾਤੀ ਸਮੂਹ ਦੀ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਹੁਣ ਮੰਜ਼ੂਰੀ ਦਿੱਤੀ ਗਈ ਹੈ। ਇਸ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਵੱਡਾ ਲਾਭ ਪਹੁੰਚੇਗਾ।

- ਇਹ ਸਿੱਖਾਂ ਦੀ ਬਰਾਬਰ ਅਤੇ ਸਹੀ ਨੁਮਾਇੰਦਗੀ ਨੂੰ ਯਕੀਨੀ ਬਣਾਏਗਾ।
- ਮਰਦਮਸ਼ੁਮਾਰੀ ਦਾ ਲਾਭ ਸਿੱਖਾਂ ਵਿਰੁੱਧ ਨਫਰਤ ਅਤੇ ਅਪਰਾਧ ਦੇ ਮਾਮਲਿਆਂ ਨੂੰ ਰੋਕਣ ਵਿੱਚ ਸਹਾਇਕ ਹੋਵੇਗਾ।
- ਮਰਦਮਸ਼ੁਮਾਰੀ ਵਿੱਚ ਸਿੱਖਾਂ ਦੀ ਵੱਖ ਜਾਤੀ ਸਮੂਹ ਦੇ ਰੂਪ ਵਿਚ ਗਿਣਤੀ ਨਾਲ ਸਿੱਖਾਂ ਨੂੰ ਵਿੱਦਿਅਕ ਤੋਰ ਤੇ ਫਾਇਦਾ ਹੋਵੇਗਾ , ਬਰਾਬਰ ਰੋਜ਼ਗਾਰ ਮਿਲੇਗਾ ਅਤੇ ਸਿਹਤ ਦੇਖਭਾਲ ਵਿੱਚ ਵੀ ਬਰਾਬਰੀ ਮਿਲੇਗੀ।

## ਇਸ ਫਾਰਮ ਨੂੰ ਚੰਗੀ ਤਰ੍ਹਾਂ ਸਮਝ ਲਵੋ :- ਸੈਕਸ਼ਨ 9 ਵਿੱਚ "Some Other Race " ਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਉਸਦੇ ਵਿੱਚ 'ਸਿੱਖ' ਲਿਖੋ ਜਾਂ ਟਾਈਪ ਕਰੋ।

- ☐ Chinese
- ☐ Filipino
- ☐ Asian Indian
- ☐ Other Asian – *Print, for example, Pakistani, Cambodian, Hmong, etc.*
- ☐ Vietnamese
- ☐ Korean
- ☐ Japanese
- ☐ Native Hawaiian
- ☐ Samoan
- ☐ Chamorro
- ☐ Other Pacific Islander – *Print, for example, Tongan, Fijian, Marshallese, etc.*

☑ Some other race – *Print race or origin.*

S I K H

**ਵਧੇਰੀ ਜਾਣਕਾਰੀ ਲਈ ਤੁਸੀ ਸੰਪਰਕ ਕਰ ਸਕਦੇ ਹੋ:-**

ਮੀਤਨ ਕੌਰ 909.601.5540
ਗੁਰਵਿੰਦਰ ਸਿੰਘ 469.222.6288।
Census@unitedsikhs.org.

**ਸਹਾਇਕ ਸੰਸਥਾਵਾਂ :-**

ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ
ਈਸਟ ਕੋਸਟ ਕੋਓਰਡੀਨੇਸ਼ਨ ਕਮੇਟੀ
ਅਮਰੀਕਨ ਸਿੱਖ ਕੌਂਕੇਸ

**ਜਨਗਣਨਾ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛਦੀ ਅਤੇ ਹੋਰ ਏਜੰਸੀਆਂ ਨਾਲ ਕੋਈ ਜਾਣਕਾਰੀ ਸਾਂਝੀ ਨਹੀਂ ਕਰਦੀ ਇਸ ਲਈ ਡਰਨ ਦੀ ਕੋਈ ਗੱਲ ਨਹੀਂ ਹੈ ।**

**Legal Aid | Disaster Relief | Education**

*United Nations Affiliated NGO*

@unitedsikhs @unitedsikhstv contact@unitedsikhs.org @unitedsikhs @unitedsikhs.org www.unitedsikhs.org

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ ਯੂ ਕੇ ਵਲੋਂ ਡੀ.ਜੀ.ਪੀ ਦਿਨਕਰ ਗੁਪਤਾ ਦੀ ਸਖਤ ਅਲੋਚਨਾ

**ਲੰਡਨ/ਏ.ਟੀ.ਨਿਊਜ਼:** ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵਲੋਂ ਪੰਜਾਬ ਪੁਲਿਸ ਦੇ ਮੁਖੀ ਦੀ ਸਖਤ ਅਲੋਚਨਾ ਕੀਤੀ ਗਈ ਹੈ। ਪੰਜਾਬ ਪੁਲਿਸ ਦੇ ਡੀ. ਜੀ. ਪੀ. ਦਿਨਕਰ ਗੁਪਤਾ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਨ ਗੁਰਦੁਆਰਾ ਕਰਤਾਰਪੁਰ ਸਾਹਿਬ ਬਾਰੇ ਦਿੱਤੇ ਗਏ ਵਿਵਾਦਪੂਰਣ ਬਿਆਨ ’ਤੇ ਸਖਤ ਪ੍ਰਤੀਕਰਮ ਕਰਦਿਆਂ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ ਯੂ.ਕੇ. ਵਲੋਂ ਪੁਲਿਸ ਅਧਿਕਾਰੀ ਨੂੰ ਸਿਰੇ ਦਾ ਗੈਰ ਜ਼ਿੰਮੇਵਾਰ ਅਤੇ ਫਿਰਕਾਪ੍ਰਸਤ ਕਰਾਰ ਦਿੱਤਾ ਹੈ। ਡੀਜੀਪੀ ਦਿਨਕਰ ਗੁਪਤਾ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਗਈ ਹੈ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਸ਼ੁਕਰਵਾਰ ਨੂੰ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਸੀ ਕਿ ਸਵੇਰੇ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲਾ ਸਿੱਖ ਸ਼ਾਮ ਨੂੰ ਵਾਪਸ ਪਰਤਣ ਤਕ ਅੱਤਵਾਦੀ ਬਣ ਸਕਦਾ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ. ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ



ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਕਿਹਾ ਕਿ ਡੀ.ਜੀ.ਪੀ. ਦਿਨਕਰ ਗੁਪਤਾ ਦਾ ਇਹ ਬਿਆਨ ਸਿੱਖਾਂ ਦੇ ਧਾਰਮਿਕ ਸਥਾਨਾਂ ਨੂੰ ਅਤਿਵਾਦੀ ਅੱਡੇ ਕਰਾਰ ਦੇਣ ਵਾਲਾ ਹੈ ਤੇ ਇਹ ਸਿੱਖਾਂ ਨੂੰ ਦੁਨੀਆ ਵਿਚ ਬਦਨਾਮ ਕਰਨ ਦੀ ਕਿਸੇ ਵੱਡੀ ਸਾਜਸ਼ ਦਾ ਹਿੱਸਾ ਹੈ। ਉਨਾਂ ਕਿਹਾ ਕਿ ਡੀ.ਜੀ.ਪੀ. ਦਿਨਕਰ ਗੁਪਤਾ ਸਿੱਖ ਵਿਰੋਧੀ ਭਾਵਨਾਵਾਂ ਨਾਲ ਲੱਥਪਥ ਵਿਅਕਤੀ ਹੈ ਅਤੇ ਅਜਿਹੇ ਬੰਦੇ ਦਾ ਪੁਲਿਸ ਮੁਖੀ ਦੇ ਅਹੁਦੇ ’ਤੇ ਰਹਿਣਾ ਬਹੁਤ ਖਤਰਨਾਕ ਹੈ। ਅੱਜ ਲੋੜ ਹੈ ਕਿ ਸਿੱਖ ਕੌਮ ਨੂੰ ਬਦਨਾਮ ਕਰਨ ਵਾਲੇ ਇਸ ਡੀ.ਜੀ.ਪੀ. ਨੂੰ ਤੁਰੰਤ ਬਰਖਾਸਤ ਕੀਤਾ ਜਾਵੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ. ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ, ਸੰਪ੍ਰਦਾਵਾਂ ਨੂੰ ਡੀ.ਜੀ.ਪੀ. ਦਿਨਕਰ ਗੁਪਤਾ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਮਾਮਲਾ ਦਰਜ ਕਰਾਉਣਾ ਚਾਹੀਦਾ ਹੈ ਕਿਉਂਕਿ ਡੀ.ਜੀ.ਪੀ. ਦੇ ਬਿਆਨ ਨੇ ਸਮੁੱਚੀ ਦੁਨੀਆ ਵਿਚ ਵਸਦੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ ਹੈ। ਇਸ ਵਾਸਤੇ ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸਿੱਧੇ ਰੂਪ ਵਿੱਚ ਜ਼ਿੰਮੇਵਾਰ ਹੈ।

# ਪੰਜਾਬ ਭਵਨ ਸਰੀ ਕੈਨੇਡਾ ਵਿੱਚ ਸਵਰਗੀ ਸਾਹਿਤਕਾਰਾਂ ਦੀਆਂ ਤਸਵੀਰਾਂ ਸਥਾਪਿਤ ਹੋਈਆਂ




**ਸਰੀ / ਰਾਜ ਗੋਗਨਾ:** ਪਿਛਲੇ ਦਿਨੀਂ ਪੰਜਾਬੀ ਸਾਹਿਤ ਦੀਆਂ ਕੁਝ ਮਹਾਨ ਸ਼ਖ਼ਸੀਅਤਾਂ ਜਿਹਨਾਂ ਚ’ ਸਵ: ਜਸਵੰਤ ਸਿੰਘ ਕੰਵਲ,ਸਵ: ਦਲੀਪ ਕੌਰ ਟਿਵਾਣਾ ਅਤੇ ਕੁਝ ਸਮਾਂ ਪਹਿਲਾਂ ਗੁਰਚਰਨ ਸਿੰਘ ਰਾਮਪੁਰੀ ਜੋ ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ ।ਪੰਜਾਬੀ ਭਵਨ ਸਰੀ ਕੈਨੇਡਾ ਦੇ ਬਾਨੀ ਸੁੱਖੀ ਬਾਠ ਵੱਲੋਂ ਪੰਜਾਬ ਭਵਨ ਕੈਨੇਡਾ ਦੀ ਹਾਲ ਆਫ ਫੇਮ, ਜਿਸ ਉੱਪਰ ਦੁਨੀਆਂ ਦੇ ਪ੍ਰਸਿੱਧ ਸਵਰਗੀ ਸਾਹਿਤਕਾਰਾਂ ਦੀਆਂ ਤਸਵੀਰਾਂ ਸੁਸ਼ੋਭਿਤ ਹਨ,ਵਿੱਚ ਇਨਾ ਤਿੰਨਾਂ ਸਾਹਿਤਕਾਰਾਂ ਦੀਆਂ ਤਸਵੀਰਾਂ ਇੱਕ ਵਿਸ਼ੇਸ਼ ਪ੍ਰੋਗਰਾਮ ਵਿੱਚ ਸ਼ਾਮਿਲ ਕੀਤੀਆਂ ਗਈਆਂ ।ਬਹੁਤ ਵੱਡੇ ਹੋਏ ਇਕੱਠ ਵਿੱਚ ਵਿੱਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਉਪਰੰਤ ਪੰਜਾਬ ਭਵਨ ਦੇ ਬਾਨੀ ਅਤੇ ਸਮਾਜ ਸੇਵੀ ਸ੍ਰੀ ਸੁੱਖੀ ਬਾਠ,ਨੇ ਰਾਮਪੁਰੀ ਸਾਹਿਬ ਦਾ ਪਰਿਵਾਰ,ਵੈਨਕੂਵਰ ਏਰੀਆ ਦੇ ਪ੍ਰੌੜ ਲੇਖਕ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਸ਼ਰਧਾ ਨਾਲ ਫੋਟੋ ਸਥਾਪਤੀ ਦੀ ਰਸਮ ਅਦਾ ਕੀਤੀ ਗਈ ।ਪੰਜਾਬ ਭਵਨ ਵੱਲੋਂ ਗੁਰਚਰਨ ਰਾਮਪੁਰੀ ਹੁਰਾਂ ਦੇ ਪਰਿਵਾਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ।

# ਚੜਦੀ ਕਲਾ ਕਲੱਬ ਵਲੋਂ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰੂਘਰ ਵਿਖੇ ਹੈਲਥ ਸੈਮੀਨਾਰ

**ਮੈਰੀਲੈਂਡ/ਰਾਜ ਗੋਗਨਾ :** ਬੀਤੇ ਦਿਨ ਚੜਦੀ ਕਲਾ ਸਪੋਰਟਸ ਕਲੱਬ ਦੇ ਨੌਜਵਾਨਾਂ ਨੂੰ ਰਿਸ਼ਟ ਪੁਸ਼ਟ ਰੱਖਣ ਲਈ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਦੀਆਂ ਧੁੰਮਾਂ ਮੈਟਰੋ ਪੁਲਿਟਨ ਏਰੀਏ ਵਿੱਚ ਕਾਫੀ ਪੈ ਚੁੱਕੀਆਂ ਹਨ। ਅਮੋਲਕ ਸਿੰਘ ਕਾਹਲੋਂ ਦੀ ਅਗਵਾਈ ਵਿੱਚ ਇਸ ਸਾਲ ਦਾ ਦੂਸਰਾ ਹੈਲਥ ਸੈਮੀਨਾਰ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਵਿਖੇ ਕਰਵਾਇਆ ਗਿਆ।

ਸੈਮੀਨਾਰ ਦੀ ਰੂਪ ਰੇਖਾ ਬਾਰੇ ਸੰਖੇਪ ਜਾਣਕਾਰੀ ਨੌਜਵਾਨ ਆਗੂ ਅਮੋਲਕ ਸਿੰਘ ਕਾਹਲੋਂ ਨੇ ਸੰਗਤਾਂ ਨੂੰ ਦਿੱਤੀ। ਦੀਵਾਨ ਦੀ ਸਮਾਪਤੀ ਉਪਰੰਤ ਹੈਲਥ ਸਬੰਧੀ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਮਾਹਿਰਾਂ ਨੇ ਕੈਂਸਰ, ਸ਼ੂਗਰ, ਬੱਚਿਆਂ ਦੇ ਵੈਕਸੀਨੇਸ਼ਨ ਅਤੇ ਕਸਰਤ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਜੋ ਲਾਹੇਵੰਦ ਸਾਬਤ ਹੋਈ ਹੈ।

ਡਾ. ਹਰਵਿੰਦਰ ਸਿੰਘ ਮੈਰੀਲੈਂਡ ਯੂਨੀਵਰਸਿਟੀ ਮੈਡੀਕਲ ਸੈਂਟਰ ਤੋਂ ਆਏ ਸਨ, ਜਿਨਾਂ ਨੇ ਕੈਂਸਰ ਦੇ ਕਾਰਨਾਂ, ਸੁਵਿਧਾਵਾਂ ਅਤੇ ਇਲਾਜ ਬਾਰੇ ਭਰਪੂਰ ਜਾਣਕਾਰੀ ਦਿੱਤੀ। ਡਾ. ਗੁਰਪ੍ਰੀਤ ਸਿੰਘ ਨੇ ਬੱਚਿਆਂ ਦੇ ਟੀਕਾਕਰਣ, ਫਲੂਸ਼ਾਟ ਤੇ ਬੱਚਿਆਂ ਦੀਆਂ ਬਿਮਾਰੀਆਂ ਸਬੰਧੀ ਵਿਸਥਾਰਪੂਰਵਕ



ਦੱਸਿਆ।

ਡਾ. ਹਰਮਿੰਦਰ ਕੌਰ ਨੇ ਸ਼ੂਗਰ ਦੇ ਕਾਰਨਾਂ ਅਤੇ ਇਸ ਦੇ ਇਲਾਜ ਸਬੰਧੀ ਬਹੁਤ ਹੀ ਖੂਬਸੂਰਤੀ ਨਾਲ ਆਪਣੇ ਸੁਝਾਅ ਪੇਸ਼ ਕੀਤੇ। ਡਾ. ਹਰਜਿੰਦਰ ਕੁਮਾਰ ਨੇ ਦੱਸਿਆ ਕਿ ਅੱਜ-ਕੱਲ ਦੇ ਯੁੱਗ ਵਿੱਚ ਕਸਰਤ ਕਰਨੀ ਬਹੁਤ ਜਰੂਰੀ ਹੈ। ਜਿਸ ਨਾਲ ਸਰੀਰ ਰਿਸ਼ਟ ਪੁਸ਼ਟ ਤੇ ਕਾਫੀ ਚੁਸਤ ਰਹਿੰਦਾ ਹੈ। ਸਾਡੇ ਸਰੀਰ ਦੇ ਸਾਰੇ ਅੰਗਾਂ ਦੀ ਕੰਮ ਕਰਨ ਦੀ ਸ਼ਕਤੀ ਵਧਦੀ ਹੈ। ਜਿਸ ਨਾਲ ਮਨੁੱਖ ਲੰਬਾ ਸਮਾਂ ਤੰਦਰੁਸਤ ਜ਼ਿੰਦਗੀ ਜਿਊ ਸਕਦਾ ਹੈ।

ਸਵਾਲ-ਜਵਾਬ ਦੇ ਸੈਸ਼ਨ ਵਿੱਚ ਬਲਜਿੰਦਰ ਸਿੰਘ ਸ਼ੰਮੀ, ਗੁਰਚਰਨ ਸਿੰਘ, ਤੇਜਬੀਰ ਸਿੰਘ ਅਰੋੜਾ ਅਤੇ ਬੀਬੀਆਂ ਨੇ ਆਪਣੇ ਸ਼ੰਕੇ ਦੂਰ ਕੀਤੇ। ਹੈੱਡ ਗ੍ਰੰਥੀ ਸੁਰਜੀਤ ਸਿੰਘ ਨੇ ਕਿਹਾ ਕਿ ਅਜਿਹੇ ਸੈਮੀਨਾਰ ਹਰ ਤਿਮਾਹੀ ਕਰਵਾਉਣੇ ਚਾਹੀਦੇ ਹਨ। ਜਿਸ ਨਾਲ ਮਨੁੱਖ ਨੂੰ ਆਪਣੇ ਸਰੀਰ ਸਬੰਧੀ ਗਿਆਨ ਪ੍ਰਾਪਤ ਹੁੰਦਾ ਰਹੇ। ਇਸ ਨੂੰ ਰਿਸ਼ਟ ਪੁਸ਼ਟ ਰੱਖਣ ਲਈ ਸਾਨੂੰ ਜਾਣਕਾਰੀ ਮਿਲਦੀ ਹੈ।ਮਹਿਤਾਬ ਸਿੰਘ ਕਾਹਲੋਂ ਜਿਨਾਂ ਨੇ ਇਸ ਹੈਲਥ ਸੈਮੀਨਾਰ ਨੂੰ ਕਰਵਾਉਣ ਲਈ ਆਪਣਾ ਯੋਗਦਾਨ ਪਾਇਆ। ਉਹ ਧੰਨਵਾਦ ਦੇ ਪਾਤਰ ਸਨ। ਸਟੇਜ ਸੰਚਾਲਨ ਦੀ ਸੇਵਾ ਡਾ. ਸੁਰਿੰਦਰ ਸਿੰਘ ਗਿੱਲ ਸਕੱਤਰ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਨੇ ਬੜੀ ਬਾਖ਼ੂਬੀ ਨਾਲ ਨਿਭਾਈ।

# ਹਰਦੀਪ ਸਿੰਘ ਮਾਨ ਨੇ ‘ਸਤਲੁਜ ਰਮਿੰਗਟਨ ਫੌਂਟ’ ਵਿਚ ਟਾਈਪ ਕਰਨ ਵਾਲਿਆਂ ਦੀ ਸਮੱਸਿਆ ਦਾ ਹੱਲ ਕੀਤਾ

**ਨਵਜੀਵਨ ਸਿੰਘ ਧੌਲਾ:** ਜੋ ਸੱਜਣ ਵਿੰਡੋ XP ਜਾਂ ਵਿੰਡੋ 7 ਵਿਚ ਸਤਲੁਜ ਰਮਿੰਗਟਨ ਫੌਂਟ ਵਿਚ ਟਾਈਪ ਕਰਦੇ ਸਨ, ਹੁਣ ਨਵੀਂ ਵਿੰਡੋ 10 ਵਿਚ ਉਨਾਂ ਨੂੰ ਟਾਈਪ ਕਰਨ ਵਿਚ ਮੁਸ਼ਕਲ ਹੋ ਰਹੀ ਸੀ। ਕਿਉਂਕਿ ਨਵੀਆਂ ਵਿੰਡੋਜ਼ ਵਿਚ 43 ਲੀਪਿਕਾ ਨਾਮ ਦਾ ਸਹਾਇਕ ਸਾਫਟਵੇਅਰ ਨਹੀਂ ਚਲਦਾ। ਜਿਸ ਕਰਕੇ ਉਹ ਟਾਈਪ ਨਹੀਂ ਕਰ ਸਕਦੇ। ਇਹ ਮੁਸ਼ਕਲ ਜਿਆਦਾਤਰ ਪ੍ਰਿੰਟ ਮੀਡੀਆ ਨਾਲ ਸਬੰਧਤ ਅਦਾਰਿਆਂ ਅਤੇ ਵਿਅਕਤੀਆਂ ਦੀ ਹੈ। ਕਈ ਸਾਲ ਇਕੋ ਫੌਂਟ ਵਿਚ ਟਾਈਪ ਕਰਨ ਕਰਕੇ ਉਹ ਨਵਾਂ ਫੌਂਟ ਸਿੱਖਣ ਤੋਂ ਅਸਮੱਰਥ ਹਨ ਅਤੇ ਦੂਜੇ ਪਾਸੇ ਪੁਰਾਣੀਆਂ ਵਿੰਡੋਜ਼ ਵਿਚ ਅੱਜ-ਕੱਲ ਦੇ ਕਈ ਲੋੜੀਂਦੇ ਸਾਫਟਵੇਅਰ ਨਹੀਂ ਚਲਦੇ। ਜਿਸ ਕਾਰਨ ਸਬੰਧਤ ਬੰਦਿਆਂ ਲਈ ਇਕ ਵੱਡਾ ਟੈਕਨੀਕਲ ਸੰਕਟ ਖੜਾ ਹੋ ਗਿਆ ਸੀ।



ਹੁਣ ਹਰਦੀਪ ਸਿੰਘ ਮਾਨ ਆਸਟਰੀਆ ਵੱਲੋਂ ਇਸਦਾ ਬਹੁਤ ਵਧੀਆ ਹੱਲ ਕੱਢ ਲਿਆ ਗਿਆ ਹੈ। ਤੁਸੀਂ ਕਿਸੇ ਵੀ ਵਿੰਡੋ ਵਿਚ ਸਤਲੁਜ ਰਮਿੰਗਟਨ ਟਾਈਪ ਕਰ ਸਕਦੇ ਹੋ। ਇਸ ਵਿਚ ਇਕ ਖਾਸ ਗੱਲ ਇਹ ਹੈ ਕਿ ਇਹ ਫੌਂਟ ਦੀ ਤਰਜ ਪਹਿਲਾਂ ਵਾਲੀ ਹੋ ਹੋਵੇਗੀ ਪਰ ਇਸ ਦੁਆਰਾ ਟਾਈਪ ਕੀਤਾ ਟੈਕਸਟ ਯੂਨੀਕੋਡ ਵਿਚ ਹੋਵੇਗਾ। ਭਾਵ ਕਿ ਤੁਸੀਂ ਆਪਣੇ ਕੀ ਬੋਰਡ ਤੇ ਸਤਲੁਜ ਰਮਿੰਗਟਨ ਵਾਂਗ ਹੀ ਟਾਈਪ ਕਰੋਂਗੇ ਪਰ ਤੁਹਾਨੂੰ ਇਸ ਦੀ ਆਉਟਪੁਟ ਪੰਜਾਬੀ ਯੂਨੀਕੋਡ ਵਿਚ ਮਿਲੇਗੀ। ਜੋ ਟਾਈਪਿੰਗ ਦੇ ਭਵਿੱਖ ਲਈ ਬਹੁਤ ਕਾਰਗਰ ਹੈ। ਇਸ ਨਾਲ ਜਿੱਥੇ ਤੁਸੀਂ ਪੰਜਾਬ? ਸਰਕਾਰ ਦੇ ਆਦੇਸ਼ਾਂ ਅਨੁਸਾਰ ਪੰਜਾਬੀ ਯੂਨੀਕੋਡ ਵਿਚ ਸਿੱਧਾ ਟਾਈਪ ਕਰ ਸਕਦੇ ਹੋਂ ਓਥੇ ਸੋਸ਼ਲ ਮੀਡੀਆ ਆਦਿ ਤੇ ਸਿੱਧੀ ਚੈਟ ਅਤੇ ਟੱਪਣੀਆਂ ਲਈ ਵਰਤਿਆ ਜਾ ਸਕਦਾ ਹੈ। ਇਹ ਨਿੱਕਾ ਜਿਹਾ ਪ੍ਰੋਗਰਾਮ (295™2) ਵਰਤਣਾ ਬੜਾ ਸੌਖਾ ਹੈ। Alt + Shift ਇੱਕਠੇ ਦੱਬਣ ਨਾਲ ਤੁਸੀਂ ਪੰਜਾਬੀ ਤੋਂ ਰੋਮਨ (ਤੇ ਉਲਟ) ਓਬਚ ਲਿਖਣ ਲਈ ਕੀਬੋਰਡ ਬਦਲ ਸਕਦੇ ਹੋ।

ਸਤਲੁਜ ਰਮਿੰਗਟਨ (Satluj Remington) ਆਫ਼ਲਾਈਨ ਕੀਬੋਰਡ ਈਜਾਦ ਕਰਨ ਲਈ ਅਸੀਂ ਹਰਦੀਪ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਤੁਸੀਂ **www.jattsite.com** ਲਿੰਕ ’ਤੇ ਜਾ ਕੇ ਤੋਂ ਇਹ ਪ੍ਰੋਗਰਾਮ ਡਾਊਨਲੋਡ ਕਰ ਸਕਦੇ ਹੋ।

# ਕੈਪਟਨ ਸਰਕਾਰ ਦੇ ਵਤੀਰੇ ਤੋਂ ਪ੍ਰਵਾਸੀ ਪੰਜਾਬੀ ਖ਼ਫਾ, ਕਰੋੜਾਂ ਰੁਪਏ ਖਰਚਣ ਬਾਅਦ ਵੀ ਖੱਜਲ ਖੁਆਰੀ : ਗਾਖਲ

**ਜਲੰਧਰ/ ਏ.ਟੀ.ਨਿਊਜ਼:** ਪੰਜਾਬ ਸਰਕਾਰ ਦੇ ਪ੍ਰਵਾਸੀ ਪੰਜਾਬੀਆਂ ਪ੍ਰਤੀ ਰੁੱਖੇ ਵਤੀਰੇ ਤੋਂ ਵਿਦੇਸ਼ਾਂ ’ਚ ਰਹਿ ਕੇ ਪੰਜਾਬ ਦੇ ਲੋਕ ਭਲਾਈ ਕਮਮਾਂ ਲਈ ਵੱਡੀਆਂ ਰਕਮਾਂ ਖਰਚ ਕਰਨ ਵਾਲੇ ਪੰਜਾਬੀਆਂ ’ਚ ਭਾਰੀ ਨਿਰਾਸ਼ਾ ਹੈ। ਜਲੰਧਰ ਨੇੜਲੇ ਪਿੰਡ ਗਾਖਲ ਦੇ ਜੰਮਪਲ ਤੇ ਅਮਰੀਕਾ ’ਚ ਰਹਿੰਦੇ ਸ੍ਰੀ ਅਮੋਲਕ ਸਿੰਘ ਗਾਖਲ ਦੇ ਪਰਿਵਾਰ ਵਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਤੇ ਪਿੰਡ ਦੇ ਵਿਕਾਸ ਕਾਰਜਾਂ ’ਚ ਭਾਰੀ ਯੋਗਦਾਨ ਪਾਇਆ ਜਾਂਦਾ ਰਿਹਾ ਹੈ। ਸੁਰਜੀਤ ਯਾਦਗਾਰੀ ਹਾਕੀ ਮੁਕਾਬਲੇ ਦਾ ਸਾਢੇ 5 ਲੱਖ ਰੁਪਏ ਦਾ ਇਨਾਮ ਉਨਾਂ ਵਲੋਂ ਦਿੱਤਾ ਜਾਂਦਾ ਹੈ ਤੇ ਹੋਰ ਬਹੁਤ ਸਾਰੇ ਟੂਰਨਾਮੈਂਟ ਸਪਾਂਸਰ ਕੀਤੇ ਜਾਂਦੇ ਹਨ। ਹੁਣ ਉਨਾਂ ਵਲੋਂ ਪਿੰਡ ’ਚ ਸਵੱਛਤਾ ਤੇ ਸਿਹਤਯਾਬੀ ਲਈ ਵੱਡਾ ਉੱਦਮ ਕਰਦਿਆਂ ਪਹਿਲਾਂ ਛੱਪੜ ਪੂਰਿਆ ਤੇ ਫਿਰ ਕਰੀਬ ਇੱਕ ਕਰੋੜ ਰੁਪਏ ਦੀ ਰਕਮ ਖਰਚ ਕਰਕੇ ਸੀਵਰੇਜ ਪੁਆਇਆ ਜਾ ਰਿਹਾ ਹੈ, ਪਰ ਪਿਛਲੇ ਹਫਤੇ ਜਲ ਸਪਲਾਈ ਦੇ ਅਧਿਕਾਰੀਆਂ ਤੇ ਏ. ਡੀ. ਸੀ. ਵਿਕਾਸ ਨੇ ਟੈਲੀਫੋਨ ਵਾਰਤਾ ’ਚ ਸ਼ਿਕਾਇਤ ਦਾ ਹਵਾਲਾ ਦੇ ਕੇ ਅਮੋਲਕ ਸਿੰਘ ਗਾਖਲ ਨੂੰ ਤੁਰੰਤ ਕੰਮ ਬੰਦ ਕਰਨ ’ਤੇ ਹੋਣ ਵਾਲੇ ਕਿਸੇ ਨੁਕਸਾਨ ਲਈ ਜ਼ਿੰਮੇਵਾਰ ਹੋਣ ਦਾ ਹੁਕਮ ਚਾੜ ਦਿੱਤਾ। ਅਧਿਕਾਰੀਆਂ ਨੇ ਦੋਸ਼ ਲਗਾਇਆ ਕਿ ਸੀਵਰੇਜ ਪੈਣ ਨਾਲ ਜਲ ਸਪਲਾਈ ’ਚ ਵਿਘਨ ਪੈਣ ਤੇ ਪਾਣੀ ਦੂਸ਼ਿਤ ਹੋਣ ਦਾ ਖਦਸ਼ਾ ਹੈ। ਹਾਲਾਂਕਿ ਪਿੰਡ ਦੇ ਕਿਸੇ ਵਿਅਕਤੀ ਨੇ ਅਜਿਹੀ ਸ਼ਿਕਾਇਤ ਨਹੀਂ ਕੀਤੀ। ਸ੍ਰੀ ਅਮੋਲਕ ਸਿੰਘ ਗਾਖਲ ਨੇ ਅਮਰੀਕਾ ਤੋਂ ਫੋਨ ’ਤੇ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਬੜੇ ਚਾਅ ਨਾਲ ਪਿੰਡ ਦੇ ਵਿਕਾਸ ਲਈ ਵੱਡੀ ਰਕਮ ਖਰਚਦੇ ਹਾਂ ਪਰ ਸਰਕਾਰੀ ਤੰਤਰ ਮਦਦਗਾਰ ਹੋਣ ਦੀ ਥਾਂ ਸਾਨੂੰ ਹੀ ਕੰਮ ਬੰਦ ਕਰਨ ਦੇ ਨੋਟਿਸ ਜਾਰੀ ਕਰਨ ’ਤੇ ਉੱਤਰ ਆਇਆ ਹੈ। ਡਿਪਟੀ ਕਮਿਸ਼ਨਰ ਜਲੰਧਰ ਸ੍ਰੀ ਵਰਿੰਦਰ ਕੁਮਾਰ ਨੇ ਸੰਪਰਕ ਕਰਨ ’ਤੇ ਦੱਸਿਆ ਕਿ ਸਾਰਾ ਮਾਮਲਾ ਉਨਾਂ ਦੇ ਧਿਆਨ ’ਚ ਆ ਗਿਆ ਹੈ ਤੇ ਇਸ ਮਾਮਲੇ ਦੀ ਪੜਤਾਲ ਕਰਵਾਈ ਜਾ ਰਹੀ ਹੈ। ਉਨਾਂ ਕਿਹਾ ਕਿ ਪ੍ਰਵਾਸੀ ਪਰਿਵਾਰ ਵਲੋਂ ਨੀਅਤੀ ਨਾਲ ਕਰਵਾਏ ਕੰਮ ਨੂੰ ਬੰਦ ਨਹੀਂ ਹੋਣ ਦਿੱਤਾ ਜਾਵੇਗਾ।



ਜੇਕਰ ਕੋਈ ਤਕਨੀਕੀ ਰੁਕਾਵਟ ਹੋਵੇਗੀ, ਉਹ ਵੀ ਦੂਰ ਕਰ ਦਿੱਤੀ ਜਾਵੇਗੀ।

# NJ Truck Lines



## WANTED
## OWNER OPERATORS and DRIVERS

- Dry vans only
- Grater Midwest area/East /Tx
- Phoenix/Portland
- Competitive Rates
- Next Day Pay
- Fuel card/Fuel Discounts
- Dispatch With Rate Confirmation copy
- No Forced Dispatch

## APPLY TODAY
CALL: 209 341 9196
dispatch@njtruckline.com







**FUEL CARD**
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

**FACTORING**
Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com
PETRO Stopping Centers · TA TravelCenters of America · Loves Travel Stops & Country Stores

# Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com

*We sell and ship homeopathic remedies through out North America.*
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders





ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS
4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਤੂੰ ਸ਼ਾਹੀਂ ਹੈਂ, ਤੇਰੀ ਫਿਤਰਤ ਹੈ ਉੱਡਣਾ

**- ਨਰਿੰਦਰ ਕੌਰ ਸੋਹਲ**

ਫਾਰਸੀ ਭਾਸ਼ਾ ਵਿੱਚ ਸ਼ਾਹੀਂ ਦਾ ਅਰਥ ਹੈ ਬਾਜ਼। ਸ਼ਾਹੀਂ ਬਾਗ਼ ਹੁਣ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਰਿਹਾ। ਸ਼ਾਹੀਂ ਬਾਗ ਹੁਣ ਦੇਸ਼ ਤੋਂ ਬਾਹਰ ਵੀ ਜਾਣਿਆ ਜਾਣ ਲੱਗਾ ਹੈ। ਪਹਿਲਾਂ ਬਹੁਤ ਘੱਟ ਲੋਕ ਜਾਣਦੇ ਸਨ ਕਿ ਇਸ ਨਾਮ ਦੀ ਕੋਈ ਥਾਂ ਦਿੱਲੀ ਵਿੱਚ ਹੈ। ਪਰ ਜਦੋਂ ਦੇਸ਼ ਭਰ ਵਿੱਚ ਐੱਨ ਆਰ ਸੀ ਅਤੇ ਸੀ ਏ ਏ ਦਾ ਵਿਰੋਧ ਸ਼ੁਰੂ ਹੋਇਆ ਤਾਂ ਇਸ ਥਾਂ ਬਾਰੇ ਵੀ ਚਰਚਾ ਚੱਲ ਪਈ ਕਿਉਂਕਿ ਯੂਨੀਵਰਸਿਟੀਆਂ ਵਿੱਚ ਸ਼ੁਰੂ ਹੋਏ ਵਿਰੋਧ ਤੋਂ ਬਾਅਦ, ਸਭ ਤੋਂ ਪਹਿਲਾਂ ਇਸ ਇਲਾਕੇ ਦੀਆਂ ਵਡੇਰੀ ਉਮਰ ਦੀਆਂ ਕੁਝ ਔਰਤਾਂ ਨੇ ਸੀ ਏ ਏ ਦੇ ਵਿਰੁੱਧ ਇੱਥੇ ਧਰਨਾ ਲਗਾ ਦਿੱਤਾ। ਇਸ ਵਿੱਚ ਵੇਖਦਿਆਂ ਹੀ ਵੇਖਦਿਆਂ ਹਰ ਉਮਰ ਦੀਆਂ ਹਾਜਾਰਾਂ ਔਰਤਾਂ ਆ ਸ਼ਾਮਲ ਹੋਈਆਂ। ਜੇ 80, 85 ਸਾਲ ਤੱਕ ਦੀ ਉਮਰ ਦੀਆਂ ਔਰਤਾਂ ਸ਼ਾਮਲ ਸਨ ਤਾਂ ਮਹਿਜ਼ 20 ਦਿਨਾਂ ਦੀ ਉਹ ਬੱਚੀ ਵੀ ਸ਼ਾਮਲ ਸੀ, ਜਿਸ ਦੀ ਮਾਂ ਭਵਿੱਖ ਨੂੰ ਖ਼ਤਰੇ ਵਿੱਚ ਵੇਖਦਿਆਂ ਘਰ ਬੈਠਣ ਦੀ ਬਜਾਏ ਧਰਨੇ ਵਿੱਚ ਸ਼ਾਮਲ ਹੋਣਾ ਜ਼ਰੂਰੀ ਸਮਝਦੀ ਸੀ। ਸ਼ਾਹੀਨ ਬਾਗ਼ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਦੋਂ ਤੁਸੀਂ ਉੱਥੇ ਜਾਂਦੇ ਹੋ ਤਾਂ ਇਹ ਵੇਖਦੇ ਹੋ ਕਿ ਧਰਨੇ ਵਾਲੀ ਥਾਂ ਦੇ ਵਿਚਕਾਰ ਇੱਕ ਛੋਟੀ ਜਿਹੀ ਸਟੇਜ ਬਣੀ ਹੋਈ ਹੈ, ਜਿਸਦੇ ਪਿਛਲੇ ਪਾਸੇ ਕੁਝ ਤਸਵੀਰਾਂ ਲੱਗੀਆਂ ਹੋਈਆਂ ਹਨ। ਜਿਵੇਂ ਬੀ ਆਰ ਅੰਬੇਡਕਰ, ਸੁਭਾਸ਼ ਚੰਦਰ ਬੋਸ, ਬੇਗ਼ਮ ਰੁਕਈਆ, ਸਖ਼ਾਵਤ ਹੁਸੈਨ, ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਆਦਿ। ਆਪ ਮੁਹਾਰੇ ਸ਼ੁਰੂ ਹੋਏ ਇਸ ਧਰਨੇ ਵਿੱਚ ਕੋਈ ਪ੍ਰਧਾਨਗੀ ਮੰਡਲ ਨਹੀਂ ਹੈ ਸਗੋਂ ਸਟੇਜ ਕੋਲ ਖਲੋਤੇ ਕੁਝ ਵਲੰਟੀਅਰਜ਼ ਨੂੰ ਤੁਸੀਂ ਆਪਣਾ ਨਾਂ ਦੱਸ ਕੇ ਬੋਲਣ ਦੀ ਇਜਾਜ਼ਤ ਲੈ ਸਕਦੇ ਹੋ। ਹਰ ਪਾਸੇ ਪੇਂਟਿੰਗਜ਼ ਰਾਹੀਂ ਆਪਣੇ ਜਜ਼ਬਾਤਾਂ ਨੂੰ ਦਰਸਾਇਆ ਗਿਆ ਹੈ। ਕਿਤਾਬਾਂ ਪੜਨ ਲਈ ਇੱਕ ਛੋਟੀ ਲਾਇਬ੍ਰੇਰੀ ਵੀ ਹੈ। ਦਾਦੀਆਂ ਦੇ ਪੋਸਟਰ ਅਤੇ ਪੇਂਟਿੰਗਜ਼ ਵੀ ਲਗਾਈਆਂ ਗਈਆਂ ਹਨ। ਸਟੇਜ ਦੇ ਸਾਹਮਣੇ ਪਾਸੇ ਵੱਲ ਬਹੁਤ ਵੱਡਾ ਭਾਰਤ ਦਾ ਨਕਸ਼ਾ ਬਣਾ ਕੇ ਖੜਾ ਕੀਤਾ ਗਿਆ ਹੈ, ਜਿਸਦੇ ਉੱਪਰ ਅਸੀਂ ਭਾਰਤ ਦੇ ਲੋਕ ਅਤੇ ਐੱਨ ਆਰ ਸੀ, ਸੀ ਏ ਏ ਦਾ ਵਿਰੋਧ ਦਰਜ਼ ਹੈ। ਇਸ ਸਭ ਨੇ ਲੋਕਾਂ ਦਾ ਧਿਆਨ ਖਿੱਚਿਆ ਤਾਂ ਸ਼ਾਹੀਨ ਬਾਗ਼ ਬਾਰੇ ਹਾਂ ਪੱਖੀ ਦੇ ਨਾਲ ਨਾਲ ਨਾ ਪੱਖੀ ਪ੍ਰਚਾਰ ਵੀ ਜ਼ੋਰਾਂ ਉੱਤੇ ਹੋਣ ਲੱਗ ਪਿਆ। ਇਸ ਨੂੰ ਤੌਹੀਨ ਬਾਗ਼, ਪਾਕਿਸਤਾਨ ਦੇ ਹਮਾਇਤੀਆਂ ਦਾ ਧਰਨਾ, ਟੁਕੜੇ ਟੁਕੜੇ ਗੈਂਗ ਵਾਲਿਆਂ ਦਾ ਅੱਡਾ, ਮਿਨੀ ਪਾਕਿਸਤਾਨ ਅਤੇ ਹੋਰ ਵੀ ਬਹੁਤ ਕੁਝ ਕਿਹਾ ਗਿਆ। ਚੋਣ ਪ੍ਰਚਾਰ ਦੌਰਾਨ ਦਿੱਲੀ ਵਾਸੀਆਂ ਨੂੰ ਡਰਾਉਣ ਲਈ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਗਿਆ ਕਿ ਇਹ ਮੁਜ਼ਾਹਰਾਕਾਰੀ ਤੁਹਾਡੇ ਘਰਾਂ ਵਿੱਚ ਵੜ ਕੇ, ਤੁਹਾਡੀਆਂ ਧੀਆਂ ਭੈਣਾਂ ਨਾਲ ਬਲਾਤਕਾਰ ਕਰਨਗੇ। ਇਹ ਲੋਕਾਂ ਵਿੱਚ ਵੰਡੀਆਂ ਪਾਉਣ ਦਾ ਸਿਰੇ ਦਾ ਯਤਨ ਸੀ।



ਗੱਲ ਇੱਥੋਂ ਤੱਕ ਹੀ ਸੀਮਤ ਨਾ ਰਹੀ ਸਗੋਂ ਗੋਲੀ ਮਾਰਨ ਤੱਕ ਦੀਆਂ ਗੱਲਾਂ ਵੀ ਕੀਤੀਆਂ ਜਾਣ ਲੱਗੀਆਂ। ਇੱਕ ਸਿਰ ਫਿਰੇ ਵੱਲੋਂ ਤਾਂ ਧਰਨਾਕਾਰੀਆਂ ਵਿੱਚ ਅਫਰਾ ਤਫਰੀ ਮਚਾਉਣ ਲਈ ਹਵਾ ਵਿੱਚ ਫਾਇਰਿੰਗ ਤੱਕ ਵੀ ਕਰ ਦਿੱਤੀ ਗਈ। ਪਰ ਜੁਝਾਰੂ ਔਰਤਾਂ ਨੇ ਇਸਦੀ ਕੋਈ ਪ੍ਰਵਾਹ ਕੀਤੇ ਬਗੈਰ, ਡਰ ਭੈਅ ਤੋਂ ਮੁਕਤ ਹੋ ਕੇ ਸ਼ਾਂਤੀ ਨਾਲ ਆਪਣਾ ਰੋਸ ਪ੍ਰਦਰਸ਼ਨ ਜਾਰੀ ਰੱਖਿਆ। ਇਹ ਔਰਤਾਂ ਆਪਣੇ ਹੱਕਾਂ ਪ੍ਰਤੀ ਪੂਰੀ ਤਰਾਂ ਜਾਗਰੂਕ ਹਨ ਅਤੇ ਹਰ ਸਵਾਲ ਦਾ ਜਵਾਬ ਤਰਕ ਨਾਲ ਦੇਣਾ ਜਾਣਦੀਆਂ ਨੇ. ਜੋ 'ਪੰਜ ਪੰਜ ਸੌ ਰੁਪਏ ਲੈ ਕੇ ਬੈਠੀਆਂ' ਕਹਿਣ ਵਾਲਿਆਂ ਲਈ ਇੱਕ ਤਮਾਚਾ ਹੈ।

ਜਦੋਂ ਇਹਨਾਂ ਸੰਘਰਸ਼ੀ ਔਰਤਾਂ ਨਾਲ ਇਸ ਸਬੰਧੀ ਗੱਲ ਕੀਤੀ ਗਈ ਕਿ ਜੋ ਕੁਝ ਹੋ ਰਿਹਾ ਹੈ, ਤੁਹਾਨੂੰ ਡਰ ਨਹੀਂ ਲੱਗਦਾ ? ਉਹਨਾਂ ਦਾ ਜਵਾਬ ਸੀ ਕਿ ਇਸ ਮਾਹੌਲ ਕਾਰਨ ਸਗੋਂ ਸਾਡਾ ਸਾਰਾ ਡਰ ਦੂਰ ਹੋ ਗਿਆ ਹੈ। ਮਰਨਾ ਤਾਂ ਇੰਜ ਵੀ ਹੈ ਤੇ ਉਂਜ ਵੀ, ਫਿਰ ਕਿਉਂ ਨਾ ਲੜ ਕੇ ਮਰਿਆ ਜਾਵੇ। ਕੁਝ ਔਰਤਾਂ ਨੇ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਐੱਨ ਆਰ ਸੀ, ਸੀ ਏ ਏ ਨੇ ਤਾਂ ਸਾਡੇ ਬੁਰਕੇ ਲੁਹਾ ਦਿੱਤੇ ਹਨ ਤੇ ਅਸੀਂ ਸਭ ਬੰਦਸ਼ਾਂ ਤੋੜ ਕੇ ਆਪਣੇ ਬੱਚਿਆਂ ਦੇ ਭਵਿੱਖ ਲਈ, ਸੰਘਰਸ਼ ਦੇ ਮੈਦਾਨ ਵਿੱਚ ਉੱਤਰ ਆਈਆਂ ਹਾਂ। ਕਈ ਨੌਜਵਾਨ ਲੜਕੀਆਂ ਨੇ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਲਈ ਆਪਣੀਆਂ ਨੌਕਰੀਆਂ ਤੱਕ ਛੱਡ ਦਿੱਤੀਆਂ ਹਨ। ਇਸ ਪਿਛਲੇ ਕਾਰਨਾਂ ਨੂੰ ਬਿਆਨ ਕਰਦਿਆਂ ਉਹਨਾਂ ਕਿਹਾ ਕਿ ਜੇ ਸੀ ਏ ਏ ਲਾਗੂ ਹੋ ਜਾਂਦਾ ਹੈ ਤਾਂ ਸਾਡੀ ਨਾਗਰਿਕਤਾ ਖੋਹ ਲਈ ਜਾਵੇਗੀ ਫਿਰ ਅਸੀਂ ਕੀ ਕਰਾਂਗੇ ? ਇਸ ਲਈ ਅੱਜ ਸਭ ਤੋਂ ਵੱਡਾ ਮਸਲਾ ਆਪਣੀ ਨਾਗਰਿਕਤਾ ਬਚਾਉਣ ਲਈ ਐੱਨ ਆਰ ਸੀ, ਸੀ ਏ ਏ, ਐੱਨ ਪੀ ਆਰ ਵਰਗੇ ਕਾਲੇ ਕਾਨੂੰਨਾਂ ਦਾ ਵਿਰੋਧ ਕਰਨਾ ਹੈ।

ਇਸ ਧਰਨੇ ਨੂੰ ਲਗਭਗ ਦੋ ਮਹੀਨੇ ਬੀਤ ਚੁੱਕੇ ਹਨ ਪਰ ਇੱਥੇ ਹਾਜ਼ਰ ਦਾਦੀਆਂ/ ਨਾਨੀਆਂ ਦੇ ਹੌਸਲੇ ਅੱਜ ਵੀ ਪੂਰੀ ਤਰਾਂ ਬੁਲੰਦ ਹਨ। ਵੱਖ-ਵੱਖ ਜਥੇਬੰਦੀਆਂ, ਸੰਸਥਾਵਾਂ ਅਤੇ ਜੋ ਵੀ ਇਸ ਸਘੰਰਸ਼ ਦੀ ਹਮਾਇਤ ਵਿੱਚ ਹੈ, ਆ ਕੇ ਆਪਣੇ ਵਿਚਾਰਾਂ ਰਾਹੀਂ ਹਾਜ਼ਰੀ ਲਗਵਾ ਰਿਹਾ ਹੈ। ਸ਼ਾਹੀਨ ਬਾਗ਼ ਜਾ ਕੇ ਹੀ ਪਤਾ ਲੱਗਦਾ ਹੈ ਕਿ ਇਹ ਧਰਨਾ ਸਿਰਫ਼ ਮੁਸਲਮਾਨਾਂ ਦਾ ਨਹੀਂ (ਜਿਵੇਂ ਦਾ ਪ੍ਰਚਾਰ ਕੀਤਾ ਗਿਆ ਸੀ) ਸਗੋਂ ਸਾਰੇ ਭਾਰਤ ਦੇ ਲੋਕਾਂ ਦਾ ਹੈ। ਜੇ ਵੱਡੀ ਗਿਣਤੀ ਵਿੱਚ ਔਰਤਾਂ ਧਰਨਾ ਮਾਰੀ ਬੈਠੀਆਂ ਹਨ ਤਾਂ ਉਹਨਾਂ ਦੀ ਹਮਾਇਤ ਵਿੱਚ ਵੱਡੀ ਗਿਣਤੀ ਆਦਮੀਆਂ ਦੀ ਵੀ ਉੱਥੇ ਹਾਜ਼ਰ ਹੈ। ਜੋ ਹਰ ਗੱਲ ਦਾ ਧਿਆਨ ਰੱਖ ਰਹੇ ਹਨ।

ਇਹ ਇਕੱਠ ਉਹਨਾਂ ਲੋਕਾਂ ਦਾ ਹੈ, ਜਿਨਾਂ ਦੇ ਵੱਡੇ ਵਡੇਰੇ ਇਸ ਧਰਤੀ ਉੱਤੇ ਪੈਦਾ ਹੋਏ ਤੇ ਇਸੇ ਮਿੱਟੀ ਵਿੱਚ ਦਫ਼ਨ ਹੋ ਗਏ। ਜਿਨਾਂ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਧਰਮਾਂ, ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਕੁਰਬਾਨੀਆਂ ਦਿੱਤੀਆਂ। ਅੱਜ ਜੇ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਦੀ ਗੱਲ ਕੀਤੀ ਜਾਵੇਗੀ ਤਾਂ ਅਸ਼ਫ਼ਾਕ ਉਲਾ ਖਾਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ। ਇਹ ਦੇਸ਼, ਇਹ ਮਿੱਟੀ ਉਨਾਂ ਸਭ ਦੀ ਆਪਣੀ ਹੈ ਤੇ ਕੋਈ ਵੀ ਤਾਕਤ ਉਨਾਂ ਨੂੰ ਇਸ ਮਿੱਟੀ ਤੋਂ ਜੁਦਾ ਨਹੀਂ ਕਰ ਸਕਦੀ। ਇਹ ਲੜਾਈ ਸਿਰਫ਼ ਉਹਨਾਂ ਦੀ ਆਪਣੀ ਨਹੀਂ ਸਗੋਂ ਆਉਣ ਵਾਲੀਆਂ ਪੀੜੀਆਂ ਲਈ ਵੀ ਹੈ। ਉਸ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਵੀ ਹੈ ਜੋ ਸਭ ਦੇ ਬਰਾਬਰਤਾ ਦੀ ਗੱਲ ਕਰਦਾ ਹੈ। ਪਰ ਮੌਜੂਦਾ ਸਰਕਾਰ ਸੰਵਿਧਾਨ ਨੂੰ ਵਾਰ-ਵਾਰ ਤੋੜ ਮਰੋੜ ਰਹੀ ਹੈ। ਪਹਿਲਾਂ 370 ਦਾ ਖਾਤਮਾ ਤੇ ਫਿਰ ਨਾਗਰਿਕਤਾ ਸੋਧ ਕਾਨੂੰਨ ਦਾ ਹੋਂਦ ਵਿੱਚ ਆਉਣਾ ਜੋ ਪਾਕਿਸਤਾਨ, ਅਫਗਾਨਿਸਤਾਨ ਤੇ ਬੰਗਲਾਦੇਸ਼ ਵਿੱਚ ਵਸਦੇ ਗ਼ੈਰ-ਮੁਸਲਿਮ ਫ਼ਿਰਕਿਆਂ ਦੇ ਲੋਕਾਂ ਨੂੰ ਧਰਮ ਦੇ ਆਧਾਰ ਉੱਤੇ ਹੀ ਭਾਰਤੀ ਨਾਗਰਿਕਤਾ ਦੇਣ ਦੀ ਗੱਲ ਕਰਦਾ ਹੈ। ਐੱਨ ਪੀ ਆਰ ਰਾਹੀਂ ਤਾਂ ਦੇਸ਼ ਦੇ ਹਰ ਆਦਮੀ/ਔਰਤ ਤੋਂ ਇਸ ਦੇਸ਼ ਦਾ ਨਾਗਰਿਕ ਹੋਣ ਦੇ ਸਬੂਤ ਮੰਗੇ ਜਾਣਗੇ। ਸਦੀਆਂ ਤੋਂ ਇਸ ਧਰਤੀ ਉੱਤੇ ਵਸਦੇ ਲੋਕਾਂ ਤੋਂ ਹੁਣ ਪੁੱਛਿਆ ਜਾਵੇਗਾ ਕਿ ਇਸ ਧਰਤੀ ਨਾਲ ਆਪਣੇ ਸਬੰਧਾਂ ਦਾ ਸਬੂਤ ਦਿਉ।

ਬਾਕੀ ਸਫ਼ਾ 31 'ਤੇ

# ਕਸ਼ਮੀਰ ਬਾਰੇ ਉਸਾਰੂ ਸੋਚ ਦੀ ਲੋੜ



**ਵਿਵੇਕ ਕਾਟਜੂ**

ਮੋਦੀ ਸਰਕਾਰ ਨੇ ਬੀਤੇ ਵਰੇ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਸਬੰਧੀ ਕੁਝ ਮਹੱਤਵਪੂਰਨ ਸੰਵਿਧਾਨਕ ਤਬਦੀਲੀਆਂ ਕੀਤੀਆਂ ਸਨ। ਉਦੋਂ ਤੋਂ ਕੁਝ ਲੋਕ ਉਸ ਵਿਰੁੱਧ ਲਗਾਤਾਰ ਜ਼ਹਿਰ ਫੈਲਾਉਣ ਵਿਚ ਲੱਗੇ ਹੋਏ ਹਨ। ਤੁਰਕੀ ਦੇ ਰਾਸ਼ਟਰਪਤੀ ਰੈਸੇਪ ਤੈਯਪ ਅਰਦੋਗਨ ਵੀ ਉਨਾਂ 'ਚੋਂ ਇਕ ਹਨ। ਬੀਤੇ ਸ਼ੁੱਕਰਵਾਰ ਨੂੰ ਇਕ ਵਾਰ ਫਿਰ ਇਸ ਦੀ ਵੰਨਗੀ ਦਿਖਾਈ ਦਿੱਤੀ ਜਦ ਪਾਕਿਸਤਾਨੀ ਸੰਸਦ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਕਰਦਿਆਂ ਉਨਾਂ ਨੇ ਕਸ਼ਮੀਰ ਦਾ ਰਾਗ ਅਲਾਪਿਆ। ਕਸ਼ਮੀਰੀ ਵੱਖਵਾਦ ਦੀ ਤੁਲਨਾ ਪਹਿਲੀ ਸੰਸਾਰ ਜੰਗ ਵਿਚ ਵਿਦੇਸ਼ੀ ਗਲਬੇ ਵਿਰੁੱਧ ਤੁਰਕੀ ਦੀ ਲੜਾਈ ਨਾਲ ਕਰਦੇ ਹੋਏ ਅਰਦੋਗਨ ਨੇ ਪਾਕਿਸਤਾਨ ਨੂੰ ਭਰੋਸਾ ਦਿੱਤਾ ਕਿ ਕਸ਼ਮੀਰ ਤੁਰਕੀ ਲਈ ਵੀ ਓਨਾ ਹੀ ਸੰਵੇਦਨਸ਼ੀਲ ਮਸਲਾ ਹੈ ਜਿੰਨਾ ਪਾਕਿਸਤਾਨ ਲਈ। ਪਾਕਿਸਤਾਨ ਦੇ ਸੁਰ ਵਿਚ ਸੁਰ ਮਿਲਾਉਂਦੇ ਹੋਏ ਉਨਾਂ ਦੁਹਰਾਇਆ ਕਿ ਭਾਰਤ ਦਾ ਕਦਮ ਇਕਪਾਸੜ ਹੈ ਜਿਸ ਦੀ ਮਾਰ ਕਸ਼ਮੀਰੀਆਂ 'ਤੇ ਪੈ ਰਹੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰਨ ਦੀਆਂ ਉਨਾਂ ਦੀਆਂ ਕੋਸ਼ਿਸ਼ਾਂ ਨੂੰ ਖ਼ਾਰਜ ਕਰ ਕੇ ਇਕਦਮ ਸਹੀ ਕੀਤਾ ਹੈ। ਨਾਲ ਹੀ ਇਹ ਸਹੀ ਹਦਾਇਤ ਵੀ ਦਿੱਤੀ ਕਿ ਤੁਰਕੀ ਅਸਲ ਤੱਥਾਂ ਨੂੰ ਲੈ ਕੇ ਆਪਣੀ ਸਮਝ ਵਿਚ ਵਾਧਾ ਕਰੇ ਅਤੇ ਇਸ 'ਤੇ ਵੀ ਵਿਚਾਰ ਕਰੇ ਕਿ ਪਾਕਿਸਤਾਨ ਕਿਸ ਤਰਾਂ ਭਾਰਤ ਅਤੇ ਇਸ ਸਮੁੱਚੇ ਖਿੱਤੇ ਵਿਚ ਅੱਤਵਾਦ ਦਾ ਪਾਲਣ-ਪੋਸ਼ਣ ਕਰ ਰਿਹਾ ਹੈ। ਦਰਅਸਲ, 1950 ਦੇ ਦਹਾਕੇ ਤੋਂ ਹੀ ਇਨਾਂ ਦੋਵਾਂ ਦੇਸ਼ਾਂ ਦਾ ਡੂੰਘਾ ਦੋਸਤਾਨਾ ਰਿਹਾ ਹੈ। ਦੋਵਾਂ ਮੁਲਕਾਂ ਦੀਆਂ ਫ਼ੌਜਾਂ ਦੇ ਰਿਸ਼ਤੇ ਵੀ ਬੇਹੱਦ ਕਰੀਬੀ ਰਹੇ ਹਨ। ਇਨਾਂ ਕਾਰਨ ਤੁਰਕੀ ਕਸ਼ਮੀਰ ਸਹਿਤ ਤਮਾਮ ਮਾਮਲਿਆਂ 'ਤੇ ਪਾਕਿਸਤਾਨ ਦਾ ਹਮਦਰਦ ਬਣਿਆ ਰਿਹਾ। ਸੰਨ 2016 ਵਿਚ ਵੀ ਪਾਕਿਸਤਾਨ ਦੌਰੇ 'ਤੇ ਆਏ ਅਰਦੋਗਨ ਨੇ ਕਿਹਾ ਸੀ ਕਿ ਤੁਰਕੀ ਕਸ਼ਮੀਰੀਆਂ ਦੇ ਦੱਖ-ਦਰਦ ਤੋਂ ਭਲੀਭਾਂਤ ਜਾਣੂ ਹੈ। ਫ਼ਿਲਹਾਲ ਤਾਜ਼ਾ ਸੰਦਰਭ ਵਿਚ ਅਰਦੋਗਨ ਨੇ ਜੋ ਤਲਖ਼ ਬਿਆਨ ਦਿੱਤਾ ਹੈ, ਉਸ ਦੇ ਪਿੱਛੇ ਇਸਲਾਮਿਕ ਜਗਤ ਦਾ ਸਿਰਮੌਰ ਬਣਨ ਦੀ ਤਮੰਨਾ ਹੀ ਹੈ। ਉਹ ਤੁਰਕੀ ਨੂੰ ਉਸੇ ਦੌਰ ਵਿਚ ਵਾਪਸ ਲੈ ਕੇ ਜਾਣਾ ਚਾਹੁੰਦੇ ਹਨ ਜਦ ਆਟੋਮਨ ਸਾਮਰਾਜ ਦੇ ਸੁਨਹਿਰੇ ਦੌਰ ਵਿਚ ਤੁਰਕੀ ਦੇ ਸੁਲਤਾਨ ਨੂੰ ਖਲੀਫਾ ਦੀ ਪਦਵੀ ਹਾਸਲ ਸੀ। ਹੁਣ ਇਸਲਾਮਿਕ ਉਮਾ ਦੀ ਅਗਵਾਈ ਵਿਆਪਕ ਰੂਪ ਵਿਚ ਸਾਊਦੀ ਅਰਬ ਦੇ ਹੱਥ ਵਿਚ ਹੈ ਅਤੇ ਕਈ ਹੋਰ ਅਰਬ ਦੇਸ਼ ਵੀ ਤੁਰਕੀ ਤੋਂ ਅੱਗੇ ਨਿਕਲ ਗਏ ਹਨ। ਅਰਬ ਦੇਸ਼ ਅਤੇ ਇਸਲਾਮਿਕ ਉਮਾ ਦੇ ਤਮਾਮ ਮੁਲਕਾਂ ਨੇ ਪੰਜ ਅਗਸਤ ਮਗਰੋਂ ਪਾਕਿਸਤਾਨੀ ਕੂੜ-ਪ੍ਰਚਾਰ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਹੀ ਕੀਤਾ ਹੈ ਪਰ ਤੁਰਕੀ ਨੇ ਆਪਣਾ ਅਲੱਗ ਰਾਹ ਫੜ ਲਿਆ। ਇਸ ਨਾਲ ਭਾਰਤ-ਤੁਰਕੀ ਸਬੰਧਾਂ ਵਿਚ ਸੁਭਾਵਿਕ ਤੌਰ 'ਤੇ ਕੁੜੱਤਣ ਆ ਗਈ। ਬੀਤੇ ਵਰੇ ਸਤੰਬਰ ਵਿਚ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਅਰਦੋਗਨ ਦੇ ਭਾਰਤ ਵਿਰੋਧੀ ਭਾਸ਼ਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਪ੍ਰਸਤਾਵਿਤ ਤੁਰਕੀ ਦੌਰੇ ਨੂੰ ਰੱਦ ਕਰ ਦਿੱਤਾ ਸੀ।

ਅਰਦੋਗਨ ਦੇ ਇਲਾਵਾ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਵੀ ਕਸ਼ਮੀਰ 'ਤੇ ਸਰਕਾਰ ਦੇ ਕਦਮਾਂ ਦੀ ਤਲਖ਼ ਲਫ਼ਜ਼ਾਂ ਵਿਚ ਨੁਕਤਾਚੀਨੀ ਕੀਤੀ ਸੀ। ਉਨਾਂ ਤਾਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਭਾਰਤ ਨੇ ਕਸ਼ਮੀਰ 'ਤੇ ਕਬਜ਼ਾ ਕਰ ਲਿਆ ਹੈ। ਇਹ ਨਿਹਾਇਤ ਬੇਤੁਕਾ ਬਿਆਨ ਸੀ। ਆਖ਼ਰ ਕੋਈ ਮੁਲਕ ਆਪਣੀ ਹੀ ਜ਼ਮੀਨ 'ਤੇ ਕਿੱਦਾਂ ਕਬਜ਼ਾ ਕਰ ਸਕਦਾ ਹੈ ? ਇਸ 'ਤੇ ਮੋਦੀ ਸਰਕਾਰ ਨੇ ਨਾਖ਼ੁਸ਼ੀ ਜ਼ਾਹਰ ਕੀਤੀ ਸੀ। ਇਸ ਦੇ ਜਵਾਬ ਵਿਚ ਭਾਰਤੀ ਵਪਾਰੀਆਂ ਨੇ ਮਲੇਸ਼ੀਅਨ ਪਾਮ ਆਇਲ ਦੀ ਦਰਾਮਦ ਤੋਂ ਪ੍ਰਹੇਜ਼ ਦਾ ਫ਼ੈਸਲਾ ਕੀਤਾ ਸੀ। ਇਸ ਕਾਰਨ ਮਲੇਸ਼ੀਆ ਦੇ ਆਰਥਿਕ ਹਿੱਤਾਂ ਨੂੰ ਕਰਾਰੀ ਢਾਹ ਲੱਗੀ। ਸਿੱਟੇ ਵਜੋਂ ਸਹਿਯੋਗੀਆਂ ਦੇ ਸੁਝਾਅ 'ਤੇ ਮਹਾਤਿਰ ਨੂੰ ਆਪਣੇ ਤੇਵਰ ਨਰਮ ਕਰਨੇ ਪਏ।

ਤੁਰਕੀ ਅਤੇ ਮਲੇਸ਼ੀਆ ਖ਼ਿਲਾਫ਼ ਭਾਰਤ ਨੇ ਇਕਦਮ ਸਟੀਕ ਤਰੀਕੇ ਨਾਲ ਕੂਟਨੀਤਕ ਕਾਰਵਾਈ ਕੀਤੀ ਪਰ ਕੀ ਇਹੀ ਗੱਲ ਸਰਕਾਰ ਦੀ ਉਸ ਕੋਸ਼ਿਸ਼ ਨੂੰ ਲੈ ਕੇ ਕਹੀ ਜਾ ਸਕਦੀ ਹੈ ਜਿਸ ਤਹਿਤ ਉਸ ਨੇ ਡਿਪਲੋਮੈਟਾਂ ਦੇ ਦੋ ਸਮੂਹਾਂ ਨੂੰ ਜੰਮੂ-ਕਸ਼ਮੀਰ ਦਾ ਦੌਰਾ ਕਰਵਾਇਆ ? ਇਸ ਸਿਲਸਿਲੇ ਵਿਚ 15 ਮੈਂਬਰੀ ਪਹਿਲਾ ਸਮੂਹ ਬੀਤੇ ਮਹੀਨੇ ਉੱਥੇ ਗਿਆ ਸੀ। ਇਸ ਸਮੂਹ ਵਿਚ ਭਾਰਤ ਵਿਚ ਅਮਰੀਕਾ ਦਾ ਰਾਜਦੂਤ ਵੀ ਸ਼ਾਮਲ ਸੀ। ਇਸ ਕੜੀ ਵਿਚ ਦੂਜਾ ਦੌਰਾ ਬੀਤੇ ਹਫ਼ਤੇ ਯੂਰਪੀ ਸੰਘ ਦੇ ਪ੍ਰਤੀਨਿਧਾਂ ਦਾ ਹੋਇਆ। ਇਨਾਂ ਸਮੂਹਾਂ ਨੂੰ ਉੱਥੇ ਭੇਜਣ ਦੀ ਮਨਸ਼ਾ ਸਪਸ਼ਟ ਤੌਰ 'ਤੇ ਇਹੀ ਸੀ ਕਿ ਉਨਾਂ ਰਾਹੀਂ ਕਸ਼ਮੀਰ ਨੂੰ ਲੈ ਕੇ ਪਾਕਿਸਤਾਨੀ ਕੂੜ-ਪ੍ਰਚਾਰ ਦੀ ਫੂਕ ਕੱਢੀ ਜਾ ਸਕੇ। ਪਾਕਿਸਤਾਨ ਅਜੇ ਵੀ ਇਸ ਬਦਜ਼ੁਬਾਨੀ ਵਿਚ ਰੁੱਝਿਆ ਹੋਇਆ ਹੈ ਕਿ ਕਸ਼ਮੀਰ ਵਾਦੀ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਜਾਰੀ ਹੈ ਅਤੇ ਤਮਾਮ ਸ਼ਹਿਰਾਂ ਵਿਚ ਕਰਫਿਊ ਵਰਗੇ ਹਾਲਾਤ ਹਨ। ਇਨਾਂ ਸਮੂਹਾਂ ਜ਼ਰੀਏ ਛਣ ਕੇ ਆਉਣ ਵਾਲੀਆਂ ਖ਼ਬਰਾਂ ਮੁਤਾਬਕ ਡਿਪਲੋਮੈਟਾਂ ਨੇ ਆਪਣੇ ਦੌਰੇ ਵਿਚ ਵੱਖ-ਵੱਖ ਸਿਆਸੀ, ਸਮਾਜਿਕ ਅਤੇ ਕਾਰੋਬਾਰੀ ਵਰਗਾਂ ਦੇ ਪ੍ਰਤੀਨਿਧਾਂ ਦੇ ਨਾਲ ਹੀ ਤਮਾਮ ਪੇਸ਼ੇਵਰ ਸਮੂਹਾਂ ਨਾਲ ਵੀ ਚਰਚਾ ਕੀਤੀ। ਕੋਸ਼ਿਸ਼ ਇਹ ਕੀਤੀ ਗਈ ਕਿ ਡਿਪਲੋਮੈਟਾਂ ਦੀ ਮੇਲ-ਮੁਲਾਕਾਤ ਨਾ ਸਿਰਫ਼ ਉਨਾਂ ਲੋਕਾਂ ਨਾਲ ਕਰਵਾਈ ਜਾਵੇ ਜੋ ਸਰਕਾਰੀ ਕਦਮਾਂ ਦਾ ਸਮਰਥਨ ਕਰਦੇ ਹਨ ਬਲਕਿ ਉਨਾਂ ਨੂੰ ਉਨਾਂ ਲੋਕਾਂ ਨਾਲ ਵੀ ਮਿਲਾਇਆ ਜਾਵੇ ਜੋ ਸੰਚਾਰ ਸਹਿਤ ਕੁਝ ਪਾਬੰਦੀਆਂ ਦੇ ਆਲੋਚਕ ਹਨ। ਇਸ ਸਦਕਾ ਡਿਪਲੋਮੈਟਾਂ ਨੂੰ ਇਕ ਵੱਡੀ ਹੱਦ ਤਕ ਬਹੁ-ਪੱਖੀ ਸਮਝ ਵਿਕਸਤ ਕਰਨ ਵਿਚ ਮਦਦ ਮਿਲੀ ਹੋਵੇਗੀ ਜੋ ਉਨਾਂ ਨੇ ਆਪਣੀਆਂ ਸਰਕਾਰਾਂ ਨਾਲ ਜ਼ਰੂਰ ਸਾਂਝੀ ਕੀਤੀ ਹੋਵੇਗੀ। ਫਰਵਰੀ ਵਿਚ ਗਏ ਸਮੂਹ ਨੇ ਜੰਮੂ ਦਾ ਵੀ ਦੌਰਾ ਕੀਤਾ ਸੀ। ਜੰਮੂ ਦੇ ਲੋਕਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਵਫ਼ਦ ਨੂੰ ਸੂਬੇ ਦੇ ਜਟਿਲ ਹਾਲਾਤ ਸਮਝ ਆਏ ਹੋਣਗੇ।

ਕੋਈ ਦੇਸ਼ ਅਮੂਮਨ ਡਿਪਲੋਮੈਟਾਂ ਨੂੰ ਆਪੋ-ਆਪਣੀਆਂ ਆਰਥਿਕ ਸੰਭਾਵਨਾਵਾਂ ਦਿਖਾਉਣ ਲਈ ਹੀ ਵੱਖ-ਵੱਖ ਸਥਾਨਾਂ ਦਾ ਦੌਰਾ ਕਰਵਾਉਂਦਾ ਹੈ। ਇਸ ਦੇ ਪਿੱਛੇ ਆਰਥਿਕ ਸਹਿਯੋਗ ਅਤੇ ਸੈਰ-ਸਪਾਟੇ ਨੂੰ ਹੱਲਾਸ਼ੇਰੀ ਦੇਣ ਵਰਗੇ ਮਕਸਦ ਹੁੰਦੇ ਹਨ। ਡਿਪਲੋਮੈਟਾਂ ਨੂੰ ਰਾਜਨੀਤਕ ਸਵਾਰਥਾਂ ਵਾਲੇ ਦੌਰੇ ਨਹੀਂ ਕਰਵਾਏ ਜਾਂਦੇ। ਇਸ ਦੀ ਸਿੱਧੀ ਵਜਾ ਇਹੀ ਹੈ ਕਿ ਜੇ ਅਜਿਹੇ ਦੌਰੇ ਕਰਵਾਏ ਜਾਣ ਤਾਂ ਦੂਜੇ ਦੇਸ਼ਾਂ ਨੂੰ ਅੰਦਰੂਨੀ ਮਾਮਲਿਆਂ 'ਤੇ ਟੀਕਾ-ਟਿੱਪਣੀ ਕਰਨ ਦਾ ਮੌਕਾ ਮਿਲ ਜਾਂਦਾ ਹੈ। ਡਿਪਲੋਮੈਟਾਂ ਦੇ ਇਨਾਂ ਦੌਰਿਆਂ ਵਿਚ ਇਹੀ ਹੋਇਆ। ਆਪਣੇ ਰਾਜਦੂਤ ਦੇ ਦੌਰੇ ਤੋਂ ਬਾਅਦ ਅਮਰੀਕੀ ਵਿਦੇਸ਼ ਵਿਭਾਗ ਨੇ ਕਸ਼ਮੀਰੀ ਨੇਤਾਵਾਂ ਦੀ ਨਜ਼ਰਬੰਦੀ ਦੇ ਇਲਾਵਾ ਸੂਬੇ ਵਿਚ ਇੰਟਰਨੈੱਟ ਸੇਵਾਵਾਂ 'ਤੇ ਪਾਬੰਦੀ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਹੈ। ਇਸੇ ਤਰਾਂ ਦੂਜੇ ਸਮੂਹ ਦੇ ਦੌਰੇ ਤੋਂ ਬਾਅਦ ਕੁਝ ਡਿਪਲੋਮੈਟਾਂ ਨੇ ਉਮੀਦ ਪ੍ਰਗਟਾਈ ਕਿ ਸੰਚਾਰ ਸਬੰਧੀ ਪਾਬੰਦੀਆਂ ਵੀ ਜਲਦ ਹਟਾ ਲਈਆਂ ਜਾਣਗੀਆਂ। ਅਜਿਹੇ ਬਿਆਨਾਂ 'ਤੇ ਭਾਰਤ ਦਾ ਨਾਖ਼ੁਸ਼ ਹੋਣਾ ਸੁਭਾਵਿਕ ਹੈ। ਹਾਲਾਂਕਿ ਕੌਮਾਂਤਰੀ ਮਾਮਲਿਆਂ ਵਿਚ ਅਜਿਹਾ ਕੂਟਨੀਤਕ ਵਰਤਾਰਾ ਆਮ ਹੈ, ਫਿਰ ਵੀ ਸਰਕਾਰ ਇਹ ਨਹੀਂ ਕਰ ਸਕਦੀ ਕਿ ਡਿਪਲੋਮੈਟਾਂ ਨੂੰ ਨਾਲ ਲੈ ਕੇ ਵੀ ਚੱਲੇ ਅਤੇ ਉਨਾਂ ਤੋਂ ਉਮੀਦ ਵੀ ਰੱਖੇ ਕਿ ਉਹ ਕੋਈ ਟਿੱਪਣੀ ਨਾ ਕਰਨ। ਇਹ ਤਾਂ 'ਆ ਬੈਲ ਮੁਝੇ ਮਾਰ' ਵਾਲੀ ਗੱਲ ਹੋਈ।

ਆਪਣੀ ਨਿਯੁਕਤੀ ਵਾਲੇ ਦੇਸ਼ ਦੇ ਵੱਖ-ਵੱਖ ਇਲਾਕਿਆਂ ਦੇ ਰਾਜਨੀਤਕ ਹਾਲਾਤ ਦੀਆਂ ਸੂਚਨਾਵਾਂ ਲਈ ਡਿਪਲੋਮੈਟਾਂ ਦੇ ਆਪਣੇ ਸੂਤਰ ਵੀ ਹੁੰਦੇ ਹਨ। ਉਹ ਅਜਿਹੇ ਦੌਰਿਆਂ ਦੀ ਥਾਂ ਆਪਣੇ ਇਨਾਂ ਸੂਤਰਾਂ ਅਤੇ ਹੋਰ ਕੜੀਆਂ 'ਤੇ ਜ਼ਿਆਦਾ ਭਰੋਸਾ ਕਰਦੇ ਹਨ। ਖ਼ਾਸ ਤੌਰ 'ਤੇ ਜੰਮੂ-ਕਸ਼ਮੀਰ ਵਰਗੇ ਮਾਮਲਿਆਂ ਵਿਚ ਇਹ ਹੋਰ ਜ਼ਿਆਦਾ ਹੁੰਦਾ ਹੈ ਜਿੱਥੇ ਅਜਿਹੇ ਦੌਰਿਆਂ ਵਿਚ ਸੁਰੱਖਿਆ ਘੇਰੇ ਕਾਰਨ ਉਹ ਆਪਣੀ ਪਸੰਦ ਦੀ ਜਗਾ 'ਤੇ ਆਜ਼ਾਦੀ ਨਾਲ ਵਿਚਰਨ ਵਿਚ ਸਮਰੱਥ ਨਹੀਂ ਹੁੰਦੇ। ਕੁੱਲ ਮਿਲਾ ਕੇ ਇਸ ਤਜਰਬੇ ਤੋਂ ਸਬਕ ਲੈਂਦੇ ਹੋਏ ਸਰਕਾਰ ਨੂੰ ਮੁਲੰਕਣ ਕਰਨਾ ਚਾਹੀਦਾ ਹੈ ਕਿ ਜੰਮੂ-ਕਸ਼ਮੀਰ ਵਿਚ ਡਿਪਲੋਮੈਟਾਂ ਦੇ ਅਜਿਹੇ ਦੌਰਿਆਂ ਦੀ ਆਖ਼ਰ ਕੀ ਉਪਯੋਗਿਤਾ ਹੈ ? ਸੰਤੁਲਨ ਦੀ ਕੋਸ਼ਿਸ਼ ਵਿਚ ਨਾਂਹ-ਪੱਖੀ ਸੋਚ ਹਾਂ-ਪੱਖੀ ਸੋਚ 'ਤੇ ਭਾਰੂ ਹੋ ਸਕਦੀ ਹੈ। ਅਜਿਹੇ ਵਿਚ ਬਿਹਤਰ ਇਹੀ ਹੋਵੇਗਾ ਕਿ ਕੂਟਨੀਤਕ ਦੌਰਿਆਂ ਤੋਂ ਬਚਣ ਦੀ ਜਾਂਚੀ-ਪਰਖੀ ਰਵਾਇਤ ਦੀ ਹੀ ਪਾਲਣਾ ਕੀਤੀ ਜਾਵੇ।

# ਪੰਥ ਅਤੇ ਪੰਜਾਬ ਸੰਭਾਲੋ

**- ਸ਼ੇਰ ਸਿੰਘ ਕੰਵਲ**
ਫੋਨ : 011-602-482-2276

ਮਾ. ਤਾਰਾ ਸਿੰਘ ਦੇ ਸਮੇਂ ਪੰਥ ’ਤੇ ਭੀੜ ਪੈਣ ਵੇਲੇ ‘ਪੰਥ ਖਤਰੇ ਵਿਚ ਹੈ’ ਦਾ ਨਾਹਰਾ ਲਗਦਾ ਹੁੰਦਾ ਸੀ। ਅੱਜ ਪੰਥ ਵੀ ਖਤਰੇ ਵਿਚ ਹੈ ਤੇ ਪੰਜਾਬ ਵੀ!

ਲਗਭਗ ਇਕ ਸਦੀ ਪਹਿਲਾਂ ਅਣਗਿਣਤ ਕੁਰਬਾਨੀਆਂ ਨਾਲ ਸਿੱਖਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਲਿਆਂਦੇ ਗਏ ਜਿਨਾਂ ਦਾ ਮੰਤਵ ਗੁਰਦੁਆਰਿਆਂ ਵਿਚੋਂ ਭ੍ਰਿਸ਼ਟ ਲੋਕਾਂ ਨੂੰ ਕੱਢ ਕੇ ਇਨਾਂ ਦਾ ਸੁਚੱਜਾ ਪ੍ਰਬੰਧ ਤੇ ਪੰਥ ਦੀ ਚੜਦੀ ਕਲਾ ਕਰਨਾ ਸੀ। ਸ਼੍ਰੋਮਣੀ ਕਮੇਟੀ ਦਾ ਅੱਜ ਜੋ ਹਾਲ ਹੈ, ਸਿੱਖਾਂ ਦੇ ਸਾਹਮਣੇ ਹੈ। ਇਸ ਵਿਚ ਰਾਜਸੀ ਦਖ਼ਲ, ਘਪਲਿਆਂ ਦੀ ਭਰਮਾਰ, ਮਰਿਆਦਾ ਵਿਹੂਣਾ ਵਰਤਾਰਾ ਤੇ ਗੋਲਕ ਦੀ ਸ਼ਰੇਆਮ ਲੁੱਟ ਹੈ। ਇਸ ’ਤੇ ਸਿਰਫ਼ ਤੇ ਸਿਰਫ ਇਕੋ ਪਰਿਵਾਰ ਦਾ ਗਲ਼ਬਾ ਤੇ ਕਬਜ਼ਾ ਹੈ। ਨਿੱਕੇ ਸੁਆਰਥੀ ਲੀਡਰ ਇਸ ਬਾਦਲ ਪਰਿਵਾਰ ਦੇ ਪਿਛਲੱਗ ਤੇ ਚਾਪਲੂਸ ਬਣੇ ਹੋਏ ਹਨ। ਬਾਦਲ ਆਪ ਆਖਦਾ ਹੈ ਕਿ ਇਨਾਂ ਦੇ ਪੁੱਤਾਂ ਨੂੰ ਮੈਂ ਕੁਰਸੀਆਂ ਤੇ ਅਹੁਦੇ ਦਿੱਤੇ। ਅਸਲ ਵਿਚ ਉਸ ਨੇ ਆਪਣੇ ਮੁੰਡੇ ਦੀ ਕੁਰਸੀ ਪੱਕੀ ਕਰ ਲਈ ਇਹ ਸਭ ਕਾਣੇ ਕੀਤੇ ਹੋਏ ਹਨ। ਸਿੱਖ ਹੱਕਾਂ ਦੀ ਪਹਿਰੇਦਾਰ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੱਡੇ ਬਾਦਲ ਨੇ ਪੁੱਤਰ ਮੋਹ ਕਾਰਨ ਅੱਜ ਸਿੱਖੀ ਅਤੇ ਸਿਆਣਪ ਤੋਂ ਸੱਖਣੇ ਆਪਣੇ ਹੰਕਾਰੀ ਮੁੰਡੇ ਦੇ ਹੱਥਾਂ ਵਿਚ ਸਾਂਭੀ ਹੈ, ਜੋ 1996 ਤੋਂ ਬਾਅਦ ਸਿਧਾਂਤਹੀਣ, ਨਿਕੰਮੀ ਤੇ ਘੋਨ ਮੋਨ ਪਾਰਟੀ ਬਣ ਗਈ ਹੈ। ਹੁਣ ਇਹ ਪੱਥ ਜਾਂ ਸਿੱਖਾਂ ਦੀ ਪ੍ਰਤੀਨਿਧਤਾ ਨਹੀਂ ਕਰਦੀ, ਇਹ ਪਰਿਵਾਰ, ਰਿਸ਼ਤੇਦਾਰਾਂ ਤੇ ਜੀ ਹਜ਼ੂਰੀਆਂ ਦੀ ਟੋਲੀ ਹੈ। ਜੇ ਅੱਜ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਇਸ ਨਾਲ ਸਬੰਧਤ ਸੰਸਥਾਵਾਂ ਸੁਖਬੀਰ ਦੀ ਜੇਬ ਵਿਚ ਹਨ ਤਾਂ ਕੌਮ ਦਾ ਭਵਿੱਖ ਰੌਸ਼ਨ ਹੈ ਜਾਂ ਹਨੇਰਾ? ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ, ਵੱਡੇ ਬਾਦਲ ਦੇ ਕੌਮ ਪ੍ਰਤੀ ਕੀਤੇ ਪਾਪਾਂ ਨਾਲ ਇਹ ਬੇੜਾ ਡੁੱਬ ਰਿਹਾ ਹੈ। ਇਸ ਨੇ ਨਿਸ਼ਚੇ ਡੁੱਬਣਾ ਹੀ ਡੁੱਬਣਾ ਹੈ। ਸਮਾਂ ਹੈ ਕਿ ਇਸ ਪਾਪ ਦੇ ਬੇੜੇ ਵਿਚ ਚੜੇ ਜ਼ਮੀਰ ਵਾਲੇ ਲੋਕ ਇਸ ’ਚੋਂ ਉਤਰਨ। ਇਕ ਗੱਲ ਹੋਰ, ਰੋਜ਼ ਅਖ਼ਬਾਰਾਂ ਪੜ ਕੇ ਸਿੱਖਾਂ ਦੀ ਸੋਚ ’ਤੇ ਹਾਸਾ ਆਉਂਦਾ ਹੈ। ਖ਼ਬਰਾਂ ਛਪਦੀਆਂ ਹਨ-ਅਸੀਂ ‘ਬਾਦਲ ਪਰਿਵਾਰ’ ਛੱਡ ਕੇ ‘ਢੀਂਡਸਾ ਪਰਿਵਾਰ ਨਾਲ ਖੜੇ ਹਾਂ। ਸਿੱਖੋ! ਕੀ ਇਕ ਪਰਿਵਾਰ ਦੀ ਗੁਲਾਮੀ ਵਿਚੋਂ ਨਿਕਲ ਕੇ ਤੁਸੀਂ ਦੂਸਰੇ ਪਰਿਵਾਰ ਦੇ ਗੁਲਾਮ ਹੋਣਾ ਹੈ? ਤੁਸੀਂ ਪੰਥ ਲਈ ਪਰਿਵਾਰ ਵਾਰਨ ਵਾਲੇ ਗੁਰੂ ਦੇ ਗੁਲਾਮ ਕਿਉਂ ਨਹੀਂ ਹੁੰਦੇ? ਖ਼ੈਰ !

ਪੰਥ ਦੀ ਬਿਹਤਰੀ ਲਈ ਪਹਿਲਾ ਕਦਮ ਹੇ ਬਾਦਲਾਂ ਵਲੋਂ ਰੁਕਵਾਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਤੁਰੰਤ ਕਰਵਾਉਣਾ। ਇਸ ਕਾਰਜ ਲਈ ਸ. ਸੁਖਦੇਵ ਸਿੰਘ ਢੀਂਡਸਾ ਅਤੇ ਸ. ਫੂਲਕਾ ਦੇ ਅਸਰ ਰਸੂਖ ਤੇ ਯੋਗਤਾ ਨੂੰ ਵਰਤ ਕੇ ਇਨਾਂ ਨੂੰ ਕਰਵਾਉਣ ਦਾ ਐਲਾਨ ਹੋਵੇ। ਐਲਾਨ ਹੁੰਦੇ ਹੀ ਸਾਰੇ ਪੰਥਕ ਹਿਤੈਸ਼ੀ



ਅਕਾਲੀ ਦਲ, ਪੰਥਕ ਜਥੇਬੰਦੀਆਂ, ਪਾਰਟੀਆਂ ਇਕੋ ਮੰਚ ਤੇ ਜੁੜਨ। ਬਾਦਲਾਂ ਮੁਕਾਬਲੇ ਹਰ ਸੀਟ ’ਤੇ ਸਿਰਫ਼ ਤੇ ਸਿਰਫ਼ ਇਕ ਗੁਰਸਿੱਖ ਉਮੀਦਵਾਰ ਹੀ ਉਤਾਰਿਆ ਜਾਵੇ। ਇਸ ਤਰਾਂ ਹੀ ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਕਬਜ਼ਾ ਤੋੜ ਕੇ ਸ੍ਰੀ ਅਕਾਲ ਤਖਤ ਤੇ ਹੋਰ ਸੰਸਕਾਵਾਂ ਦੇ ਪ੍ਰਬੰਧ ਨੂੰ ਸੁਧਾਰਿਆ ਜਾ ਸਕਦਾ ਹੈ। ਜੇ ਸਿੱਖ, ਪੰਥ ਤੇ ਸਿੱਖ ਸੰਸਥਾਵਾਂ ਦਾ ਭਲਾ ਲੋੜਦੇ ਹਨ ਤਾਂ ਇਹ ਬਾਦਲ ਪਰਿਵਾਰ ਤੇ ਵਿਸ਼ੇਸ਼ ਕਰਕੇ ਸੁਖਬੀਰ ਬਾਦਲ ਨੂੰ ਘਰ ਤੋਰ ਕੇ ਹੀ ਹੋ ਸਕਦਾ ਹੈ। ਹੁਣ ਗੱਲ ਕਰੀਏ ਪੰਜਾਬੀ ਦੀ। ਪੰਜਾਬ ਹੁਣ ਫੁੱਲ ਗੁਲਾਬ ਨਹੀਂ ਰਿਹਾ। ਇਸ ਦੀ ਪੱਤੜੀ ਪੱਤੜੀ ਕਿਰ ਰਹੀ ਹੈ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਨੌਜਵਾਨ ਮਾਰੇ ਗਏ, ਕੁਝ ਜੇਲਾਂ ਵਿਚ ਬੁੱਢੇ ਹੋ ਗਏ, ਕੁਝ ਬੇਰੁਜਗਾਰ ਹੋ ਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਜਮੀਨਾਂ ਵਿਕ ਰਹੀਆਂ ਹਨ। ਮੁਲਾਜ਼ਮ ਮਜ਼ਦੂਰ ਵਿਲਕ ਰਹੇ ਹਨ। ਸਨਅਤ ਪੰਜਾਬੋਂ ਹਿਜ਼ਰਤ ਕਰ ਰਹੀ ਹੈ। ਵਪਾਰੀ ਰੋ ਰਹੇ ਹਨ। ਪੰਜਾਬ ਚਿੱਟੇ ਨੇ ਖਾ ਲਿਆ ਹੈ। ਕੇਬਲ ਮਾਫ਼ੀਆ, ਡਰੱਗ ਮਾਫ਼ੀਆ, ਮਾਈਨਿੰਗ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਤੇ ਗੈਂਗਸਟਰਾਂ ਦਾ ਬੋਲਬਾਲਾ ਹੈ। ਇਹ ਪ੍ਰਕਾਸ਼ ਸਿੰਘ ਬਾਦਲ ਐਂਡ ਕੰਪਨੀ ਦੇ ਪੰਥ ਅਤੇ ਪੰਜਾਬ ਪ੍ਰਤੀ ਧ੍ਰੋਹ ਦੀ ਦੇਣ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਇਹ ਆਖਰੀ ਵਾਰੀ ਅਤਿ ਨਿਕੰਮੀ, ਬਾਦਲਾਂ ਨਾਲ ਮਿਲ-ਭੁਗਤ ਵੀ ਹੈ। ਬੇਅਦਬੀ ਮਾਮਲੇ ਅਤੇ ਡਰੱਗ ਮਸਲੇ ਵਿਚ ਉਸ ਦੇ ਮੰਤਰੀਆਂ ਤੇ ਪਾਰਟੀ ਲੀਡਰਾਂ ਅਨੁਸਾਰ ਉਸ ਦਾ ਘੇਸਲ ਵੱਟਣਾ ਤੇ ਕੋਈ ਕਾਰਵਾਈ ਨਾ ਕਰਨਾ ਉਸ ਦੀ ਸਾਜ਼ਿਸ਼ੀ ਭੂਮਿਕਾ ਹੈ। ਉਹ ਆਪਣੇ ਇਸ ਆਖਰੀ ਦੌਰ ਵਿਚ ਆਪਣੇ ਮਾਮਲੇ ਸਾਫ਼ ਕਰਨ, ਐਸ਼ੋ ਆਰਾਮ ਤੇ ਆਪਣੇ ਚਾਪਲੂਸਾਂ ਨੂੰ ਹੀ ਲਾਭ ਮੌਜਾਂ ਦੇਣ ’ਚ ਮਸ਼ਰੂਫ਼ ਹੈ। ਇਹ ਪੱਕਾ ਹੈ ਕਿ ਜੇ ਕੇਂਦਰ ਕਾਂਗਰਸ ਇਉਂ ਹੀ ਉਸ ਦੇ ਕਹੇ ਤੁਰਦੀ ਰਹੀ ਤਾਂ ਉਹ ਪੰਜਾਬ ਵਿਚੋਂ ਕਾਂਗਰਸ ਦਾ ਬੋਰੀਆ ਬਿਸਤਰਾ ਗੋਲ ਕਰਕੇ ਹੀ ਤੁਰੇਗਾ।

ਉਕਤ ਦੋਹਾਂ ਧਿਰਾਂ ਤੋਂ ਸਤਾਏ ਪੰਜਾਬੀਆਂ ਨੂੰ ਕਿਸੇ ਤੀਸਰੀ ਧਿਰ ਦੀ ਤਲਾਸ਼ ਸੀ। ਉਨਾਂ ਆਪ ਆਦਮੀ ਪਾਰਟੀ ਦੀ ਆਮਦ ਤੇ ਉਸ ਨੂੰ ਭਰਵਾਂ ਹੁੰਗਾਰਾ ਦਿੱਤਾ ਪਰ ਪਾਰਟੀ ਨੇ ਆਪਣੇ ਕਿਰਦਾਰ ਨਾਲ ਹੀ ਆਪਣੀ ਖੇਡ ਖਿਲਾਰ ਲਈ। ਇਸ ਵਿਚ ਦੋਸ਼ ਪੰਜਾਬੀਆਂ ਦਾ ਨਹੀਂ, ਦੋਸ਼ ਆਮ ਆਦਮੀ ਪਾਰਟੀ ਦਾ ਆਪਣਾ ਸੀ। ਪੰਜਾਬ ਵਿਚ ਕਾਮਯਾਬ ਹੋਣ ਤੇ ਰਹਿਣ ਲਈ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਨੂੰ ਪੰਜਾਬ ਮਸਲਿਆਂ ਪ੍ਰਤੀ ਆਜ਼ਾਦੀ ਦੇਣੀ ਹੀ ਪਵੇਗੀ। ਹੁਣ ਵੀ ਮੇਰਾ ਯਕੀਨ ਹੈ ਕਿ ਅਕਾਲੀਆਂ ਤੇ ਕਾਂਗਰਸ ਤੋਂ ਸਤੇ ਪੰਜਾਬੀ ਰਾਜਸੀ ਜਾਂ ਤੀਸਰੀ ਧਿਰ ਵਜੋਂ ਤਾਂ ਆਮ ਆਦਮੀ ਨੂੰ ਸਹਿਯੋਗ ਦੇ ਕੇ ਲਾਭ ਲੈ ਸਕਦੇ ਹਨ ਪਰ ਸਿੱਖਾਂ ਨੂੰ ਕੇਜਰੀਵਾਲ ’ਚੋਂ ਸਿੱਖ ਹਿੱਤਾਂ ਲਈ ਬਹੁਤੀ ਉਮੀਦ ਨਹੀਂ ਰੱਖਣੀ ਚਾਹੀਦੀ। ਸਿੱਖ ਹਿੱਤਾਂ ਦੀ ਰਾਖੀ ਸਿੱਖਾਂ ਨੂੰ ਆਪ ਹੀ ਕਰਨੀ ਹੋਵੇਗੀ।

ਹੁਣ ਸੁਆਲ ਇਹ ਹੈ ਕਿ ਅਗਾਮੀ ਚੋਣਾਂ ਤੱਕ ਕੀ ਆਮ ਆਦਮੀ ਪਾਰਟੀ ਆਪਣਾ ਖਿੰਡਿਆ ਤੀਲਾ ਤੀਲਾ ਇਕੱਠਾ ਕਰ ਸਕੇਗੀ? ਕੀ ਟਕਸਾਲੀ ਅਕਾਲੀ, ਬੈਂਸ ਭਰਾ ਤੇ ਹੋਰ ਪੰਜਾਬ ਹਿਤੂ ਇਕ ਮੰਚ ’ਤੇ ਇਕੱਠੇ ਹੋ ਸਕਣਗੇ? ਕੀ ਭਗਵੰਤ ਮਾਨ ਆਮ ਆਦਮੀ ਪਾਰਟੀ ਪੰਜਾਬ ਦੀ ਪ੍ਰਧਾਨਗੀ ਸੰਭਾਲ ਕੇ ਸੰਸਦ ਵਿਚ ਇਸ ਦੀ ਪ੍ਰਤੀਨਿਧਤਾ ਨਾਲ ਸਬਰ ਕਰ ਸਕਣਗੇ? ਕੀ ਇਹ ਸਾਰੀਆਂ ਧਿਰਾਂ ਨਵਜੋਤ ਸਿੰਘ ਸਿੱਧੂ ਨੂੰ ਸੂਬੇ ਦਾ ਮੁੱਖ ਮੰਤਰੀ ਐਲਾਨ ਕੇ ਚੋਣ ਲੜ ਸਕਣਗੇ? ਜੇ ਇਹ ਹੋ ਸਕੇ ਤਾਂ ਨਿਸਚੇ ਹੀ ਦਲੇਰ ਅਤੇ ਇਮਾਨਦਾਰ ਨਵਜੋਤ ਸਿੰਘ ਸਿੱਧੂ ਪੰਜਾਬ ਨੂੰ ਬਾਦਲਾਂ ਤੇ ਕੈਪਟਨ ਦੇ ਕੁਰੱਪਟ ਚੁੰਗਲ ’ਚੋਂ ਕੱਢ ਕੇ ਲੀਹਾਂ ਤੇ ਲਿਆ ਸਕਦਾ ਹੈ।

# ‘ਕੈਨੇਡਾ ’ਚ ਪੰਜਾਬੀ ਹੁਣ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਜ਼ੁਬਾਨ ਨਹੀਂ’



**- ਡਾ ਗੁਰਵਿੰਦਰ ਸਿੰਘ**

ਕੈਨੇਡਾ ਵਿਚ ਪੰਜਾਬੀ ਬੋਲੀ ਦੀ ਚੜਦੀ ਕਲਾ ਦੀਆਂ ਮਿਸਾਲਾਂ ਪੰਜਾਬ ਦੀ ਧਰਤੀ ’ਤੇ ਵੀ ਦਿੱਤੀਆਂ ਜਾਂਦੀਆਂ ਹਨ। ਇਥੇ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ‘ਦੂਜਾ ਪੰਜਾਬ’ ਵਸਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸੌ ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ ਵਿਚ ਪੰਜਾਬ ਤੋਂ ਗਿਆ ਜਦੋਂ ਕੋਈ ਘਰੋਂ ਬਾਹਰ ਨਿਕਲਦਾ ਹੈ ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ ਵਿਚ ਘੁੰਮ ਰਿਹਾ ਹੋਵੇ। ਕੈਨੇਡਾ ਦੀਆਂ ਵੱਖ-ਵੱਖ ਸਮੇਂ ਦੀਆਂ ਮਰਦਮਸ਼ੁਮਾਰੀਆਂ ਦੇ ਅੰਕੜੇ ਇਥੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫ਼ੀਸਦੀ ਤੋਂ 1.7 ਫ਼ੀਸਦੀ ਦੇ ਨੇੜੇ ਜਾ ਪਹੁੰਚੀ ਹੈ।

ਜੇਕਰ ਕੈਨੇਡਾ ਵਿਚ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਇਹ 1991 ਵਿਚ 113,220 (0.43 ਫ਼ੀਸਦੀ), 1996 ਵਿਚ 201,780 (0.70 ਫ਼ੀਸਦੀ), 2001 ਵਿਚ 271,220 (0.90 ਫ਼ੀਸਦੀ), 2006 ਵਿਚ 367,505 (1.18 ਫ਼ੀਸਦੀ), 2011 ਵਿਚ 459,990 (1.30 ਫ਼ੀਸਦੀ) ਅਤੇ 2016 ਵਿਚ 543,495 (1.7 ਫ਼ੀਸਦੀ) ਤੱਕ ਪਹੁੰਚ ਚੁੱਕੀ ਹੈ, ਜਦ ਕਿ ਅਗਲੀ ਮਰਦਮਸ਼ੁਮਾਰੀ 2021 ਵਿਚ ਹੋਵੇਗੀ। ਅੰਕੜਿਆਂ ਦੇ ਹਿਸਾਬ ਨਾਲ ਅਸੀਂ ਬਹੁਤ ਖੁਸ਼ ਹੁੰਦੇ ਹਾਂ ਕਿ ਪੰਜਾਬੀ ਕੈਨੇਡਾ ਵਿਚ ਸਭ ਤੋਂ ਵੱਧ, ਤੇਜ਼ੀ ਨਾਲ ਵਧ ਰਹੀ ਹੈ, ਜਿਵੇਂ ਕਿ ਆਮ ਹੀ ਪ੍ਰਚਾਰਿਆ ਜਾਂਦਾ ਹੈ। ਪਰ ਇਹ ਸਹੀ ਨਹੀਂ ਹੈ। ਇਹ ਵੀ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ ਪਰ ਇਹ ਜਾਣ ਕੇ ਅੱਜ ਪੰਜਾਬੀਆਂ ਨੂੰ ਦੁੱਖ ਤੇ ਹੈਰਾਨੀ ਹੋਵੇਗੀ ਕਿ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਹੁੰਦਾ ਸੀ ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ।

ਇਹ ਕੌੜੀ ਸਚਾਈ ਹੈ ਕਿ ਕੈਨੇਡਾ ਵਿਚ ਪੰਜਾਬੀ ਬੋਲੀ




ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ ’ਤੇ ਪਹੁੰਚ ਗਈ ਹੈ। ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨਗਣਨਾ ਅਨੁਸਾਰ ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ ਵਿਚ ਪੰਜਾਬੀ ਪਹਿਲੇ ਥਾਂ ’ਤੇ ਸੀ ਭਾਵ ਕੁੱਲ ਮਿਲਾ ਕੇ ਤੀਜੇ ਸਥਾਨ ’ਤੇ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459,990 ਸੀ, ਜਦ ਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਕੈਂਟਨੀਜ਼ ਬੋਲਣ ਵਾਲੇ 388,935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ। ਪਰ ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18.2 ਫ਼ੀਸਦੀ ਵਧਣ ਨਾਲ ਇਹ ਸੰਖਿਆ 543,495 ਹੋ ਗਈ ਤੇ ਮਹਿਜ਼ 85,505 ਹੋਰ ਪੰਜਾਬੀਆਂ ਨੇ, ਪੰਜ ਸਾਲਾਂ ਵਿਚ ਮਾਂ-ਬੋਲੀ ਪੰਜਾਬੀ ਲਿਖਵਾਈ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610,835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇੰਜ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ ’ਤੇ ਆ ਡਿਗੇ, ਜਦ ਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ।

ਪਹਿਲੀ ਗੱਲ ਤਾਂ ਇਹ ਹੈ ਕਿ ਮਰਦਮਸ਼ੁਮਾਰੀ ਸਮੇਂ ਪੰਜਾਬੀਆਂ ਵਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਦੇ ਪੰਜਾਬੀ ਮੀਡੀਏ ਵਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ ਬਹੁਤ ਸਾਰੇ ਪੰਜਾਬੀ ਕਾਗਜ਼ਾਂ ਵਿਚ ਆਪਣੀ ਮਾਂ-ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ ਤਾਂ 2021 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ ਵਿਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ ਵਿਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ, ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ ਵਿਚ ਸਰਕਾਰੀ ਭਾਸ਼ਾਵਾਂ ਹਨ ਪਰ ਇਥੇ ਰਾਸ਼ਟਰੀ ਭਾਸ਼ਾ ਦੇ ਨਾਂਅ ’ਤੇ ਝਗੜੇ ਖੜੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ ਵਿਚ ਹਿੰਦੀ ਨੂੰ ਲੈ ਕੇ ‘ਇਕ ਭਾਸ਼ਾ ਤੇ ਇਕ ਰਾਸ਼ਟਰ’ ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ। ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਅੱਜ ਕੈਨੇਡਾ ਵਿਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ‘ਕੈਨੇਡੀਅਨ’ ਹਨ ਤਾਂ ਫਿਰ ਉਨਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ ਵਿਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ ਵਿਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ-ਬੋਲੀ ਲਈ ਦ੍ਰਿੜ ਇਰਾਦਾ ਕਿਉਂ ਨਹੀਂ ਰੱਖਦੇ? ਯਕੀਨਨ ਤੌਰ ’ਤੇ ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ਵਿਦੇਸ਼ੀ ਬੋਲੀ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ ਵਿਚ ਬੇਗਾਨੀ ਨਹੀਂ ਰਹੇਗੀ ਤੇ ਉਹ ਕੈਨੇਡਾ ਦੀ ਬੋਲੀ ਵਜੋਂ ਮਾਨਤਾ ਹਾਸਲ ਕਰ ਲਵੇਗੀ। ਤੀਜੀ ਗੱਲ, ਪੰਜਾਬੀ ਮਾਪਿਆਂ ’ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੀ ਹੀ ਗੱਲ ਕਰੀਏ ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ ਮੋਅ ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ ਵਿਚ ਪੜਾਉਣ ਦਾ ਰਾਹ ਪੱਧਰਾ ਹੋ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ-ਆਪਣੇ ਉਪਰਾਲੇ ਕਰ ਰਹੇ ਹਨ ਪਰ ਪਬਲਿਕ ਸਕੂਲਾਂ ਵਿਚ ਪੰਜਾਬੀ ਪੜਾਈ ਜਾਣ ਲਈ ਬੱਚਿਆਂ ਦਾ ਨਾਂਅ ਖ਼ਾਸ ਤੌਰ ’ਤੇ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।

ਕੈਨੇਡਾ ਵਿਚ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਚਿੰਤਾ ਦੀ ਗੱਲ ਅੱਜ ਇਹ ਹੈ ਕਿ ਇਥੇ ਪੰਜਾਬੀ ਨੂੰ ਗਿਣੇ-ਮਿਥੇ ਢੰਗ ਨਾਲ ਖੂੰਜੇ ਲਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਦੇ ਨਾਂਅ ’ਤੇ ਪੰਜਾਬੀ ਸੂਬਾ ਬਣਨ ਵੇਲੇ ਜਿਸ ਤਰਾਂ ਦੇ ਹਾਲਾਤ ਤੇ ਫ਼ਿਰਕੂ ਵਿਚਾਰ ਪੰਜਾਬ ਵਿਚ ਜ਼ੋਰ ਫੜ ਰਹੇ ਸਨ, ਅੱਜ ਉਹੀ ਸਥਿਤੀ ਕੈਨੇਡਾ ਵਿਚ ਬਣਦੀ ਜਾ ਰਹੀ ਹੈ।

ਬਾਕੀ ਸਫ਼ਾ 31 ’ਤੇ

# ਉਸਾਰੂ ਸੋਚ ਵਾਲੇ ਅਣਖੀ ਲੋਕਾਂ ਦੀ ਧਰਤੀ ਜਪਾਨ

**- ਡਾ. ਧਰਮਿੰਦਰ ਸਿੰਘ**

ਜਪਾਨ ਪੂਰਬ ਏਸ਼ੀਆ ਵਿੱਚ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਥਿਤ ਇੱਕ ਟਾਪੂ ਦੇਸ਼ ਹੈ ਜਿਸਦੀ ਭੁਗੋਲਿਕ ਸਥਿਤੀ ਜਪਾਨ ਸਾਗਰ, ਚੀਨ, ਉੱਤਰੀ ਕੋਰੀਆ, ਦੱਖਣੀ ਕੋਰੀਆ ਅਤੇ ਰੂਸ ਦੇ ਪੂਰਬ ਵੱਲ ਹੈ ਅਤੇ ਇਹ ਉੱਤਰ ਵੱਲ ਪੂਰਬੀ ਚੀਨ ਸਾਗਰ ਅਤੇ ਦੱਖਣ ਵੱਲ ਤਾਇਵਾਨ ਤੱਕ ਫੈਲਿਆ ਹੋਇਆ ਹੈ। ਜਪਾਨ ਦੇ ਨਾਮ ਨਾਲ ਜੁੜੇ ਅੱਖਰ ਇਸ ਦਾ ਅਰਥ 'ਸੂਰਜੀ-ਮੂਲ' ਦੱਸਦੇ ਹਨ ਜਿਸ ਕਾਰਨ ਇਸ ਨੂੰ ਕਈ ਵਾਰ ਚੜਦੇ ਸੂਰਜ ਦੀ ਧਰਤੀ ਦੇ ਨਾਮ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਜਪਾਨ ਕੁੱਲ 6852 ਟਾਪੂਆਂ ਵਾਲਾ ਦੇਸ਼ ਹੈ ਜਿਸ ਵਿੱਚ ਚਾਰ ਵੱਡੇ ਟਾਪੂ-ਹਾਸ਼ੂ, ਹਕਾਇਦੋ, ਕਿਆਸ਼ੂ ਅਤੇ ਸ਼ਿਕੋਕੂ ਹਨ ਜਿਹੜੇ ਜਪਾਨ ਦੀ ਕੁੱਲ ਭੂਮੀ ਦਾ 97% ਬਣਦੇ ਹਨ। ਜਪਾਨ ਦੀ ਕੁੱਲ ਅਬਾਦੀ 12 ਕਰੋੜ 70 ਲੱਖ ਦੇ ਲਗਭਗ ਹੈ ਅਤੇ ਅਬਾਦੀ ਦੇ ਲਿਹਾਜ ਨਾਲ ਇਹ ਦੁਨੀਆਂ ਦਾ ਦਸਵਾਂ ਵੱਡਾ ਦੇਸ਼ ਹੈ। 1947 ਵਿੱਚ ਆਪਣਾ ਸੰਵਿਧਾਨ ਲਾਗੂ ਕਰਨ ਤੋਂ ਬਾਅਦ ਜਪਾਨ ਨੇ ਸੰਵਿਧਾਨਕ ਰਾਜਤੰਤਰ ਪ੍ਰਣਾਲੀ ਅਪਣਾਈ ਜਿਸ ਵਿੱਚ ਸੰਵਿਧਾਨਿਕ ਮੁਖੀ ਦੇ ਤੌਰ ਤੇ ਬਾਦਸ਼ਾਹ ਅਤੇ ਚੁਣੀ ਹੋਈ ਪਾਰਲੀਮੈਂਟ ਹੈ ਜਿਸ ਨੂੰ ਡਾਈਟ ਕਿਹਾ ਜਾਂਦਾ ਹੈ। ਜਪਾਨ ਇੱਕ ਵੱਡੀ ਆਰਥਿਕ ਸ਼ਕਤੀ ਹੈ ਅਤੇ ਸਮੁੱਚੇ ਘਰੇਲੂ ਉਤਪਾਦ ਦੀ ਦਰ ਅਨੁਸਾਰ ਦੁਨੀਆ ਦਾ ਦੂਜਾ ਵੱਡਾ ਦੇਸ਼, ਖਰੀਦ ਸ਼ਕਤੀ ਅਨੁਸਾਰ ਤੀਸਰਾ ਵੱਡਾ ਦੇਸ਼ ਅਤੇ ਨਿਰਯਾਤ ਅਨੁਸਾਰ ਚੌਥਾ ਵੱਡਾ ਦੇਸ਼ ਹੈ। ਇੱਥੋਂ ਦੇ ਲੋਕਾਂ ਦੀ ਔਸਤ ਉਮਰ ਸਾਰੇ ਸੰਸਾਰ ਵਿੱਚੋਂ ਵੱਧ ਹੈ। ਜਪਾਨ ਵਿੱਚ ਬੇਰੁਜ਼ਗਾਰੀ ਦੀ ਦਰ ਸਿਰਫ 4% ਹੈ। ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਜਪਾਨ ਦੇ ਝੰਡੇ ਅੱਜ ਵੀ ਬੁਲੰਦ ਹਨ ਅਤੇ ਇਲੈਕਟ੍ਰਾਨਿਕਸ, ਆਟੋਮੋਬਾਈਲ ਅਤੇ ਰੋਬੋਟ ਉਤਪਾਦਨ ਵਿੱਚ ਇਸ ਦੀ ਸਰਦਾਰੀ ਕਾਇਮ ਹੈ। ਸਿੱਖਿਆ ਦੇ ਖੇਤਰ ਵਿੱਚ ਜਪਾਨੀ ਸਿੱਖਿਆ ਪ੍ਰਣਾਲੀ ਬਹੁਤ ਉੱਚ ਕੋਟੀ ਦੀ ਹੈ ਅਤੇ ਯੂਨੀਵਰਸਿਟੀ ਆਫ ਟੋਕੀਓ ਅਤੇ ਕਿਆਟੋ ਯੂਨੀਵਰਸਿਟੀ ਜਪਾਨ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਹਨ। ਜਪਾਨ ਵਿੱਚ ਸਿਹਤ ਸੇਵਾਵਾਂ ਰਾਸ਼ਟਰੀ ਅਤੇ ਸਥਾਨਕ ਸਰਕਾਰਾਂ ਦੁਆਰਾ ਉਪਲਬਧ ਕਰਵਾਈਆਂ ਜਾਂਦੀਆਂ ਹਨ। 99% ਲੋਕ ਪਹਿਲੀ ਭਾਸ਼ਾ ਵਜੋਂ ਜਪਾਨੀ ਬੋਲੀ ਬੋਲਦੇ ਹਨ। ਇੱਕ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਜਪਾਨ ਵਿੱਚ ਆਤਮ-ਹੱਤਿਆ (ਹਾਰਾ-ਕੀਰੀ) ਦਰ ਵੀ ਬਹੁਤ ਜ਼ਿਆਦਾ ਹੈ ਅਤੇ ਇੱਕ ਅੰਕੜੇ ਅਨੁਸਾਰ ਇਕੱਲੇ ਸਾਲ 2009 ਵਿੱਚ 30,000/ ਤੋਂ ਵੱਧ ਆਤਮ-ਹੱਤਿਆ ਦੇ ਕੇਸ ਸਾਹਮਣੇ ਆਏ। 30 ਸਾਲ ਦੀ ਉਮਰ ਤੋਂ ਘੱਟ ਹੋਣ ਵਾਲੀਆਂ ਮੌਤਾਂ ਵਿੱਚੋਂ ਸਭ ਤੋਂ ਵੱਧ ਮੌਤਾਂ ਆਤਮ-ਹੱਤਿਆ ਰਾਹੀਂ ਹੁੰਦੀਆਂ ਹਨ। ਜਾਣਕਾਰੀ ਅਨੁਸਾਰ ਜਪਾਨੀ ਨੌਜਵਾਨ ਕਿਸੇ ਵੀ ਹਾਰ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਅਸੀਂ ਕਾਨਸਾਈ ਇੰਟਰਨੈਸ਼ਨਲ ਏਅਰਪੋਰਟ ਤੇ ਜਾ ਕੇ ਉੱਤਰੇ। ਇਹ ਸਮੁੰਦਰ ਦੇ ਐਨ ਵਿਚਕਾਰ ਬਣਾਇਆ ਗਿਆ ਦੁਨੀਆਂ ਦਾ ਸਭ ਤੋਂ ਵੱਡਾ ਏਅਰਪੋਰਟ ਹੈ। ਇਹ ਏਅਰਪੋਰਟ ਓਸਾਕਾ ਖਾੜੀ ਦੇ ਮੱਧ ਵਿੱਚ ਜਪਾਨ ਦੇ ਕਾਨਸਾਈ ਖੇਤਰ, ਜਿਸ ਵਿੱਚ ਜਪਾਨ ਦੇ ਤਿੰਨ ਮੁੱਖ ਸ਼ਹਿਰ ਕਯੋਤੋ, ਕੋਬੇ ਅਤੇ ਓਸਾਕਾ ਸ਼ਾਮਲ ਹਨ, ਵਿੱਚ ਮਨੁੱਖੀ ਹੱਥਾਂ ਦੁਆਰਾ ਸਿਰਜੇ ਗਏ 4 ਕਿਲੋਮੀਟਰ ਲੰਬੇ ਅਤੇ 2.5 ਕਿਲੋਮੀਟਰ ਚੌੜੇ ਟਾਪੂ ਵਿੱਚ ਸਥਿਤ ਹੈ ਜਿਹੜਾ ਓਸਾਕਾ ਸ਼ਹਿਰ ਦੇ ਦੱਖਣ ਤੋਂ ਲਗਭਗ 50 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਏਅਰਪੋਰਟ ਨੂੰ ਮੁੱਖ ਭੂਮੀ ਨਾਲ ਜੋੜਨ ਲਈ ਜਪਾਨ ਦੇ ਇੱਕ ਛੋਟੇ ਸ਼ਹਿਰ 'ਰਿੰਕੂ' ਤੱਕ ਸਮੁੰਦਰ ਵਿੱਚ ਹੀ ਤਿੰਨ ਕਿਲੋਮੀਟਰ ਲੰਮੇ ਪੁਲ ਦੀ ਉਸਾਰੀ ਕੀਤੀ ਗਈ। ਜਪਾਨੀ ਸਥਾਨਕ ਭਾਸ਼ਾ ਵਿੱਚ ਏਅਰਪੋਰਟ ਦੇ ਸਥਾਨ ਨੂੰ 'ਕਾਂਕੂ' ਨਾਲ ਵੀ ਸੰਬੋਧਨ ਕਰਦੇ ਹਨ। ਇੱਥੋਂ ਅਸੀਂ ਓਸਾਕਾ ਪਹੁੰਚ ਗਏ। ਜਪਾਨ ਦੇ ਕਾਨਸਾਈ ਖੇਤਰ ਵਿੱਚ ਸਥਿਤ, ਓਸਾਕਾ ਅਬਾਦੀ ਦੇ ਲਿਹਾਜ ਨਾਲ ਟੋਕੀਓ ਅਤੇ ਯੋਕਾਹਾਮਾ ਤੋਂ ਬਾਅਦ ਜਪਾਨ ਦਾ ਤੀਸਰਾ ਵੱਡਾ ਸ਼ਹਿਰ ਹੈ। ਜਪਾਨ ਦੀ ਵਣਜੀ ਰਾਜਧਾਨੀ ਅਤੇ ਪੱਛਮੀ ਜਪਾਨ ਦੇ ਦੁਆਰ ਵਜੋਂ ਜਾਣਿਆ ਜਾਂਦਾ ਓਸਾਕਾ ਸ਼ਹਿਰ ਜਪਾਨ ਦੀ ਆਰਥਿਕਤਾ ਦਾ ਇੱਕ ਪ੍ਰਮੁੱਖ ਕੇਂਦਰ ਹੈ। ਇਸ ਨੂੰ 'ਦੇਸ਼ ਦੀ ਰਸੋਈ' ਜਾਂ ਸਵਾਦਿਸ਼ਟ ਭੋਜਨ ਦੇ ਮੱਕੇ ਵਜੋਂ ਵੀ ਜਾਣਿਆ ਜਾਂਦਾ ਰਿਹਾ ਹੈ। ਓਸਾਕਾ ਦਾ ਸ਼ਾਬਦਿਕ ਅਰਥ ਵੱਡੀ ਪਹਾੜੀ ਜਾਂ ਵੱਡੀ ਢਲਾਣ ਹੈ। 2005 ਦੀ ਜਣ-ਗਣਨਾ ਅਨੁਸਾਰ ਇਸ ਸ਼ਹਿਰ ਦੀ ਅਬਾਦੀ 27 ਲੱਖ ਦੇ ਲਗਭਗ ਸੀ।ਸਾਲ 1930 ਵਿੱਚ ਇਸ ਸ਼ਹਿਰ ਦੀ ਅਬਾਦੀ ਟੋਕੀਓ ਨਾਲੋਂ ਵੀ ਵੱਧ ਸੀ ਪਰ ਬਾਅਦ ਵਿੱਚ ਛੋਟੇ ਛੋਟੇ ਪਿੰਡਾਂ ਵਿੱਚ ਪ੍ਰਵਾਸ ਕਾਰਨ ਇਹ ਲਗਾਤਾਰ ਘਟਦੀ ਰਹੀ ਅਤੇ ਸਾਲ 2000 ਤੋਂ ਬਾਅਦ 2005 ਵਿੱਚ ਹੀ ਅਬਾਦੀ ਵਿੱਚ 1.2% ਵਾਧਾ ਰਿਕਾਰਡ ਕੀਤਾ ਗਿਆ। ਓਸਾਕਾ ਸ਼ਹਿਰ ਵੱਡੀਆਂ ਉੱਚੀਆਂ ਇਮਾਰਤਾਂ, ਪੁਲਾਂ ਅਤੇ ਫੈਕਟਰੀਆਂ ਨਾਲ ਭਰਪੂਰ ਸ਼ਹਿਰ ਹੈ। ਬੁਨਿਆਦੀ ਤੌਰ ਤੇ ਇਸ ਸਮੇਂ ਇਸਦਾ ਸਰੂਪ ਇੱਕ ਵੱਡੇ ਉਦਯੋਗਿਕ ਸ਼ਹਿਰ ਵਾਲਾ ਹੀ ਹੈ। ਸ਼ਹਿਰ ਵਿੱਚ ਜਪਾਨੀਆਂ ਤੋਂ ਇਲਾਵਾ ਕੋਰੀਅਨ ਅਤੇ ਚੀਨੀ ਮੂਲ ਦੇ ਵਿਦੇਸ਼ੀ ਜ਼ਿਆਦਾ ਹਨ। ਭਾਰਤੀਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਪੰਜਾਬੀ ਤਾਂ ਇਸ ਸ਼ਹਿਰ ਵਿੱਚ ਨਾਂ-ਮਾਤਰ ਹੀ ਹਨ।



ਓਸਾਕਾ ਵਿੱਚ ਸਭ ਤੋਂ ਪਹਿਲਾਂ ਅਸੀਂ ਓਸਾਕਾ ਦਾ ਸਭ ਤੋਂ ਪ੍ਰਸਿੱਧ ਦੇਖਣਯੋਗ ਸਥਾਨ ਓਸਾਕਾ ਕੈਸਲ ਦੇਖਣ ਗਏ ਜੋ ਸਾਡੇ ਹੋਟਲ ਤੋਂ ਬਹੁਤ ਨਜ਼ਦੀਕ ਸੀ। ਇਹ ਜਪਾਨ ਦੇ ਪ੍ਰਸਿੱਧ ਮਹਿਲਾਂ ਵਿੱਚੋਂ ਇੱਕ ਹੈ ਜਿਸਦੀ ਉਸਾਰੀ 1583 ਵਿੱਚ ਤਾਇਤੋਮੀ ਹਾਈਦੋਸ਼ੀ ਨੇ ਸ਼ੁਰੂ ਕਰਵਾਈ ਜੋ 1597 ਵਿੱਚ ਪੂਰੀ ਹੋਈ।ਇਸ ਦੀਆਂ ਪੰਜ ਮੰਜ਼ਿਲਾਂ ਉੱਪਰ ਹਨ ਅਤੇ ਤਿੰਨ ਮੰਜ਼ਲਾਂ ਧਰਤੀ ਵਿੱਚ ਹਨ। ਇਸ ਨੂੰ ਸੋਨੇ ਦੇ ਪੱਤਰੇ ਚੜਾ ਕੇ ਸਜਾਇਆ ਹੋਇਆ ਹੈ। ਇਹ ਖੂਬਸੂਰਤ ਇਮਾਰਤ ਦੋ ਵਾਰ ਅੱਗ ਲੱਗਣ ਕਾਰਣ ਅਤੇ ਫਿਰ 1945 ਵਿੱਚ ਬੰਬ ਡਿੱਗਨ ਕਾਰਣ ਲਗਭਗ ਬਰਬਾਦ ਹੋ ਗਈ ਸੀ। ਮੌਜੂਦਾ ਇਮਾਰਤ ਜੋ ਦੇਖਣ ਨੂੰ ਮਿਲਦੀ ਹੈ ਉਹ ਸਰਕਾਰ ਦੁਆਰਾ ਮੁੜ 1997 ਵਿੱਚ ਬਣਵਾਈ ਗਈ ਹੈ। ਇਹ ਮਹਿਲ 15 ਏਕੜ ਜਮੀਨ ਜਿਸਨੂੰ ਓਸਾਕਾ ਕੈਸਲ ਪਾਰਕ ਕਹਿੰਦੇ ਹਨ ਵਿੱਚ ਬਣਿਆ ਹੋਇਆ ਹੈ ਅਤੇ ਇਸ ਵਿੱਚ 13 ਹੋਰ ਵੱਖ ਵੱਖ ਇਮਾਰਤਾਂ ਹਨ ਜੋ ਆਪਣੇ ਮੂਲ ਰੂਪ ਵਿੱਚ ਹਨ ਜਿਨਾਂ ਨੂੰ ਜਪਾਨ ਸਰਕਾਰ ਦੁਆਰਾ ਸੱਭਿਆਚਾਰਕ ਸੰਪਤੀਆਂ ਐਲਾਨਿਆ ਗਿਆ ਹੈ।ਅਸੀਂ ਓਸਾਕਾ ਮਿਊਜ਼ੀਅਮ ਆਫ ਹਿਸਟਰੀ ਵੀ ਦੇਖਿਆ।

ਦੂਸਰਾ ਸ਼ਹਿਰ ਜੋ ਅਸੀਂ ਵੇਖਿਆ ਉਹ ਜਪਾਨ ਦੀ ਪ੍ਰਾਚੀਨ ਰਾਜਧਾਨੀ ਨਾਰਾ ਸੀ।ਇਸ ਦੀ ਪ੍ਰਸਿੱਧੀ ਵਪਾਰਕ ਖੇਤਰ ਤੋਂ ਇਲਾਵਾ ਬੁੱਧ ਦੇ ਸਭ ਤੋਂ ਵੱਡੇ ਬੁੱਤ ਵਾਲੇ ਮੰਦਰ ਜਿਸਨੂੰ 'ਟੋਡਾ ਜੀ' ਆਖਿਆ ਜਾਂਦਾ ਹੈ, ਕਾਰਨ ਵੀ ਹੈ।ਇਸ ਮੰਦਰ ਦਾ ਹਾਲ ਦੁਨੀਆ ਦਾ ਸਭ ਤੋਂ ਵੱਡਾ ਲੱਕੜ ਦਾ ਹਾਲ ਹੈ ਅਤੇ ਬੁੱਧ ਦਾ ਬੁੱਤ ਦੁਨੀਆਂ ਦਾ ਸਭ ਤੋਂ ਵੱਡਾ ਕਾਂਸੀ ਦਾ ਬੁੱਤ ਹੈ।ਇਸ ਬੁੱਤ ਦੀ ਉਚਾਈ 49 ਫੁੱਟ ਦੇ ਲਗਭਗ ਹੈ ਜਦਕਿ ਇਸਦਾ ਭਾਰ 500 ਟਨ ਦੇ ਕਰੀਬ ਹੈ।ਕਮਾਲ ਦੀ ਗੱਲ ਇਹ ਹੈ ਕਿ ਸ਼ਾਕਾਹਾਰੀ ਬੁੱਧ ਦੇ ਇਸ ਮੰਦਰ ਦੇ ਬਾਹਰ ਮਾਸਾਹਾਰੀ ਭੋਜਨ ਖੁੱਲ ਕੇ ਵਿਕ ਰਿਹਾ ਸੀ ਅਤੇ ਲੋਕ ਇਸ ਨੂੰ ਅਨੰਦ ਨਾਲ ਛਕ ਰਹੇ ਸਨ।ਇਸ ਸ਼ਹਿਰ ਵਿੱਚ ਬੁੱਧ ਦੇ ਕਈ ਹੋਰ ਮੰਦਿਰ ਵੀ ਹਨ।ਇੱਕ ਹੋਰ ਛੋਟੇ ਮੰਦਿਰ ਵਿੱਚ ਸਾਨੂੰ ਇੱਕ ਜਗਾ ਰਿਬਨ ਬੰਨ ਕੇ ਮੰਨਤਾਂ ਮੰਗਣ ਦਾ ਨਜ਼ਾਰਾ ਵੀ ਦੇਖਣ ਨੂੰ ਮਿਲਿਆ। ਇਸੇ ਤਰਾਂ ਉੱਥੇ ਚੰਗੀ ਕਿਸਮਤ ਅਤੇ ਚੰਗੀ ਸਿਹਤ ਲਈ ਕੁਝ ਪੱਥਰ ਵੀ ਵਿਕ ਰਹੇ ਸਨ। ਅਸੀਂ ਸੋਚ ਰਹੇ ਸੀ ਕਿ ਮਨੁੱਖ ਦਾ ਬੁਨਿਆਦੀ ਸੁਭਾਅ ਬਹੁਤ ਔਖਾ ਬਦਲਦਾ ਹੈ ਭਾਵੇਂ ਵਿਗਿਆਨ ਅਤੇ ਤਕਨਾਲੋਜੀ ਜੋ ਮਰਜ਼ੀ ਤਰੱਕੀ ਕਰ ਲਵੇ। ਨਾਰਾ ਸ਼ਹਿਰ ਇਸ ਵਿੱਚ ਥਾਂ ਥਾਂ ਖੁੱਲੇ ਘੁੰਮਦੇ ਹਿਰਨਾ ਕਰਕੇ ਵੀ ਪ੍ਰਸਿੱਧ ਹੈ। ਇੱਕ ਮਿਥਿਹਾਸਕ ਦੰਦ ਕਥਾ ਅਨੁਸਾਰ ਇਹ ਮੰਨਿਆਂ ਜਾਂਦਾ ਹੈ ਕਿ ਜਦ ਨਾਰਾ ਨੂੰ ਜਪਾਨ ਦੀ ਰਾਜਧਾਨੀ ਬਣਾਇਆ ਗਿਆ ਤਾਂ ਇੱਕ ਦੇਵਤਾ ਚਿੱਟੇ ਹਿਰਨ ਤੇ ਬੈਠਕੇ ਇਸ ਦੀ ਰਾਖੀ ਕਰਨ ਆਇਆ ਅਤੇ ਤਦ ਤੋਂ ਇਸ ਸ਼ਹਿਰ ਵਿੱਚ ਹਿਰਨ ਨੂੰ ਇੱਕ ਦੈਵੀ ਜਾਨਵਰ ਮੰਨਿਆਂ ਜਾਂਦਾ ਹੈ ਜੋ ਅੱਜ ਵੀ ਸ਼ਹਿਰ ਦੀ ਰਾਖੀ ਕਰਦਾ ਹੈ। ਨਾਰਾ ਨੂੰ ਆਉਣ ਵਾਲੇ ਯਾਤਰੀ ਇਹਨਾਂ ਹਿਰਨਾਂ ਨੂੰ ਬਿਸਕੁਟ ਰੂਪੀ ਇੱਕ ਖਾਧ ਪਦਾਰਥ ਖਾਣ ਨੂੰ ਦਿੰਦੇ ਹਨ ਅਤੇ ਹਿਰਨਾਂ ਨਾਲ ਆਪਣੀਆਂ ਤਸਵੀਰਾਂ ਖਿਚਵਾਉਂਦੇ ਹਨ।

ਜਪਾਨ ਦੇ ਲੋਕ ਬਹੁਤ ਮਿਹਨਤਕਸ਼, ਸ਼ਰੀਫ, ਇਮਾਨਦਾਰ, ਹਸਮਖ ਅਤੇ ਹਲੀਮੀ ਨਾਲ ਰਹਿਣ ਵਾਲੇ ਹਨ। ਜਪਾਨੀ ਲੋਕ ਜਾਤ-ਪਾਤ ਜਾਂ ਦੀਨ-ਮਜ਼ਹਬ ਦੇ ਕਿਸੇ ਝਮੇਲੇ ਵਿੱਚ ਨਹੀਂ ਪਏ ਹੋਏ ਬਲਕਿ ਸਾਰੇ ਜਪਾਨੀ ਅਖਵਾਉਣ ਵਿੱਚ ਤੇ ਜਪਾਨੀ ਰਹਿਣ ਵਿੱਚ ਹੀ ਫਖਰ ਮਹਿਸੂਸ ਕਰਦੇ ਸਨ। ਆਪਣੇ ਕੰਮ ਅਤੇ ਸੰਸਥਾ ਪ੍ਰਤੀ ਵਫਾਦਾਰੀ ਲਾਜਵਾਬ ਅਤੇ ਕੰਮ ਪ੍ਰਤੀਬੱਧਤਾ ਸਿਖਰ ਦੀ। ਜਪਾਨੀਆਂ ਦਾ ਇੱਕ ਖੂਬਸੂਰਤ ਗੁਣ ਇਹ ਹੈ ਕਿ ਉਹ ਰੋਜ਼-ਮਰਾ ਦੀ ਆਪਸੀ ਗੱਲਬਾਤ ਵਿੱਚ ਨਾ ਰਾਜਨੀਤੀ ਦੀ ਚੁੰਝ-ਚਰਚਾ ਕਰਦੇ ਹਨ ਅਤੇ ਨਾ ਹੀ ਧਰਮ ਸੰਬੰਧੀ ਕੋਈ ਰੌਲਾ ਰੱਪਾ ਪਾਉਂਦੇ ਹਨ। ਪਰ ਜਪਾਨੀ ਲੋਕ ਅਖਬਾਰ ਬਹੁਤ ਪੜਦੇ ਹਨ ਅਤੇ ਇਸੇ ਕਾਰਨ ਦੁਨੀਆ ਵਿੱਚ ਸਭ ਤੋਂ ਵੱਧ ਸਰਕੂਲੇਸ਼ਨ ਵਾਲਾ ਅਖਬਾਰ 'ਯੋਮੀਰੀ ਸ਼ਿੰਬਨ' ਜਪਾਨ ਵਿੱਚ ਛਪਦਾ ਹੈ। ਜਪਾਨ ਵਿੱਚ ਰਿਸ਼ਵਤ ਨਾ ਦੇ ਬਰਾਬਰ ਹੈ। ਜਪਾਨ ਏਸ਼ੀਆ ਦਾ ਇੱਕੋ ਇੱਕ ਅਜਿਹਾ ਦੇਸ਼ ਹੈ ਜਿਹੜਾ ਯੂਰਪ ਦੇ ਵਿਕਸਤ ਦੇਸ਼ਾਂ ਨਾਲ ਭਿੜਦਾ ਹੈ। ਅਬਾਦੀ ਦੀ ਦਰ ਨਾਂਹ-ਪੱਖੀ ਹੋਣ ਕਾਰਣ ਮਹਿੰਗਾਈ ਦਰ ਵਧ ਨਹੀਂ ਰਹੀ ਅਤੇ ਜਮੀਨ ਜਾਇਦਾਦ ਦੇ ਭਾਅ ਲਗਾਤਾਰ ਘਟ ਰਹੇ ਹਨ।

ਜਪਾਨ ਵਿੱਚ ਬੱਚਿਆਂ ਵਿੱਚੋਂ ਜਾਇਦਾਦ ਉਸਨੂੰ ਹੀ ਮਿਲਦੀ ਹੈ ਜੋ ਮਾਂ ਬਾਪ ਦੀ ਸੇਵਾ ਕਰਦਾ ਹੈ। ਘਰਾਂ ਵਿੱਚ ਇੱਕ ਜਾਂ ਦੋ ਬੱਚੇ ਹੁੰਦੇ ਹਨ ਅਤੇ ਲੜਕੇ ਲੜਕੀ ਵਿੱਚ ਕੋਈ ਫਰਕ ਨਹੀਂ ਸਮਝਿਆ ਜਾਂਦਾ। ਲੜਕੀਆਂ ਨੂੰ ਸਗੋਂ ਚੰਗਾ ਸਮਝਿਆਂ ਜਾਂਦਾ ਹੈ।ਇੱਕ ਕਮਾਲ ਦੀ ਗੱਲ ਜੋ ਇੱਥੇ ਸੁਣਨ ਨੂੰ ਮਿਲੀ ਉਹ ਇਹ ਸੀ ਕਿ ਪੁਰਖੀ ਜਾਇਦਾਦ ਬੱਚਿਆ ਨੂੰ ਮੁਫਤ ਵਿੱਚ ਨਹੀਂ ਮਿਲਦੀ ਸਗੋਂ ਜਾਇਦਾਦ ਪ੍ਰਾਪਤ ਕਰਨ ਵਾਲੇ ਬੱਚੇ ਨੂੰ 33% ਦੇ ਕਰੀਬ ਹਰੈਡਿਟੀ ਟੈਕਸ ਦੇਣਾ ਪੈਂਦਾ ਹੈ ਅਤੇ ਫਿਰ ਉਹ ਉਸ ਜਾਇਦਾਦ ਦਾ ਮਾਲਕ ਬਣਦਾ ਹੈ। ਇਸ ਤਰਾਂ ਨਾਲ ਤਿੰਨ ਪੁਸ਼ਤਾਂ ਬਾਅਦ ਸਟੇਟ ਪਾਸ ਸਾਰੀ ਜਾਇਦਾਦ ਵਾਪਸ ਆ ਜਾਂਦੀ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਜਾਇਦਾਦ ਬੁਨਿਆਦੀ ਤੌਰ ਤੇ ਸਟੇਟ ਦੀ ਹੈ।ਇੱਕ ਸਮਾਂ ਸੀ ਜਦ ਜਪਾਨ ਵਿੱਚ ਬਹੁਤੇ ਵਿਆਹ ਮਾਪਿਆਂ ਦੁਆਰਾ ਨਿਰਧਾਰਤ ਕੀਤੇ ਜਾਂਦੇ ਸਨ ਪਰ ਵਰਤਮਾਨ ਸਮੇਂ ਵਿੱਚ ਜਪਾਨ ਵਿੱਚ ਵਿਆਹ ਲਗਭਗ ਪਿਆਰ ਵਿਆਹ ਹੀ ਹੁੰਦੇ ਹਨ। ਹੁਣ ਮਾਪੇ ਵੀ ਅਜਿਹੇ ਵਿਆਹਾਂ ਨੂੰ ਪਸੰਦ ਕਰਦੇ ਹਨ। ਬਹੁਤੇ ਵਿਆਹ ਸ਼ਿੰਟੋ ਰਸਮਾਂ ਅਤੇ ਰਿਵਾਜਾਂ ਅਨਸਾਰ ਹੰਦੇ ਹਨ।


Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094







Put my knowledge, Service, experience and professionalism to work for you.

Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।



MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਜੰਮੂ ਕਸ਼ਮੀਰ ਵਿੱਚ ਸਿੱਖ ਪੰਥ

- ਜਸਬੀਰ ਸਿੰਘ ਸਰਨਾ (ਡਾ.)

ਜੰਮੂ-ਕਸ਼ਮੀਰ ਵਿੱਚ ਸਿੱਖੀ ਦਾ ਮੁੱਢ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ (1469-1539 ਈਸਵੀ) ਦੇ ਮੁਬਾਰਕ ਕਦਮਾਂ ਨਾਲ ਹੀ ਬੱਝ ਗਿਆ ਸੀ। ਗੁਰੂ ਨਾਨਕ ਸਾਹਿਬ ਦੀਆਂ ਪਹਿਲੀਆਂ ਦੋ ਜਨਮ ਸਾਖੀਆਂ (ਪੁਰਾਤਨ) ਵਿੱਚ ਗੁਰੂ ਸਾਹਿਬ ਦੇ ਹੋਰ ਮੁਲਕਾਂ ਤੋਂ ਇਲਾਵਾ ਸੁਮੇਰ ਪਰਬਤ (ਕੈਲਾਸ਼) ਜਾਣ ਦਾ ਸੰਕੇਤ ਮਿਲਦਾ ਹੈ। ਵਲਾਇਤ ਵਾਲੀ ਜਨਮ ਸਾਖੀ ਵਿੱਚ ਵੱਖ-ਵੱਖ ਉਦਾਸੀਆਂ ਦਾ ਵੇਰਵਾ ਦਰਜ ਹੈ। ਇਸ ਵਿੱਚ ਸੁਮੇਰ ਪਰਬਤ (ਕੈਲਾਸ਼) ਅਤੇ ਕਸ਼ਮੀਰ ਦੇ ਸਫ਼ਰ ਦਾ ਵਰਣਨ ਮਿਲਦਾ ਹੈ। ਬੀਜ ਬਿਹਾੜੇ ਦੇ ਪੰਡਤ ਬ੍ਰਹਮ ਦਾਸ ਦਾ ਜ਼ਿਕਰ ਵੀ ਆਇਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵੀ ਸੁਮੇਰ ਪਰਬਤ ਦਾ ਜ਼ਿਕਰ ਹੈ।

ਫਿਰਿ ਜਾਇ ਚੜਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸ਼ਟੀ ਆਈ। (ਵਾਰ 1, ਪੌੜੀ 24)

ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ 24 ਸਾਲਾਂ (ਸੰਨ 1497 ਤੋਂ 1521) ਵਿੱਚ ਪੂਰੀਆਂ ਕੀਤੀਆਂ। ਗੁਰੂ ਜੀ ਨੇ ਤੀਜੀ ਉਦਾਸੀ ਪਹਾੜਾਂ ਰਾਹੀਂ ਸੁਮੇਰ ਪਰਬਤ ਵੱਲ 1515 ਤੋਂ 1517 ਈਸਵੀ ਤਕ ਕੀਤੀ। ਗੁਰੂ ਸਾਹਿਬ ਮੌਕਿਆਂ ਅਤੇ ਵਾਤਾਵਰਨ ਆਦਿ ਨੂੰ ਵੇਖ ਕੇ ਆਪਣੇ ਲਿਬਾਸ ਵੀ ਬਦਲਦੇ ਰਹਿੰਦੇ ਸਨ। ਇਸ ਦੀ ਗਵਾਹੀ ਪੁਰਾਤਨ ਜਨਮ ਸਾਖੀ ਦਿੰਦੀ ਹੈ।

ਤ੍ਰਿਤੀਆਂ ਉਦਾਸੀ ਉਤਰਖੰਡ ਕੀ ਉਦਾਸੀ ਕਰਨਿ ਲਗੇ। ਤਿਤੁ ਉਦਾਸੀ ਅਕ ਦੀਆਂ ਖਖੜੀਆਂ ਅਤੇ ਫੂਲ ਅਹਾਰੁ ਕਰਦਾ ਥਾਂ, ਪਰਿ ਸਕੇ, ਅਤੇ ਪੈਰੀਂ ਚਮੜਾ, ਅਤੇ ਸਿਰਿ ਚਮੜਾ, ਸਾਰੀ ਦੇਹ ਲਪੇਟਿਅਸੁ, ਅਤੇ ਮਾਥੇ ਟਿੱਕਾ ਕੇਸਰ ਕਾ'

ਸੁਮੇਰ ਪਰਬਤ ਵੱਲ ਜਾਣ ਸਮੇਂ ਗੁਰੂ ਸਾਹਿਬ ਨੇ ਆਧੁਨਿਕ ਪਰਬਤ ਆਰੋਹੀਆਂ ਵਾਂਗ ਆਪਣੀ ਦੇਹੀ ਦੁਆਲੇ ਚਮੜਾ ਅਤੇ ਲੱਕ ਦੁਆਲੇ ਮੋਟੇ ਰੱਸੇ ਲਪੇਟੇ ਹੋਏ ਸਨ। ਹੱਥ ਵਿੱਚ ਕੁਠਾਰ (ਕੁਹਾੜੀ) ਫੜੀ ਸੀ। ਗੁਰੂ ਸਾਹਿਬ ਨਾਲ ਹੱਸੂ ਲੋਹਾਰ ਤੇ ਸ਼ੀਹਾਂ ਛੀਂਬਾ ਵੀ ਹਮਸਫ਼ਰ ਸਨ। ਗੁਰੂ ਸਾਹਿਬ ਚੌਮੁਰਤੀ ਅਤੇ ਥੇਲਿੰਗ ਅਸਥਾਨਾਂ ਤੋਂ ਲੰਘ ਕੇ ਮਾਨਸਰੋਵਰ ਅਤੇ ਕੈਲਾਸ਼ ਪੁੱਜੇ ਸਨ। ਹਿਮਾਲਿਆ ਪਹਾੜ ਦੀਆਂ ਕੁੰਦਰਾਂ ਵਿੱਚ ਸਿੱਧਾਂ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਜੀ ਗਰਟੋਕ (ਗਾਰੂ), ਰੁਡੋਕ, ਪਾਨਸੋਂਗ ਝੀਲ, ਚਸ਼ੂਲ, ਲੱਦਾਖ, ਉਪਸ਼ੀ, ਕਾਰੂ, ਗੁੰਫਾ ਹਮੇਸ, ਨਿੰਗੀ, ਖਲਾਸੀ, ਬਾਸਗੋ, ਸਕਾਰਦੂ, ਬਾਲਤਾਲ, ਅਮਰਨਾਥ, ਪਹਿਲਗਾਮ, ਅਸ਼ਮੁਕਾਮ ਰਾਹੀਂ ਮਟਨ ਪੁੱਜੇ ਸਨ। ਮਟਨ ਸਾਹਿਬ ਵਿੱਚ ਹੀ ਮਾਰਤੰਡ ਦੇ ਪੁਰਾਣੇ ਖੰਡਰਾਂ ਅਤੇ ਜੋੜਵੇਂ ਚਸ਼ਮਿਆਂ ਕੋਲ ਬੈਠ ਕੇ ਪੰਡਿਤ ਬ੍ਰਹਮਦਾਸ ਨਾਲ ਚਰਚਾ ਕੀਤੀ ਸੀ। ਬ੍ਰਹਮਦਾਸ ਦੀ ਬੇਨਤੀ 'ਤੇ ਗੁਰੂ ਸਾਹਿਬ ਉਸ ਦੇ ਪਿੰਡ 'ਬੀਜ ਬਿਹਾੜਾ' ਵੀ ਗਏ। ਉਥੋਂ ਅਵਾਂਤੀਪੁਰ, ਸ਼ੰਕਰਾਚਾਰੀਆ ਮੰਦਰ, ਚਿਨਾਰ ਬਾਬਾ ਨਾਨਕ (ਜੋ ਬਾਅਦ ਵਿੱਚ ਚਿਨਾਰ ਬਾਬਾ ਸ੍ਰੀ ਚੰਦ ਨਾਂ ਨਾਲ ਪ੍ਰਸਿੱਧ ਹੋਇਆ) ਹਰੀ ਪਰਬਤ, ਬੇਰਵਾ, ਬਾਰਾਮੂਲਾ ਆਦਿ ਥਾਵਾਂ 'ਤੇ ਚਰਨ ਪਾਏ। ਗੁਰੂ ਸਾਹਿਬ ਸ੍ਰੀ ਨਗਰ ਵਿੱਚ ਰਘੁਨਾਥ ਮੰਦਰ, ਹਜ਼ਰਤ ਬਲ ਦੀ ਮਸੀਤ, ਸ਼ਰੀਕਾ ਦੇਵੀ ਹਿੰਦੂ ਤੀਰਥਾਂ ਵਿੱਚ ਵੀ ਗਏ। ਗੁਰੂ ਸਾਹਿਬ ਨੇ 'ਵੁੱਲਰ ਝੀਲ' ਦੇ ਕੰਢੇ ਬਹਿ ਕੇ ਅਕਾਲ ਪੁਰਖ ਦੀ ਕੁਦਰਤ ਦਾ ਆਨੰਦ ਮਾਣ ਕੇ ਸ਼ਬਦ ਉਚਾਰਨ ਕੀਤੇ। ਵੁੱਲਰ ਝੀਲ ਤੋਂ ਹੁੰਦੇ ਹੋਏ ਸੋਪੁਰ ਥਾਹੀਂ ਕਾਮਰਾਜ ਇਲਾਕੇ ਦੀਆਂ ਸਰਹੱਦਾਂ ਨੂੰ ਛੂੰਹਦੇ ਹੋਏ ਬਾਰਾਮੁਲਾ ਦੇ ਕੋਲ 'ਕੋਟ ਤੀਰਥ' ਕੋਲ ਨਿਵਾਸ ਕੀਤਾ। ਉਥੋਂ ਗੁਰੂ ਸਾਹਿਬ ਉੜੀ ਦੇ ਰਸਤਿਓਂ ਕੋਹਾਲਾ ਅਤੇ ਅਖੀਰ ਹਸਨ ਅਬਦਾਲ (ਪੰਜਾ ਸਾਹਿਬ) ਪੁੱਜੇ ਸਨ।

ਗੁਰੂ ਹਰਿਗੋਬਿੰਦ ਸਾਹਿਬ (1590-1644) ਨੇ ਗਵਾਲੀਅਰ ਕਿਲੇ ਦੀ ਰਿਹਾਈ ਤੋਂ ਬਾਅਦ ਬਾਦਸ਼ਾਹ ਜਹਾਂਗੀਰ ਨਾਲ ਕਸ਼ਮੀਰ ਦਾ ਸਫ਼ਰ ਕੀਤਾ ਸੀ। ਗੁਰੂ ਸਾਹਿਬ ਸਿਆਲਕੋਟ, ਗਲੋਟੀਆ, ਵਜ਼ੀਰਾਬਾਦ, ਮੀਰਪੁਰ, ਭਿੰਬਰ, ਬਹਿਰਾਮ ਰਾਹੀਂ ਸ਼ੁਪੀਆਂ ਪੁੱਜੇ ਸਨ। ਰਜੌਰੀ ਤੋਂ ਗੁਰੂ ਸਾਹਿਬ ਥਾਨਮੰਡੀ, ਗੌਨ, ਪੀਰ ਮਾਰਗ ਪਹੁੰਚੇ ਸਨ। ਅਲੀਆਬਾਦ ਸਰਾਏ ਕੋਲ ਗੁਰੂ ਜੀ ਨੇ ਬਰਛਾ ਮਾਰ ਕੇ ਪਾਣੀ ਕੱਢਿਆ ਸੀ। ਇਸ ਤੋਂ ਬਾਅਦ ਕਟੂਸ਼ਾਹ ਦੀ ਜਗਾ 'ਤੇ ਜਾ ਉਤਰੇ। ਖਾਂਪੁਰ ਸਰਾਂ ਤੋਂ ਹੁੰਦੇ ਹੋਏ ਗੁਰੂ ਸਾਹਿਬ ਸ੍ਰੀਨਗਰ ਦੇ ਕਾਠੀ ਦਰਵਾਜ਼ੇ 'ਤੇ ਪੁੱਜ ਕੇ ਮਾਤਾ ਭਾਗਭਰੀ ਦੇ ਹੱਥੀਂ ਸੂਤ ਦਾ ਬਣਿਆ ਚੋਲਾ ਸਵੀਕਾਰ ਕੀਤਾ। ਗੁਰੂ ਸਾਹਿਬ ਨੇ ਕੁਝ ਸਮਾਂ 'ਸ਼ਾਲੀਮਾਰ ਬਾਗ਼' ਵਾਲੀ ਥਾਂ 'ਤੇ ਵੀ ਨਿਵਾਸ ਕੀਤਾ, ਜਿੱਥੇ ਮਲਕਾ ਨੂਰਜਹਾਂ ਨੇ ਆਪਣੀਆਂ ਸਹੇਲੀਆਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਦਰਸ਼ਨ ਅਤੇ ਵਿਚਾਰਾਂ ਕੀਤੀਆਂ। ਸ੍ਰੀਨਗਰ ਤੋਂ ਗੁਰੂ ਸਾਹਿਬ ਬਾਰਾਮੁਲਾ ਕੋਟਤੀਰਥ ਵਾਲੀ ਥਾਂ 'ਤੇ ਆ ਕੇ ਨਿਵਾਸ ਕੀਤਾ। ਉਥੋਂ ਸਿੰਘਪੁਰਾ ਕਲਾਨ (ਕਲਮਪੁਰਾ), ਪਰਮਪੀਲਾ (ਉੜੀ), ਦੋਲਾਜਾਂ, ਕਠਾਈ, ਖਾਡਾਂ, ਨਲੂਛੀ (ਮੁਜ਼ੱਫਰਾਬਾਦ) ਪੁੱਜੇ ਸਨ। ਇਨਾਂ ਸਾਰੀਆਂ ਥਾਵਾਂ 'ਤੇ ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰੇ ਮੌਜੂਦ ਹਨ। ਇਸੇ ਤਰਾਂ ਸੱਤਵੇਂ ਨਾਨਕ ਗੁਰੂ ਹਰਿਰਾਇ ਸਾਹਿਬ (1630-1661) ਨੇ ਵੀ 1660 ਈਸਵੀ ਵਿੱਚ ਰਿਆਸਤ ਨੂੰ ਆਪਣੇ ਪਵਿੱਤਰ ਕਦਮਾਂ ਨਾਲ ਵੇਜ-ਯਾਬ ਕੀਤਾ ਸੀ। ਗੁਰੂ ਸਾਹਿਬ ਜਲਾਲਪੁਰ ਜੱਟਾਂ, ਦੁਬੁਰਜੀ, ਗਲੋਟੀਆ ਖੁਰਦ, ਸ਼ਾਲਕੋਟ ਤੋਂ ਹੁੰਦੇ ਹੋਏ ਸ੍ਰੀਨਗਰ ਪੁੱਜੇ ਸਨ, ਜਿਸ ਦੀ ਸਪਸ਼ਟ ਗਵਾਹੀ 'ਭੱਟਵਹੀ ਤਲਉਂਢਾ' ਪਰਗਣਾ ਜੀਂਦ ਵਿੱਚ ਦਰਜ ਹੈ। ਜਲਾਲਪੁਰ ਜੱਟਾਂ ਵਿੱਚ ਗੁਰੂ ਸਾਹਿਬ ਆਪਣੇ ਸੇਵਕਾਂ ਭਾਈ ਸਬਲਾ, ਉਸ ਦੀ ਧਰਮ ਪਤਨੀ ਬੀਬੀ ਸੋਮਾਂ ਅਤੇ ਸਪੁੱਤਰ ਬਖਤਮੱਲ ਕੋਲ ਠਹਿਰੇ।



ਇੱਥੇ ਹੀ ਭਾਈ ਪਦਮਾਂ ਗੁਰੂ ਜੀ ਨੂੰ ਆਪਣੇ ਪਿੰਡ ਦੁਬੁਰਜੀ ਲੈ ਗਿਆ। 1660 ਈਸਵੀ ਦੀ ਵਿਸਾਖੀ ਗੁਰੂ ਜੀ ਨੇ 'ਸ਼ਾਲਕੋਟ' ਵਿੱਚ ਮਨਾਈ। ਇੱਥੇ ਭਾਈ ਨੰਦ ਲਾਲ ਆਪਣੇ ਬੇਟਿਆਂ ਭਾਗ ਮੱਲ ਅਤੇ ਬਾਗਮੱਲ ਨਾਲ ਗੁਰੂ ਸਾਹਿਬ ਕੋਲ ਹਾਜ਼ਰ ਹੋਇਆ। ਗੁਰੂ ਸਾਹਿਬ ਸ੍ਰੀਨਗਰ ਵੱਲ ਭਾਈ ਮੱਖਣ ਸ਼ਾਹ ਦੇ ਟਾਂਡੇ ਰਾਹੀਂ ਪਹਿਲਾਂ 'ਮੋਟੇ ਟਾਂਡੇ' ਪਿੰਡ ਨਿਵਾਸ ਕੀਤਾ ਅਤੇ ਬਾਅਦ ਵਿੱਚ ਸ੍ਰੀਨਗਰ ਦੀ ਯਾਤਰਾ ਕੀਤੀ। ਗੁਰੂ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਬਿਰਾਜਣ ਦੀ ਥਾਂ ਮਟਨ ਸਾਹਿਬ ਦੇ ਵੀ ਦਰਸ਼ਨ ਕੀਤੇ। ਭਟਵਹੀ ਅਨੁਸਾਰ ਗੁਰੂ ਸਾਹਿਬ ਨੇ ਚਾਰ ਮਹੀਨੇ ਕਸ਼ਮੀਰ ਵਿੱਚ ਨਿਵਾਸ ਕੀਤਾ। ਸ੍ਰੀਨਗਰ ਵਿੱਚ ਗੁਰੂ ਸਾਹਿਬ ਨੇ ਹਰੀ ਪਰਬਤ ਕੋਲ ਨਿਵਾਸ ਕੀਤਾ ਜਿੱਥੇ ਭਾਈ ਸੇਵਾਦਾਸ, ਭਾਈ ਮਾਧੋ ਸੋਢੀ, ਭਾਈ ਰਾਮਗੜੀਆ ਆਦਿ ਗੁਰਸਿੱਖ ਨਿਵਾਸ ਕਰਦੇ ਸਨ। ਇਸ ਨੂੰ ਪਹਿਲਾਂ 'ਸਤਿਗੁਰੂ ਦੇਵੀ ਅੰਡਣ, ਹੱਕ ਬਾਜ਼ਾਰ' ਆਖਿਆ ਜਾਂਦਾ ਸੀ। ਇੱਥੇ ਗੁਰੂ ਸਾਹਿਬ ਦੀ ਯਾਦ ਵਿੱਚ ਇੱਕ ਇਤਿਹਾਸਕ ਖੂਹ ਅਤੇ ਗੁਰਦੁਆਰਾ ਸੀ, ਜਿਸ ਨੂੰ 'ਚਾਏ ਗੁਰੂ ਹਰਿਰਾਇ ਸਾਹਿਬ' ਆਖਿਆ ਜਾਂਦਾ ਸੀ। ਸਮੇਂ ਦੀ ਗਰਦਸ਼ ਨਾਲ ਇਹ ਗੁਰਦੁਆਰਾ ਲੋਪ ਹੋ ਗਿਆ। ਇਸ ਨਾਲ ਤਕਰੀਬਨ ਆਬੀ-ਜ਼ਮੀਨ 146 ਕਨਾਲ ਅਤੇ ਖੁਸ਼ਕੀ ਜ਼ਮੀਨ 102 ਕਨਾਲ ਸੀ, ਜਿਸ ਦੀ ਗਵਾਹੀ ਫ਼ਾਰਸੀ ਪੁਸਤਕ (ਹੱਥ-ਲਿਖਤ) 'ਤਾਰੀਖ-ਕਲਾਂ' ਵਿੱਚ ਮੌਜੂਦ ਹੈ। ਇਸੇ ਗੁਰਦੁਆਰੇ ਵਿੱਚ ਸਰਦਾਰ ਹਰੀ ਸਿੰਘ ਨਲੂਆ (ਕਸ਼ਮੀਰ ਗਵਰਨਰ) ਨੇ ਅਰਦਾਸਾ ਸੋਧ ਕੇ ਗੁਰਦੁਆਰੇ ਦੇ ਨਾਂ ਕਾਫ਼ੀ ਜ਼ਮੀਨ ਅਤੇ ਸਾਲਾਨਾ 360 ਰੁਪਏ ਅਰਦਾਸ ਕਰਾਈ ਸੀ। ਗੁਰੂ ਸਾਹਿਬ ਕਸ਼ਮੀਰ ਤੋਂ ਵਾਪਸੀ ਸਮੇਂ ਅਖਨੂਰ, ਜੰਮੂ, ਰਾਮਗੜ, ਖਿਰੜੀ, ਸਾਂਬਾ, ਪਠਾਨਕੋਟ ਤੋਂ ਹੁੰਦੇ ਹੋਏ ਗੁਰੂ ਹਰਿਰਾਇ (ਕੀਰਤਪੁਰ) ਪੁੱਜੇ ਸਨ।

ਗੁਰੂ ਗੋਬਿੰਦ ਸਿੰਘ ਜੀ ਜੰਮੂ ਸ਼ਹਿਰ ਵਿੱਚ 1692 ਈਸਵੀ ਦੇ ਅਖੀਰ 'ਤੇ ਆਪਣੇ ਪਰਮ ਮਿੱਤਰ ਰਾਜਾ ਗਜੇ ਸਿੰਘ ਰਾਜਪੂਤ ਦੀ ਬੇਨਤੀ 'ਤੇ ਆਏ ਸਨ। ਵਿਸਾਖ ਦੇ ਮਹੀਨੇ ਪੁਰਮੰਡਲ ਤੀਰਥ 'ਤੇ ਸਾਰੇ ਰਾਜਿਆਂ ਦਾ ਇਕੱਠ ਸੀ। ਗੁਰੂ ਸਾਹਿਬ ਰਾਜਾ ਭੀਮ ਚੰਦ ਦੇ ਸੱਦੇ 'ਤੇ ਰਵਾਲਸਰ ਤੀਰਥ ਪਹੁੰਚੇ ਸਨ, ਜਿੱਥੋਂ ਰਾਜਾ ਗਜੇ ਸਿੰਘ ਗੁਰੂ ਸਾਹਿਬ ਨੂੰ ਆਪਣੇ ਨਾਲ ਜੰਮੂ ਲੈ ਗਿਆ। ਗੁਰੂ ਸਾਹਿਬ ਨਾਲ ਵਿਸ਼ਵਾਸ ਪਾਤਰ ਭਾਈ ਚਉਪਤ ਰਾਇ ਵੀ ਸੀ। ਜੰਮੂ ਦੇ ਕਿਲਿਆਂ ਦਾ ਗੁਰੂ ਸਾਹਿਬ ਨੇ ਨਿਰੀਖਣ ਕੀਤਾ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਮਹਿਮਾਨ-ਖੁਸੂਸੀ ਹੋਣ ਦੇ ਨਾਤੇ ਜੰਮੂ ਦੇ ਕਿਲੇ ਵਿੱਚ ਹੀ ਠਹਿਰੇ ਹੋਣਗੇ। ਇੱਕ ਵੇਰ ਗੁਰੂ ਸਾਹਿਬ 'ਬਸੋਹਲੀ' ਨਗਰ ਵੀ ਰਾਜਾ ਸਲਾਹੀ ਚੰਦ ਦੀ ਬੇਨਤੀ 'ਤੇ ਗਏ ਸਨ। ਗੁਰੂ ਸਾਹਿਬ ਨੇ ਰਾਜਾ ਗਜੇ ਸਿੰਘ ਨੂੰ ਇੱਕ 'ਦਸਤਾਰ' ਅਤੇ ਉਸ ਦੇ ਭਰਾ ਜਸਵੰਤ ਸਿੰਘ ਨੂੰ 'ਬਰਛੀ' ਭੇਟਾ ਕੀਤੀ ਸੀ।

ਗੁਰੂ ਨਾਨਕ ਸਾਹਿਬ ਤੋਂ ਬਾਅਦ ਤੀਜੇ ਨਾਨਕ ਗੁਰੂ ਅਮਰਦਾਸ ਸਾਹਿਬ (1479-1574) ਨੇ ਜੰਮੂ ਕਸ਼ਮੀਰ ਵੱਲ ਸਿੱਖੀ ਦਾ ਪ੍ਰਚਾਰ ਤੇ ਪਸਾਰ ਕਰਨ ਵਾਸਤੇ ਭਾਈ ਫੇਰਾ (ਕਟਾਰੀਆ ਗੋਤ ਦਾ ਖੱਤਰੀ) ਆਦਿ ਨੂੰ ਜੰਮੂ ਦੀਆਂ ਪਹਾੜੀਆਂ ਵਿੱਚ ਭੇਜਿਆ। ਗੁਰੂ ਰਾਮਦਾਸ ਸਾਹਿਬ (1534-1581) ਨੇ ਮਸੰਦਾਂ ਨੂੰ ਵੀ ਇਸ ਖਿੱਤੇ ਵੱਲ ਪ੍ਰਚਾਰ ਲਈ ਭੇਜਿਆ ਸੀ ਪਰ ਇਹ ਨੁਕਤਾ ਖੋਜ ਦੀ ਮੰਗ ਕਰਦਾ ਹੈ। ਗੁਰੂ ਅਰਜਨ ਦੇਵ (1563-1606) ਨੇ ਕੁਝ ਪ੍ਰਚਾਰਕ ਪੁਣਛ, ਕਸ਼ਮੀਰ ਅਤੇ ਪਹਾੜ ਦੇਸ਼ ਵੱਲ ਰਵਾਨਾ ਕੀਤੇ ਸਨ। ਇਨਾਂ ਪ੍ਰਚਾਰਕਾਂ ਵਿੱਚੋਂ ਪ੍ਰਮੁੱਖ ਭਾਈ ਮਾਧੋ ਸੋਢੀ ਸੀ।

'ਮਾਧੋ ਸੋਢੀ ਕਸ਼ਮੀਰ ਗੁਰਸਿੱਖੀ ਦੀ ਚਾਲ ਚਲਾਈ' (ਵਾਰਾਂ ਭਾਈ ਗੁਰਦਾਸ)

ਮਾਧੋ ਸੋਢੀ ਨੇ ਪੂਰੇ ਕਸ਼ਮੀਰ ਵਿੱਚ ਥਾਂ-ਥਾਂ ਜਾ ਕੇ ਬਹੁਤ ਸਾਰੇ ਲੋਕਾਂ ਨੂੰ ਸਿੱਖੀ ਵੱਲ ਪ੍ਰੇਰਿਆ ਜਿਨਾਂ ਵਿੱਚ ਭਾਈ ਸੇਵਾ ਦਾਸ, ਭਾਈ ਕਟੂਸ਼ਾਹ, ਮਾਤਾ ਭਾਗਭਰੀ ਆਦਿ ਦੇ ਨਾਂ ਮੁੱਖ ਸਨ। ਮਾਧੋ ਸੋਢੀ ਨੇ ਤਕਰੀਬਨ ਇੱਕ ਸਾਲ ਕਸ਼ਮੀਰ ਵਿੱਚ ਰਹਿ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਨਾਂ ਦਾ ਪੱਕਾ ਨਿਵਾਸ ਅਸਥਾਨ ਕਾਠੀ ਦਰਵਾਜ਼ੇ ਕੋਲ ਹੀ ਹੁੰਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਗੜੀਆ ਨੂੰ ਆਪ ਕਸ਼ਮੀਰ ਵੱਲ ਸਿੱਖੀ ਪ੍ਰਚਾਰ ਵਾਸਤੇ ਰਵਾਨਾ ਕੀਤਾ। ਭਾਈ ਗੜੀਆ ਅਤੇ ਭਾਈ ਸੇਵਾਦਾਸ ਨੇ ਦੂਰ-ਦੁਰਾਡੇ ਪਹਾੜਾਂ ਅਤੇ ਬਿਖੜੇ ਇਲਾਕਿਆਂ ਵਿੱਚ ਜਾ ਕੇ ਲੋਕਾਂ ਨੂੰ ਗੁਰਮਤਿ ਦੇ ਕੁਟੰਬ ਵਿੱਚ ਸ਼ਾਮਲ ਕੀਤਾ। ਗੁਰੂ ਹਰਿਰਾਇ ਸਾਹਿਬ ਨਾਲ ਵੀ ਕਈ ਸਿੱਖ ਜਿਵੇਂ ਭਾਈ ਮੱਖਣ ਸ਼ਾਹ ਲੁਬਾਣਾ, ਭਾਈ ਮੱਖੂ ਚੰਦ ਆਦਿ ਪ੍ਰਚਾਰਕ ਆਏ ਸਨ। ਗੁਰੂ ਤੇਗ ਬਹਾਦਰ ਸਾਹਿਬ (1621-1675) ਨੇ ਕਸ਼ਮੀਰੀ ਪੰਡਤਾਂ ਦੇ ਤਿਲਕ ਤੇ ਜੰਞੂ ਦੀ ਖਾਤਰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਮਟਨ ਦੇ ਭਾਈ ਕ੍ਰਿਪਾ ਰਾਮ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਤਾਂ ਦਾ ਇੱਕ ਕਾਫ਼ਲਾ, ਜਿਨਾਂ ਦੀ ਗਿਣਤੀ 16 ਸੀ (ਕਈ ਸੋਮਿਆਂ, ਅਨੁਸਾਰ ਗਿਣਤੀ 500 ਸੀ) ਤਿਲਕ ਤੇ ਜੰਞੂ ਦੀ ਰੱਖਿਆ ਖਾਤਰ ਗੁਰੂ ਜੀ ਪਾਸ ਆਇਆ ਸੀ। ਇਸ ਦਾ ਜ਼ਿਕਰ 'ਬਚਿੱਤਰ ਨਾਟਕ' ਅਤੇ 'ਭਟਵਹੀ ਮੁਲਤਾਨੀ ਸਿੰਧੀ' ਵਿੱਚ ਦਰਜ ਹੈ। ਪੰਡਤਾਂ ਦਾ ਇਹ ਕਾਫ਼ਲਾ 1675 ਈਸਵੀ ਵਿੱਚ ਆਨੰਦਪੁਰ ਸਾਹਿਬ ਪੁੱਜਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਆਪਣੇ ਗਾਤਰੇ ਦੀ ਸਿਰੀ ਸਾਹਿਬ, ਏਕ ਮੋਹਰ, ਪੰਜ ਤੀਰ ਤੇ ਏਕ ਨਿਸ਼ਾਨ ਸਾਹਿਬ ਦੇ ਕੇ ਪੰਜਾਬ ਵੱਲ ਰਵਾਨਾ ਕੀਤਾ ਅਤੇ ਕਈ ਹੁਕਮਨਾਮੇ ਵੀ ਲਿਖ ਕੇ ਦਿੱਤੇ। ਗੁਰੂ ਦੀ ਬਖ਼ਸ਼ਿਸ਼ ਨਾਲ ਬੰਦਾ ਸਿੰਘ ਬਹਾਦਰ ਨੇ ਸਮਾਣਾ, ਸਢੌਰਾ, ਘੁੜਾਮ, ਠਸਕਾ, ਮੁਸਤਫਾਬਾਦ, ਕਪੂਰੀ, ਰੋਪੜ, ਚੱਪੜਚਿੜੀ (ਸਰਹਿੰਦ), ਘੁਢਾਣੀ ਮਾਲੇਰਕੋਟਲਾ ਆਦਿ ਫਤਹਿ ਕਰਕੇ ਖਾਲਸਾਈ ਕੇਸਰੀ ਨਿਸ਼ਾਨ ਝੁਲਾ ਕੇ 'ਖ਼ਾਲਸੇ ਦੀ ਪਹਿਲੀ ਰਾਜਧਾਨੀ' ਬਣਾਇਆ। ਇੱਥੇ ਹੀ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਂ ਦਾ ਸਿੱਕਾ ਜਾਰੀ ਕੀਤਾ:

ਸਿੱਕਾ ਜਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ।
ਫ਼ਤਹਿ ਗੋਬਿੰਦ ਸਿੰਘ ਸ਼ਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ।

ਜੰਮੂ-ਕਾਂਗੜੇ ਦੀਆਂ ਪਹਾੜੀਆਂ ਹੀ ਪੁਰਾਤਨ ਸਿੰਘਾਂ ਦਾ ਸਭ ਤੋਂ ਪੁਖਤਾ ਬੁਨਿਆਦੀ ਖੇਤਰ ਰਿਹਾ ਹੈ।

ਜੰਮੂ-ਕਸ਼ਮੀਰ ਵਿੱਚ ਪੁਰਾਤਨ ਸਮੇਂ ਤੋਂ ਕੁਝ ਡੇਰੇ ਸਿੱਖੀ ਪ੍ਰਚਾਰ ਤੇ ਪਸਾਰ ਲਈ ਸਰਗਰਮ ਹਨ। ਬਿਖੜੇ ਸਮਿਆਂ ਵਿੱਚ ਇਨਾਂ ਦੀ ਭੂਮਿਕਾ ਮਹੱਤਵਪੂਰਨ ਰਹੀ ਹੈ। ਇਨਾਂ ਡੇਰਿਆਂ ਵਿੱਚ ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ, ਡੇਰਾ ਗੁਫਾ ਮੁਜ਼ੱਫਰਾਬਾਦ, ਡੇਰਾ ਬੰਦਾ ਸਿੰਘ ਬਹਾਦਰ ਰਿਆਸੀ, ਡੇਰਾ ਮੰਗਵਾਲ, ਡੇਰਾ ਭੰਨਾ, ਡੇਰਾ ਬਸਨਾੜਾ ਜ਼ਿਕਰਯੋਗ ਹਨ। ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿੱਚ ਪਹਾੜ ਦੇਸ਼ ਕਸ਼ਮੀਰ ਦੇ ਸਿੱਖਾਂ ਦਾ ਬੜਾ ਸਤਿਕਾਰ ਸੀ। ਗੁਰੂ ਸਾਹਿਬ ਦਾ ਖਿਡਾਵਾ ਭਾਈ ਚੌਪਾ ਸਿੰਘ ਛਿੱਬਰ ਸਭ ਤੋਂ ਪਹਿਲਾਂ ਅਧਿਆਪਕ ਤੇ ਸ਼ਸਤਰ ਵਿਦਿਆ ਦਾ ਉਸਤਾਦ ਰਿਹਾ ਸੀ। ਖ਼ਾਲਸਾ ਪੰਥ ਦੀ ਸਾਜਨਾ ਸਮੇਂ ਖੰਡੇ ਕੀ ਪਾਹੁਲ ਲੈਣ ਵਿੱਚ ਪੰਜ ਕਸ਼ਮੀਰੀ ਸਿੱਖਾਂ ਨੇ ਪਹਿਲ ਕੀਤੀ ਸੀ। ਦਸ਼ਮੇਸ਼ ਪਿਤਾ ਨੇ ਸਿੱਖੀ ਪ੍ਰਚਾਰ ਲਈ ਪੁਣਛ ਅਤੇ ਕਸ਼ਮੀਰ ਵੱਲ ਭਾਈ ਅਮੋਲਕ ਸਿੰਘ, ਭਾਈ ਫੇਰੂ ਸਿੰਘ, ਭਾਈ ਪੰਜਾਬ ਸਿੰਘ ਵਿਸ਼ੇਸ਼ ਸੇਵਕਾਂ ਨੂੰ ਪ੍ਰਚਾਰ ਲਈ ਭੇਜਿਆ। ਇਨਾਂ ਨਾਲ ਭਾਈ ਰੋਚਾ ਸਿੰਘ, ਭਾਈ ਮੋਲਾ ਸਿੰਘ, ਭਾਈ ਮੰਨਾ ਸਿੰਘ, ਭਾਈ ਮੰਗਲ ਸਿੰਘ, ਭਾਈ ਰਤਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਰਤਨ ਸਿੰਘ ਮੋਦੀ, ਭਾਈ ਮੋਹਰ ਸਿੰਘ, ਭਾਈ ਮੰਗਲ ਸਿੰਘ ਸਾਸਨ, ਭਾਈ ਬਚਿੱਤਰ ਸਿੰਘ ਅਤੇ ਭਾਈ ਮਨਜੀਤ ਸਿੰਘ ਵੀ ਸਨ। ਸਿੱਖੀ ਪ੍ਰਚਾਰ ਦੇ ਨਾਲ-ਨਾਲ ਇਸ ਡੇਰੇ ਨੇ ਸਿੱਖਾਂ ਦੇ ਵਿੱਦਿਅਕ ਖੇਤਰ ਵੱਲ ਖ਼ਾਸ ਧਿਆਨ ਦਿੱਤਾ ਹੈ। ਅਜੋਕੇ ਸਮੇਂ ਸਦੀ ਵਿੱਚ ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ ਪੁਣਛ ਵਰਗੇ ਡੇਰੇਦਾਰਾਂ ਦੀ ਜ਼ਿੰਮੇਵਾਰੀ ਤੇ ਮਹੱਤਵ ਹੋਰ ਵੀ ਵਧ ਜਾਂਦਾ ਹੈ।

ਜੰਮੂ-ਕਸ਼ਮੀਰ ਵਿੱਚ ਗੁਰੂ ਸਾਹਿਬਾਨ ਨਾਲ ਸਬੰਧਤ ਕਈ ਇਤਿਹਾਸਕ ਗੁਰਦੁਆਰੇ ਮੌਜੂਦ ਹਨ। ਗੁਰੂ ਨਾਨਕ ਸਾਹਿਬ ਦੀ ਫੇਰੀ ਨਾਲ ਸਬੰਧਤ ਗੁਰਦੁਆਰਿਆਂ ਵਿੱਚ ਗੁਰਦੁਆਰਾ ਪੱਥਰ ਸਾਹਿਬ ਲੇਹ-ਲੱਦਾਖ, ਗੁਰਦੁਆਰਾ ਨਾਨਕਸਰ ਮਟਨ ਸਾਹਿਬ, ਗੁਰਦੁਆਰਾ ਨਾਨਕ ਅਸਥਾਨ ਅਨੰਤਨਾਗ, ਗੁਰਦੁਆਰਾ ਬੀਜ ਬਿਹਾੜਾ, ਗੁਰਦੁਆਰਾ ਅਵੰਤੀਪੁਰਾ, ਗੁਰਦੁਆਰਾ ਹਰੀ ਪਰਬਤ, ਗੁਰਦੁਆਰਾ ਚਰਨ ਅਸਥਾਨ ਬੇਰਵਾ ਹਨ। ਇਸੇ ਤਰਾਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਤਾਰੀਖੀ ਗੁਰਦੁਆਰਿਆਂ ਵਿੱਚੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਰਾਜੌਰੀ, ਗੁਰਦੁਆਰਾ ਬੰਗਲਾ ਸਾਹਿਬ ਰਿਆਸੀ, ਗੁਰਦੁਆਰਾ ਸ਼ਾਹਜੀਮਰਗ, ਪੁਲਵਾਮਾ, ਗੁਰਦੁਆਰਾ ਛੇਵੀਂ ਪਾਤਸ਼ਾਹੀ, ਕਾਠੀ ਦਰਵਾਜਾ, ਸ੍ਰੀਨਗਰ, ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ, ਗੁਰਦੁਆਰਾ ਥੜਾ ਸਾਹਿਬ ਕਮਲਪੁਰਾ, ਗੁਰਦੁਆਰਾ ਛੇਵੀਂ ਪਾਤਸ਼ਾਹੀ ਪਰਮਲੀਲਾ ਉੜੀ, ਦੋਲਾਜਾਂ, ਕਠਾਈ ਅਤੇ ਨਲੂਛੀ (ਮੁਜ਼ੱਫਰਾਬਾਦ) ਵਿਸ਼ੇਸ਼ ਜ਼ਿਕਰ ਆਉਂਦਾ ਹੈ। ਗੁਰੂ ਹਰਿਰਾਇ ਸਾਹਿਬ ਦਾ ਯਾਦਗਾਰੀ ਇਤਿਹਾਸਕ ਗੁਰਦੁਆਰਾ 'ਚਾਹੇ ਗੁਰੂ ਹਰਿਰਾਇ ਸਾਹਿਬ' ਡੋਗਰਾ ਰਾਜ ਤੋਂ ਪਹਿਲਾਂ ਮੌਜੂਦ ਸੀ ਪਰ ਸਮੇਂ ਦੀ ਗਰਦਿਸ਼ ਨਾਲ ਇਹ ਹੁਣ ਲੋਪ ਹੋ ਚੁੱਕਾ ਹੈ।

ਮੁਗਲ ਰਾਜ ਦੇ ਪਿਛਲੇਰੇ ਵਰਿਆਂ ਵਿੱਚ ਜੰਮੂ-ਕਸ਼ਮੀਰ ਵਿੱਚ ਸਿੱਖਾਂ ਦੀ ਕੁੱਲ ਅਬਾਦੀ ਕਈ ਸੈਂਕੜੇ ਸੀ। ਮੁਗਲ ਰਾਜ ਸਮੇਂ ਗੁਰੂ ਸਾਹਿਬ ਦੇ ਸਿਦਕੀ ਸਿੱਖਾਂ ਵਿੱਚ ਦੱਤ, ਸੂਦਨ, ਸਾਸਨ, ਸਦਿਆਲ, ਛਿੱਬਰ ਆਦਿ ਘਰਾਣਿਆਂ ਦੇ ਸਿੱਖ ਪਰਿਵਾਰ ਮੌਜੂਦ ਸਨ। ਅਫ਼ਗਾਨ ਦੌਰੇ ਦੇ ਅਖੀਰ ਵਿੱਚ ਸਿੱਖਾਂ ਦੀ ਅਬਾਦੀ ਚਾਰ ਹਜ਼ਾਰ ਤੋਂ ਵੱਧ ਸੀ। ਰਾਜਾ ਸੁੱਖ ਜੀਵਨ ਮੱਲ, ਅਫ਼ਗਾਨੀ ਗਵਰਨਰ (1753-62) ਨੇ ਆਪਣੇ ਨਾਲ ਹਜ਼ਾਰਾਂ ਸਿੱਖ ਫ਼ੌਜੀ ਆਪਣੀ ਫ਼ੌਜ ਵਿੱਚ ਭਰਤੀ ਕਰਕੇ ਕਸ਼ਮੀਰ ਵਸਾਏ ਸਨ ਜਿਨਾਂ ਨੂੰ 'ਜਿਨਸੀ ਸਿੱਖ' ਕਿਹਾ ਜਾਂਦਾ ਸੀ ਕਿਉਂਕਿ ਉਹ ਤਨਖਾਹ ਬਦਲੇ ਅੰਨ (ਅਨਾਜ) ਹੀ ਲੈਂਦੇ ਸਨ। ਭਾਵੇਂ ਸਿੱਖਾਂ ਦੀ ਜਨਗਣਨਾ ਦੇ ਅੰਕੜੇ ਉਸ ਸਮੇਂ ਨਹੀਂ ਕੀਤੇ ਗਏ, ਜੋ ਉਪਲਬਧ ਹਨ, ਉਹ ਮਹਿਜ਼ ਅਨੁਮਾਨ ਹੀ ਹਨ। ਇੱਕ ਤਵਾਰੀਖ਼ਦਾਨ ਲਿਖਦਾ ਹੈ ਜਦੋਂ ਸਿੱਖ ਫ਼ੌਜੀ ਕਮਾਂਡਰ ਮਟਨ ਸਾਹਿਬ, ਕਸ਼ਮੀਰੀ ਫਤਹਿ ਸਮੇਂ ਆਏ ਤਾਂ 200 ਸਿੱਖ ਕਿਸਾਨਾਂ, ਜਿਨਾਂ ਦੀਆਂ ਲੰਮੀਆਂ ਦਾੜੀਆਂ ਅਤੇ ਸਿਰਾਂ 'ਤੇ ਕੇਸਾਂ ਦੇ ਵੱਡੇ-ਵੱਡੇ ਜੂੜੇ ਸਨ, ਨੇ ਖ਼ਾਲਸਾ ਫ਼ੌਜਾਂ ਨੂੰ ਖੁਸ਼ਆਮਦੀਦ ਆਖੀ। ਇਸ ਸਮੇਂ ਬਹੁਤੇ ਬ੍ਰਾਹਮਣ ਸਿੱਖੀ ਦੇ ਪਰਿਵਾਰ ਵਿੱਚ ਸ਼ਾਮਲ ਹੋਏ। 1835 ਈਸਵੀ ਵਿੱਚ ਸਿੱਖਾਂ ਦੀ ਅਬਾਦੀ 5000 ਦੇ ਕਰੀਬ ਸੀ। ਇਹ ਅਬਾਦੀ ਸਿੱਖ ਫ਼ੌਜੀਆਂ ਅਤੇ ਗਵਰਨਰ ਦੇ ਮੁਲਾਜ਼ਮ ਸਿੱਖਾਂ ਨੂੰ ਛੱਡ ਕੇ ਸੀ।

ਬਾਕੀ ਸਫ਼ਾ 32 'ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦੇਵ ਜੀ ਨੇ ਬੁਰੇ ਕਿਰਦਾਰਾਂ ਨੂੰ ਧਰਮ ਦੇ ਰਸਤੇ 'ਤੇ ਚਲਾਇਆ



**- ਬਲਰਾਜ ਸਿੰਘ ਸਿੱਧੂ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆ ਨੂੰ ਤਾਰਨ ਵਾਸਤੇ ਚਾਰ ਉਦਾਸੀਆਂ ਕੀਤੀਆਂ ਤੇ ਲੋਕਾਈ ਨੂੰ ਸਿੱਧੇ ਰਸਤੇ ਪਾਇਆ। ਇਸ ਦੌਰਾਨ ਕਈ ਵਾਰ ਉਨਾਂ ਦਾ ਕੁਝ ਅਜਿਹੇ ਵਿਅਕਤੀਆਂ ਨਾਲ ਸਾਹਮਣਾ ਹੋਇਆ ਜੋ ਘੋਰ ਪਾਪ ਦੇ ਰਸਤੇ 'ਤੇ ਚੱਲ ਰਹੇ ਸਨ। ਗੁਰੂ ਜੀ ਨੇ ਤਰਕ ਨਾਲ ਸਿੱਖਿਆ ਦੇ ਕੇ ਉਨਾਂ ਦਾ ਅਗਿਆਨ ਦੂਰ ਕੀਤਾ ਤੇ ਧਰਮ ਦੇ ਰਸਤੇ 'ਤੇ ਚਲਾਇਆ।

ਵਲੀ ਕੰਧਾਰੀ-ਵਲੀ ਕੰਧਾਰੀ ਇਕ ਸੂਫ਼ੀ ਸੰਤ ਸੀ ਜਿਸ ਦਾ ਜਨਮ 1476 ਈਸਵੀ ਵਿਚ ਕੰਧਾਰ (ਅਫ਼ਗਾਨਿਸਤਾਨ) ਵਿਖੇ ਹੋਇਆ, 1498 ਈਸਵੀ ਵਿਚ ਉਹ ਹਿਜਰਤ ਕਰ ਕੇ ਹਸਨ ਅਬਦਾਲ ਆ ਗਿਆ ਤੇ ਇਕ ਉੱਚੀ ਪਹਾੜੀ (750 ਮੀਟਰ) 'ਤੇ ਨਿਰਮਲ ਚਸ਼ਮੇ ਦੇ ਨਜ਼ਦੀਕ ਆਪਣਾ ਡੇਰਾ ਬਣਾ ਲਿਆ। ਇਸੇ ਚਸ਼ਮੇ ਦਾ ਪਾਣੀ ਥੱਲੇ ਲੋਕਾਂ ਦੀ ਵਰਤੋਂ ਲਈ ਪਹੁੰਚਦਾ ਸੀ। ਉਸ ਨੇ ਆਸ-ਪਾਸ ਦੇ ਲੋਕਾਂ ਵਿਚ ਇਸਲਾਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਤੇ ਕੁਝ ਹੀ ਸਮੇਂ ਵਿਚ ਪ੍ਰਸਿੱਧ ਹੋ ਗਿਆ। ਲੋਕ ਉਸ ਨੂੰ ਪੀਰ ਵਲੀ ਕੰਧਾਰੀ ਕਹਿਣ ਲੱਗ ਪਏ ਜਿਸ ਕਾਰਨ ਉਹ ਕੁਝ ਹੰਕਾਰੀ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਅਰਬ ਦੇਸ਼ਾਂ ਦੀ ਯਾਤਰਾ ਕਰਦੇ ਹੋਏ 1521 ਈਸਵੀ ਦੀਆਂ ਗਰਮੀਆਂ ਨੂੰ ਹਸਨ ਅਬਦਾਲ ਪਧਾਰੇ। ਉਨਾਂ ਨੇ ਵਲੀ ਕੰਧਾਰੀ ਵਾਲੀ ਪਹਾੜੀ ਦੇ ਪੈਰਾਂ ਵਿਚ ਆਪਣਾ ਆਸਣ ਜਮਾ ਲਿਆ। ਜਦ ਵਲੀ ਕੰਧਾਰੀ ਨੇ ਵੇਖਿਆ ਕਿ ਲੋਕ ਉਸ ਨੂੰ ਛੱਡ ਕੇ ਗੁਰੂ ਜੀ ਦੇ ਪ੍ਰਵਚਨ ਸੁਣਨ ਲਈ ਇਕੱਠੇ ਹੋ ਰਹੇ ਹਨ ਤਾਂ ਉਸ ਨੇ ਡੇਰੇ ਵਾਲੇ ਚਸ਼ਮੇ ਦਾ ਪਾਣੀ ਬੰਨ ਮਾਰ ਕੇ ਥੱਲੇ ਆਉਣ ਤੋਂ ਰੋਕ ਦਿੱਤਾ।

ਲੋਕ ਪਾਣੀ ਖੁਣੋਂ ਤੜਫਣ ਲੱਗੇ। ਉਨਾਂ ਨੇ ਵਲੀ ਕੰਧਾਰੀ ਨੂੰ ਪਾਣੀ ਛੱਡਣ ਦੀ ਬੇਨਤੀ ਕੀਤੀ ਤਾਂ ਉਸ ਨੇ ਕਿਹਾ ਕਿ ਆਪਣੇ ਗੁਰੂ ਕੋਲ ਜਾਓ, ਉਹ ਹੀ ਤੁਹਾਨੂੰ ਪਾਣੀ ਦੇਵੇਗਾ। ਇਸ 'ਤੇ ਗੁਰੂ ਸਾਹਿਬ ਨੇ ਕਈ ਵਾਰ ਮਰਦਾਨੇ ਨੂੰ ਵਲੀ ਕੰਧਾਰੀ ਵੱਲ ਬੇਨਤੀ ਕਰਨ ਲਈ ਭੇਜਿਆ, ਪਰ ਉਸ ਨੇ ਹਰ ਵਾਰ ਇਨਕਾਰ ਕਰ ਦਿੱਤਾ ਤੇ ਕੌੜੇ ਸ਼ਬਦ ਬੋਲੇ। ਇਸ 'ਤੇ ਗੁਰੂ ਸਾਹਿਬ ਨੇ ਇਕ ਪੱਥਰ ਚੁੱਕਿਆ ਤਾਂ ਸਵੱਛ ਜਲ ਦੀ ਧਾਰਾ ਵਗ ਉੱਠੀ ਤੇ ਵਲੀ ਕੰਧਾਰੀ ਵਾਲਾ ਚਸ਼ਮਾ ਸੁੱਕ ਗਿਆ। ਗੁੱਸੇ ਵਿਚ ਸੜੇ ਬਲੇ ਵਲੀ ਕੰਧਾਰੀ ਨੇ ਇਕ ਵੱਡਾ ਸਾਰਾ ਪੱਥਰ ਥੱਲੇ ਨੂੰ ਰੇੜ ਦਿੱਤਾ, ਜਿਸ ਨੂੰ ਗੁਰੂ ਸਾਹਿਬ ਨੇ ਸੱਜੇ ਹੱਥ ਦੇ ਪੰਜੇ ਨਾਲ ਰੋਕ ਲਿਆ। ਉਸ ਜਗਾ ਤੇ ਹੁਣ ਗੁਰਦੁਆਰਾ ਪੰਜਾ ਸਾਹਿਬ ਬਣਿਆ ਹੋਇਆ ਹੈ। ਕੁਝ ਸਾਲ ਬਾਅਦ ਵਲੀ ਕੰਧਾਰੀ ਵਾਪਸ ਕੰਧਾਰ ਚਲਾ ਗਿਆ ਤੇ 1529 ਈਸਵੀ ਵਿਚ ਉਸ ਦੀ ਮੌਤ ਹੋ ਗਈ। ਕੰਧਾਰ ਦੇ ਸਾਬਕਾ ਗਵਰਨਰ ਗੁਲ ਆਗਾ ਸ਼ੇਰਜ਼ਾਈ ਨੇ ਲੱਖਾਂ ਰੁਪਏ ਖਰਚ ਕੇ ਉਸ ਦਾ ਸ਼ਾਨਦਾਰ ਮਜ਼ਾਰ ਕੰਧਾਰ ਦੇ ਨਜ਼ਦੀਕ ਪਿੰਡ ਬਾਬਾ ਵਲੀ ਵਿਖੇ ਬਣਾਇਆ ਹੈ। ਹਸਨ ਅਬਦਾਲ ਵਿਖੇ ਵੀ ਪਹਾੜੀ ਉੱਪਰ ਵਲੀ ਕੰਧਾਰੀ ਦੀ ਯਾਦਗਾਰ ਬਣੀ ਹੋਈ ਹੈ।

ਸੱਜਣ ਠੱਗ-ਸੱਜਣ ਠੱਗ ਜਾਂ ਸ਼ੇਖ਼ ਸੱਜਣ ਤੁਲੰਬਾ ਪਿੰਡ ਵਿਚ ਇਕ ਸਰਾਂ ਦਾ ਮਾਲਕ ਸੀ। ਤੁਲੰਬਾ ਪਹਿਲਾਂ ਪਾਕਿਸਤਾਨ ਦੇ ਜ਼ਿਲਾ ਮੁਲਤਾਨ ਵਿਚ ਪੈਂਦਾ ਸੀ ਪਰ ਹੁਣ 1985 ਤੋਂ ਨਵੇਂ ਬਣੇ ਜ਼ਿਲੇ ਖਾਨੇਵਾਲ ਵਿਚ ਆ ਗਿਆ ਹੈ ਤੇ ਲਾਹੌਰ ਤੋਂ ਤਕਰੀਬਨ 280 ਕਿ.ਮੀ. ਦੂਰ ਹੈ। ਸੱਜਣ ਨੇ ਹਿੰਦੂਆਂ ਅਤੇ ਮੁਸਲਮਾਨਾਂ 'ਤੇ ਪ੍ਰਭਾਵ ਪਾਉਣ ਲਈ ਸਰਾਂ ਵਿਚ ਇਕ ਛੋਟੀ ਜਿਹੀ ਮਸੀਤ ਅਤੇ ਮੰਦਰ ਬਣਾਇਆ ਹੋਇਆ ਸੀ। ਸਰਾਂ ਦੇ ਨੌਕਰ-ਚਾਕਰ ਅਸਲ ਵਿਚ ਕਾਤਲ ਅਤੇ ਲੁਟੇਰੇ ਸਨ ਜੋ ਸ਼ਰੀਫ਼ਾਂ ਵਰਗੇ ਕੱਪੜੇ ਪਹਿਨਦੇ ਤੇ ਮੁਸਾਫਰਾਂ ਦੀ ਟਹਿਲ ਸੇਵਾ ਕਰਦੇ। ਪਰ ਰਾਤ ਦੇ ਹਨੇਰੇ ਵਿਚ ਸੁੱਤੇ ਪਏ ਰਾਹੀਆਂ ਦਾ ਕਤਲ ਕਰ ਕੇ ਮਾਲ ਲੁੱਟ ਲੈਂਦੇ ਤੇ ਲਾਸ਼ਾਂ ਨੂੰ ਰਾਤੋ ਰਾਤ ਗਾਇਬ ਕਰ ਦਿੰਦੇ। ਮੁਸਾਫਰਾਂ ਦੇ ਲੁੱਟੇ ਹੋਏ ਮਾਲ ਨਾਲ ਸੱਜਣ ਅਮੀਰ ਬਣ ਗਿਆ ਤੇ ਲੋਕ ਉਸ ਨੂੰ ਧਰਮਾਤਮਾ ਸਮਝ ਕੇ ਸ਼ੇਖ਼ ਸੱਜਣ ਪੁਕਾਰਨ ਲੱਗੇ।

ਜਦੋਂ ਪਹਿਲੀ ਉਦਾਸੀ ਦੌਰਾਨ ਲਗਪਗ 1500 ਈਸਵੀ ਵਿਚ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਸਰਾਂ ਵਿਚ ਪਹੁੰਚੇ ਤਾਂ ਸੱਜਣ ਦੀ ਠੱਗੀ ਦਾ ਧੰਦਾ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਸੀ। ਉਸ ਨੇ ਗੁਰੂ ਜੀ ਨੂੰ ਕੋਈ ਧਨਾਢ ਵਪਾਰੀ ਸਮਝ ਕੇ ਰੱਜ ਕੇ ਸੇਵਾ ਕੀਤੀ। ਜਾਣੀ ਜਾਣ ਗੁਰੂ ਜੀ ਨੂੰ ਸੱਜਣ ਦੀਆਂ ਕਰਤੂਤਾਂ ਬਾਰੇ ਗਿਆਨ ਸੀ। ਉਨਾਂ ਨੇ ਸੌਣ ਤੋਂ ਪਹਿਲਾਂ ਗੁਰਬਾਣੀ ਦਾ ਗਾਇਨ ਸ਼ੁਰੂ ਕਰ ਦਿੱਤਾ ਜਿਸ ਵਿਚ ਪਖੰਡੀ



ਤੇ ਲਾਲਚੀ ਮਨੁੱਖਾਂ ਦੇ ਪਾਪਾਂ ਬਾਰੇ ਵਰਨਣ ਸੀ। ਇਹ ਸ਼ਬਦ ਸੱਜਣ ਦੇ ਕਲੇਜੇ 'ਤੇ ਅਸਰ ਕਰ ਗਏ। ਉਹ ਗੁਰੂ ਜੀ ਦੇ ਚਰਨਾਂ ਵਿਚ ਡਿਗ ਪਿਆ ਤੇ ਆਪਣੇ ਪਾਪਾਂ ਦੀ ਖਿਮਾ ਮੰਗਣ ਲੱਗਾ। ਗੁਰੂ ਜੀ ਨੇ ਉਸ ਨੂੰ ਪਾਪਾਂ ਦਾ ਰਸਤਾ ਛੱਡ ਕੇ ਧਰਮ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਸੱਜਣ ਸੱਚਮੁਚ ਦਾ ਸੱਜਣ ਬਣ ਗਿਆ ਤੇ ਆਪਣੀ ਸਾਰੀ ਪਾਪਾਂ ਦੀ ਕਮਾਈ ਗ਼ਰੀਬਾਂ ਵਿਚ ਵੰਡ ਦਿੱਤੀ। ਉਸ ਨੇ ਆਪਣੀ ਸਰਾਂ ਨੂੰ ਧਰਮਸ਼ਾਲਾ ਵਿਚ ਬਦਲ ਦਿੱਤਾ ਤੇ ਆਏ ਗਏ ਗ਼ਰੀਬ ਗੁਰਬੇ ਤੇ ਸਾਧਾਂ ਸੰਤਾਂ ਦੀ ਸੇਵਾ ਕਰਨ ਲੱਗਾ।

ਕੌਡਾ ਰਾਖਸ਼-ਕੌਡਾ ਰਾਖਸ਼ ਇਕ ਨਰ ਭਕਸ਼ੀ ਇਨਸਾਨ ਸੀ ਜੋ ਗੁਰੂ ਜੀ ਦੀ ਪਾਰਸ ਰੂਪੀ ਸ਼ਖ਼ਸੀਅਤ ਅਤੇ ਅੰਮ੍ਰਿਤ ਮਈ ਉਪਦੇਸ਼ਾਂ ਸਦਕਾ ਮਾਸਾਹਾਰ ਛੱਡ ਕੇ ਪਵਿੱਤਰ ਜੀਵਨ ਬਿਤਾਉਣ ਲੱਗਾ। ਕੌਡਾ, ਭੀਲ ਜਾਤੀ ਦੇ ਇਕ ਕਬੀਲੇ ਦਾ ਸਰਦਾਰ ਸੀ ਤੇ ਪ੍ਰੋ: ਸਾਹਿਬ ਸਿੰਘ ਅਨੁਸਾਰ ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਜ਼ਿਲੇ ਦੇ ਕੁਡੱਪਾ ਪਿੰਡ ਦੇ ਨਜ਼ਦੀਕ ਜੰਗਲਾਂ ਵਿਚ ਰਹਿੰਦਾ ਸੀ। ਉਸ ਦਾ ਮੇਲ ਗੁਰੂ ਜੀ ਨਾਲ ਦੱਖਣ ਦੀ ਉਦਾਸੀ ਦੌਰਾਨ ਲਗਪਗ 1507-08 ਈਸਵੀ ਵਿਚ ਹੋਇਆ। ਖੁਸ਼ਕ ਬੀਆਬਾਨ ਜੰਗਲ ਵਿਚ ਸ਼ਿਕਾਰ ਅਤੇ ਕੰਦ ਮੂਲ ਦੀ ਘਾਟ ਕਾਰਨ ਕੌਡਾ ਅਤੇ ਉਸ ਦਾ ਕਬੀਲਾ ਭੁੱਖ ਤੋਂ ਪ੍ਰੇਸ਼ਾਨ ਹੋ ਕੇ ਕਦੇ-ਕਦੇ ਪੇਟ ਭਰਨ ਲਈ ਇਨਸਾਨਾਂ ਦਾ ਮਾਸ ਖਾ ਕੇ ਗੁਜ਼ਾਰਾ ਕਰ ਲੈਂਦੇ ਸਨ। ਉਨਾਂ ਦਾ ਆਸਾਨ ਸ਼ਿਕਾਰ ਜੰਗਲ ਵਿਚੋਂ ਗੁਜ਼ਰਨ ਵਾਲੇ ਮੁਸਾਫਰ ਬਣਦੇ ਸਨ। ਆਪਣੀ ਦੱਖਣ ਯਾਤਰਾ ਦੌਰਾਨ ਗੁਰੂ ਜੀ ਉਸ ਜੰਗਲ ਦੇ ਬਾਹਰ ਇਕ ਕਸਬੇ ਵਿਚ ਠਹਿਰੇ ਹੋਏ ਸਨ। ਉਥੇ ਕੌਡੇ ਤੋਂ ਦੁਖੀ ਲੋਕਾਂ ਨੇ ਗੁਰੂ ਸਾਹਿਬ ਕੋਲ ਫਰਿਆਦ ਕੀਤੀ।

ਗੁਰੂ ਜੀ ਲੋਕਾਂ ਦਾ ਦੁੱਖ ਦੂਰ ਕਰਨ ਲਈ ਕੌਡੇ ਨੂੰ ਮਿਲਣ ਲਈ ਬਾਲੇ ਤੇ ਮਰਦਾਨੇ ਸਮੇਤ ਜੰਗਲ ਵੱਲ ਚੱਲ ਪਏ। ਕੌਡੇ ਨੂੰ ਵੇਖ ਕੇ ਚਾਅ ਚੜ ਗਿਆ ਕਿ ਤਿੰਨ ਸ਼ਿਕਾਰ ਖੁਦ-ਬਾਖੁਦ ਹੀ ਉਸ ਦੇ ਚੁੰਗਲ ਵਿਚ ਫਸਣ ਲਈ ਚਲੇ ਆ ਰਹੇ ਹਨ। ਉਸ ਨੇ ਉਨਾਂ ਨੂੰ ਤਲਣ ਲਈ ਕੜਾਹਾ ਚਾੜ ਲਿਆ, ਪਰ ਸਾਰੀ ਕੋਸ਼ਿਸ਼ ਦੇ ਬਾਵਜੂਦ ਤੇਲ ਗਰਮ ਨਾ ਹੋਇਆ। ਉਹ ਹੈਰਾਨ ਰਹਿ ਗਿਆ, ਉਸ ਨੇ ਭੁੰਨਣ ਲਈ ਗੁਰੂ ਸਾਹਿਬ ਨੂੰ ਅੱਗ ਵਿਚ ਧੱਕ ਦਿੱਤਾ ਪਰ ਉਹ ਮੁਸਕਰਾਉਂਦੇ ਹੋਏ ਭਾਂਬੜ ਤੋਂ ਬਾਹਰ ਆ ਗਏ। ਇਹ ਕੌਤਕ ਵੇਖ ਕੇ ਕੌਡੇ ਦਾ ਸਰੀਰ ਠੰਡਾ ਹੋ ਗਿਆ, ਉਹ ਗੁਰੂ ਸਾਹਿਬ ਨੂੰ ਦੁਬਾਰਾ ਅੱਗ ਵਿਚ ਧੱਕਣ ਦਾ ਹੀਆ ਨਾ ਕਰ ਸਕਿਆ। ਗੁਰੂ ਜੀ ਨੇ ਉਸ ਨੂੰ ਧਰਮ ਕਰਮ ਦਾ ਉਪਦੇਸ਼ ਦਿੱਤਾ ਤਾਂ ਕੌਡੇ ਦੀਆਂ ਅੱਖਾਂ ਖੁੱਲ ਗਈਆਂ, ਉਸ ਦਾ ਜਨਮਾਂ-ਜਨਮਾਂ ਦਾ ਅਗਿਆਨ ਦੂਰ ਹੋ ਗਿਆ। ਉਸ ਨੇ ਗੁਰੂ ਸਾਹਿਬ ਦੇ ਚਰਨ ਫੜ ਲਏ ਤੇ ਆਪਣੇ ਗੁਨਾਹਾਂ ਦੀ ਮੁਆਫੀ ਮੰਗੀ। ਗੁਰੂ ਜੀ ਨੇ ਉਸ ਨੂੰ ਪਵਿੱਤਰ ਜੀਵਨ ਬਤੀਤ ਕਰਨ ਤੇ ਮਾਸਾਹਾਰ ਛੱਡਣ ਦੀ ਪ੍ਰੇਰਨਾ ਦਿੱਤੀ। ਗੁਰੂ ਸਾਹਿਬ ਦੀ ਸਿੱਖਿਆ ਕਾਰਨ ਕੌਡੇ ਤੇ ਉਸ ਦੇ ਕਬੀਲ਼ੇ ਨੇ ਪਾਪਾਂ ਦਾ ਰਸਤਾ ਛੱਡ ਦਿੱਤਾ ਤੇ ਸਾਤਵਿਕ ਜੀਵਨ ਬਿਤਾਉਣਾ ਸ਼ੁਰੂ ਕਰ ਦਿੱਤਾ।

ਮਲਕ ਭਾਗੋ-ਪਹਿਲੀ ਉਦਾਸੀ ਦੌਰਾਨ 1501-02 ਈਸਵੀ ਵਿਚ ਗੁਰੂ ਸਾਹਿਬ ਆਪਣੇ ਅਨਿੰਨ ਭਗਤ ਭਾਈ ਲਾਲੋ ਨੂੰ ਮਿਲਣ ਲਈ ਸੈਦਪੁਰ (ਹੁਣ ਅਮੀਨਾਬਾਦ ਜ਼ਿਲਾ ਗੁੱਜਰਾਂਵਾਲਾ, ਪਾਕਿਸਤਾਨ) ਪਧਾਰੇ ਸਨ। ਭਾਈ ਲਾਲੋ ਘਟੌੜਾ ਗੋਤਰ ਦਾ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਮਿਹਨਤਕਸ਼ ਸਿੱਖ ਸੀ। ਉਸ ਦਾ ਜਨਮ 1452 ਈਸਵੀ ਨੂੰ ਭਾਈ ਜਗਤ ਰਾਮ ਦੇ ਗ੍ਰਹਿ ਵਿਖੇ ਹੋਇਆ। ਜਦੋਂ ਗੁਰੂ ਸਾਹਿਬ ਭਾਈ ਲਾਲੋ ਦੇ ਗ੍ਰਹਿ ਵਿਖੇ ਵਿਸ਼ਰਾਮ ਕਰ ਰਹੇ ਸਨ ਤਾਂ ਇਲਾਕੇ ਦੇ ਇਕ ਵੱਡੇ ਸਰਕਾਰੀ ਅਹਿਲਕਾਰ ਮਲਕ ਭਾਗੋ ਨੇ ਮਹਾਂ ਭੋਜ ਦਾ ਆਯੋਜਨ ਕੀਤਾ। ਉਸ ਨੇ ਸਾਰੇ ਸ਼ਹਿਰ ਨੂੰ ਖਾਣੇ 'ਤੇ ਬੁਲਾਇਆ ਪਰ ਗੁਰੂ ਸਾਹਿਬ ਨਾ ਗਏ। ਮਲਕ ਭਾਗੋ ਗੁਰੂ ਸਾਹਿਬ ਦੀ ਪ੍ਰਸਿੱਧੀ ਤੋਂ ਵਾਕਫ ਸੀ। ਉਸ ਦੇ ਵਾਰ-ਵਾਰ ਸੱਦੇ ਭੇਜਣ 'ਤੇ ਆਖਰ ਗੁਰੂ ਸਾਹਿਬ ਭਾਈ ਲਾਲੋ ਸਮੇਤ ਉਸ ਦੇ ਘਰ ਪਹੁੰਚ ਗਏ। ਮਲਕ ਭਾਗੋ ਨੇ ਗੁੱਸੇ ਨਾਲ ਲੋਹੇ ਲਾਖੇ ਹੋ ਕੇ ਗੁਰੂ ਸਾਹਿਬ ਨੂੰ ਨਾ ਆਉਣ ਦਾ ਕਾਰਨ ਪੁੱਛਿਆ ਤੇ ਹੰਕਾਰ ਨਾਲ ਕਿਹਾ ਕੇ ਤੁਸੀਂ ਇਕ ਛੋਟੀ ਜਾਤ ਦੇ ਬੰਦੇ ਦੇ ਘਰ ਤਾਂ ਰੁੱਖੀ-ਮਿੱਸੀ ਰੋਟੀ ਖਾ ਸਕਦੇ ਹੋ, ਪਰ ਮੇਰੇ ਘਰ ਬਣੇ ਸਵਾਦਿਸ਼ਟ ਪਕਵਾਨ ਖਾਣ ਤੋਂ ਇਨਕਾਰ ਕਰ ਰਹੇ ਹੋ।

ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਭਾਈ ਲਾਲੋ ਦੀਆਂ ਰੋਟੀਆਂ ਸੱਚੀ ਕਿਰਤ ਨਾਲ ਕਮਾਈਆਂ ਗਈਆਂ ਹਨ, ਪਰ ਤੇਰੇ ਸ਼ਾਹੀ ਪਕਵਾਨ ਗ਼ਰੀਬਾਂ ਦਾ ਖ਼ੂਨ ਚੂਸ ਕੇ ਕਮਾਏ ਹੋਏ ਪੈਸੇ ਨਾਲ ਬਣੇ ਹਨ। ਉਨਾਂ ਨੇ ਇਕ ਹੱਥ ਵਿਚ ਭਾਈ ਲਾਲੋ ਦੀ ਸੁੱਕੀ ਰੋਟੀ ਤੇ ਦੂਸਰੇ ਹੱਥ ਵਿਚ ਮਲਕ ਭਾਗੋ ਦੀ ਦੇਸੀ ਘਿਓ ਨਾਲ ਚੋਪੜੀ ਰੋਟੀ ਫੜ ਕੇ ਨਿਚੋੜੀ ਤਾਂ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਤੇ ਮਲਕ ਭਾਗੋ ਦੀ ਰੋਟੀ ਵਿਚੋਂ ਖ਼ੂਨ ਟਪਕਣ ਲੱਗਾ। ਇਹ ਕੌਤਕ ਵੇਖ ਕੇ ਮਲਕ ਭਾਗੋ ਗੁਰੂ ਸਾਹਿਬ ਦੇ ਚਰਨੀਂ ਢਹਿ ਪਿਆ। ਗੁਰੂ ਸਾਹਿਬ ਨੇ ਉਸ ਨੂੰ ਅਧਰਮ ਦਾ ਮਾਰਗ ਛੱਡਣ ਅਤੇ ਹੱਕ-ਸੱਚ ਨਾਲ ਕਮਾਈ ਕਰਨ ਦਾ ਉਪਦੇਸ਼ ਦਿੱਤਾ।


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 7**

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਜ਼ਖ਼ਮੀ ਹਾਏ ਹਾਏ ਕਰ ਰਹੇ ਸਨ। ਬਾਬਾ ਤੇਲ ਦੇ ਫਿਕਰ ਵਿੱਚ ਸਿਰ ਫੜਕੇ ਬੈਠਾ ਸੀ ਕਿਉਂਕਿ ਪਿੰਡ ਵਿੱਚ ਤਾਂ ਸਿਰ ਨੂੰ ਲਾਉਣ ਵਾਸਤੇ ਤੇਲ ਨਹੀਂ ਸੀ ਅਤੇ ਗੱਡੀਆਂ ਵਾਸਤੇ ਕਿੱਥੋਂ ? ਜ਼ਖਮੀ ਫੌਜੀਆ ਦੀ ਹਾਏ ਹਾਏ ਸੁਣਕੇ ਬਾਬੇ ਦਾ ਦਿਲ ਵੱਢੀ ਦਾ ਜਾ ਰਿਹਾ ਸੀ। ਇੱਕ ਫੌਜੀ ਦੀਆਂ ਦੋਵੇਂ ਲੱਤਾਂ ਗੋਲੀਆਂ ਨਾਲ ਵਿੰਨੀਆਂ ਹੋਈਆਂ ਸਨ ਉਹ ਬੇਹੋਸ਼ ਸੀ! ਬਾਬੇ ਕੋਲ ਕੁਛ ਸਿਰ ਦੁੱਖਦੇ ਦੀਆਂ ਗੋਲੀਆਂ ਸਨ ਉਹ ਪੀੜ ਘੱਟ ਕਰਨ ਵਾਸਤੇ ਦਿੱਤੀਆਂ। ਆਰ ਐਮ ਪੀ ਡਾਕਟਰ ਕੋਲ ਵੀ ਫ਼ਸਟ ਏਡ ਦਾ ਥੋੜਾ ਜਿਹਾ ਸਮਾਨ ਸੀ! ਇਹ ਡੇਰਾ ਭਰਿਆ ਹੁੰਦਾ ਸੀ ਪਰ ਅੱਜ ਡੇਰਾ ਖਾਲੀ ਹੀ ਸੀ! ਬਾਬਾ ਸਾਧ ਸੰਗਤ ਦੀ ਉਡੀਕ ਕਰ ਰਿਹਾ ਸੀ।

'ਫਿਕਰ ਨਾ ਕਰੋ ਭਾਈ ਬੱਸ ਟ੍ਰੈਕਟਰ ਟਰਾਲੀਆਂ ਔਂਦੇ ਹੋਣੇ ਆਂ ਥੋਨੂੰ ਵੱਡੇ ਹੱਸਪਤਾਲ ਲੈ ਚੱਲਾਂਗੇ ਬੱਸ ਥੋੜਾ ਚਿਰ ਦੰਦਾਂ ਥੱਲੇ ਜੀਭ ਲੈਕੇ ਵਖਤ ਕੱਟੋ' ਬਾਬੇ ਨੇ ਕਿਹਾ।

ਦੂਰੋਂ ਬੰਦੇ ਬੁੜੀਆਂ ਦਾ ਹਜੂਮ ਡੇਰੇ ਵੱਲ ਪੈਦਲ ਆ ਰਿਹਾ ਸੀ। ਬਾਬਾ ਦੇਖਕੇ ਹੈਰਾਨ ਹੋ ਗਿਆ ਕਿ ਪਹਿਲਾਂ ਤਾਂ ਲੋਕ ਡੇਰੇ ਵਿੱਚ ਟ੍ਰੈਕਟਰ ਟਰਾਲੀਆਂ ਤੇ ਆਉਂਦੇ ਸੀ, ਅੱਜ ਟ੍ਰੈਕਟਰਾਂ ਦੀ ਲੋੜ ਸੀ ਪਰ ਅੱਜ ਪੈਦਲ ਕਿਓਂ ? ਬਾਬਾ ਸੋਚੀਂ ਪੈ ਗਿਆ। ਬੰਦੇ ਬੁੜੀਆਂ ਦਾ ਹਜੂਮ ਡੇਰੇ ਵਿੱਚ ਆ ਗਿਆ ਤੇ ਆਕੇ ਬਾਬਾ ਜੀ ਨੂੰ ਨਮਸ਼ਕਾਰ ਕੀਤੀ। ਬਾਬੇ ਨੇ ਸਾਧ ਸੰਗਤ ਕੋਲੋਂ ਪੁੱਛਿਆ–

'ਅੱਜ ਸਾਰੇ ਤੁਰਕੇ ਹੀ ਆਏ ਹੋ ਭਾਈ ਕੀ ਗੱਲ ਹੋਗੀ ? ਕੋਈ ਸੜਕ ਸੁੜਕ ਟੁੱਟਗੀ ਜਾਂ ਰਾਹ ਪਾਣੀ ਨਾ ਭਰ ਗਿਆ'

'ਬਾਬਾ ਜੀ ਗੱਲ ਹੋਰ ਬਣਗੀ' ਸਾਬਕਾ ਮੈਂਬਰ ਨੇ ਕਿਹਾ ਜੋ ਕਿ ਹਰ ਮਹੀਨੇ ਡੇਰੇ ਵਿੱਚ ਆਉਂਦਾ ਸੀ।

'ਕੀ ਗੱਲ ਬਣਗੀ ਭਾਈ ?'

'ਬਾਬਾ ਜੀ ਅੱਜ ਤਾਂ ਸੁਕਰ ਆ ਅਸੀਂ ਬਚਗੇ, ਰਾਹ 'ਚ' ਭਈਆਂ ਦੀ ਫੌਜ ਦਾ ਨਾਕਾ ਸੀ ਸਾਨੂੰ ਤਾਂ ਮਾਰਨ ਲੱਗੇ ਸੀ ਪਰ ਇੱਕ ਸਿੱਖ ਫੌਜੀ ਨੇ ਰੋਕੇ'

'ਤੁਸੀਂ ਤੁਰਕੇ ਔਂਦੇ ਸੀ ?' ਬਾਬੇ ਨੇ ਪੁੱਛਿਆ।

'ਬਾਬਾ ਜੀ ਕਿਸੇ ਕੋਲ ਟ੍ਰੈਕਟਰ ਸੀ ਕਿਸੇ ਕੋਲ ਸਕੂਟਰ ਤੇ ਕੋਈ ਸੈਕਲ ਤੇ ਸੀ' ਮੈਂਬਰ ਨੇ ਕਿਹਾ।

'ਕੀ ਗੱਲ ਟ੍ਰੈਕਟਰ ਤੇ ਸਕੂਟਰ ਕਾਂਜੀ ਫਾਟਕ ਲੈਗੇ ?'

'ਬਾਬਾ ਜੀ ਕਾਂਜੀ ਫਾਟਕ ਨੀ ਸਾਲਿਆਂ ਨੇ ਟ੍ਰੈਕਟਰ ਟਰਾਲੀਆਂ, ਸਕੂਟਰਾਂ ਤੇ ਸੈਕਲਾਂ ਦੀ ਹਵਾ ਕੱਢਤੀ'

'ਹੈਂ ਐਨੇ ਹਰਾਮੀ' ਬਾਬਾ ਹੈਰਾਨ ਹੋ ਗਿਆ।

'ਚਲੋ ਤੁਸੀਂ ਚਾ ਪਾਣੀ ਛਕੋ' ਬਾਬੇ ਨੇ ਕਿਹਾ ਅਤੇ ਜ਼ਖ਼ਮੀ ਫੌਜੀਆਂ ਨੂੰ ਦੇਖਣ ਚਲਾ ਗਿਆ ਫੌਜੀ ਤੜਫ ਰਹੇ ਸਨ ਜ਼ਖਮਾਂ ਤੇ ਬੰਨਣ ਨੂੰ ਪੱਟੀਆਂ ਵੀ ਪੂਰੀਆਂ ਨਹੀਂ ਸਨ। ਹੱਸਪਤਾਲ ਲਿਜਾਣ ਦੀ ਸਕੀਮ ਵੀ ਫੇਲ ਵੀ ਹੋ ਗਈ! ਬਾਬਾ ਫ਼ਿਕਰਾਂ ਵਿੱਚ ਪੈ ਗਿਆ। ਆਸੇ ਪਾਸੇ ਦੇਖਿਆ ਤਾਂ ਹੋਰ ਫ਼ਿਕਰਾਂ ਵਿੱਚ ਪੈ ਗਿਆ ਕਿਉਂਕਿ ਚਾਰ ਚੁਫੇਰੇ ਫੌਜੀ ਲੜਨ ਨੂੰ ਤਿਆਰ ਬੈਠੇ ਸਨ। ਇੱਕ ਵਾਰ ਫਿਰ ਹੈਲੀਕਾਪਟਰ ਆਇਆ। ਸਾਰੇ ਚੌਕੰਨੇ ਹੋ ਗਏ ਐਲ ਐਮ ਜੀ ਵਾਲਿਆਂ ਨੇ ਨਿਸ਼ਾਨੇ ਸੇਧ ਲਏ। ਕਈ ਬੰਦੇ ਬੁੜੀਆਂ ਨੂੰ ਫ਼ਿਕਰ ਹੋ ਗਿਆ ਕਿ ਜੇ ਲੜਾਈ ਲੱਗ ਗਈ ਸਾਰੇ ਦਾ ਸਾਰਾ ਪਿੰਡ ਖਤਮ! ਇਹਨਾ ਨੂੰ ਪਿੰਡ ਦਾ ਤਾਂ ਫ਼ਿਕਰ ਹੋ ਗਿਆ ਪਰ ਇਹਨਾ ਫ਼ੌਜੀਆਂ ਦਾ ਫਿਕਰ ਨਾ ਹੋਇਆ ਕਿ ਜੇ ਇਹ ਕੈਦ ਹੋ ਗਏ ਤਾਂ ਫੌਜੀ ਇਹਨਾ ਦਾ ਕੀ ਹਾਲ ਹੋਵੇਗਾ ? ਹੈਲੀਕਾਪਰ ਸਿਰਾਂ ਉੱਤੇ ਇੱਲ ਵਾਂਗ ਫਿਰਦੇ ਹੋਏ ਨੂੰ ਦੇਖਕੇ ਹਰਦੇਵ ਨੇ ਸੂਬੇਦਾਰ ਨੂੰ ਕਿਹਾ–

'ਮਾਰਾਂ ਬ੍ਰਸਟ ਸਾਬ'

'ਆਪਾਂ ਪੈਲ ਨੀ ਕਰਨੀ ਏਹ ਕਿਤੇ ਨੀ ਚੱਲਿਆ ਏਹ ਤਾਂ ਘੜੇ ਦੀ ਮੱਛੀ ਆ' ਸੂਬੇਦਾਰ ਨੇ ਮੁੱਛਾਂ ਨੂੰ ਵੱਟ ਦੇਕੇ ਕਿਹਾ। ਸਾਧ ਸੰਗਤ ਦਾ ਇਕੱਠ ਹੋ ਗਿਆ ਇਕੱਠ ਵਿੱਚੋਂ ਇੱਕ ਸਾਬਕਾ ਮੈਂਬਰ ਖਿਸਕ ਗਿਆ! ਖੇਤਾਂ ਵਿੱਚਦੀ ਭੱਜਾ ਭੱਜਾ ਘਰ ਪਹੁੰਚਿਆ। ਤੇ ਲੱਗਾ ਰਾਹ ਤੇ ਗੇੜੇ ਕੱਢਣ! ਇੱਕ ਜੋਂਗਾ ਜੀਪ ਪਿੰਡ ਵੱਲ ਭੱਜੀ ਆ ਰਹੀ ਸੀ। ਸਰਪੰਚ ਦੁਕਾਨ ਦੇ ਅੱਗੇ ਖੜਾ ਹੋ ਗਿਆ। ਜੋਂਗਾ ਜੀਪ ਰੁਕੀ ਵਿੱਚੋਂ ਇੱਕ ਸਿੱਖ ਫੌਜੀ ਅਫਸਰ ਉੱਤਰਿਆ। ਵਰਦੀ ਕੱਸੀ ਹੋਈ ਜੇਬ ਤੇ ਬੇ-ਹਿਸਾਬੇ ਮੈਡਲ ਸਨ। ਪੱਗ ਤੇ ਇੱਕ ਫਿਫਟੀ ਵਾਂਗੂੰ ਪੱਟੀ ਬੰਨੀ ਸੀ। ਜੀਪ ਵਿੱਚ ਚਾਰ ਫੌਜੀ ਸਟੇਨ ਗੰਨਾ ਲੈ ਕੇ ਬੈਠੇ ਸਨ। ਇੱਕ ਹੋਰ ਜੀਪ ਵਿੱਚ ਚਾਰ ਪੰਜ ਫੌਜੀ ਸਟੇਨਾ ਲੈ ਕੇ ਬੈਠੇ ਸਨ। ਅਫਸਰ ਨੇ ਮੈਂਬਰ ਨੂੰ ਇਸ਼ਾਰੇ ਨਾਲ ਬੁਲਾਇਆ।

'ਸਾਸਰੀ ਕਾਲ ਜੀ' ਮੈਂਬਰ ਨੇ ਹੱਥ ਜੋੜਕੇ ਕਿਹਾ।

'ਸਾਸਰੀ ਵਈ ਏਥੇ ਨੇੜੇ ਕੋਈ ਕਿਸੇ ਸਾਧੂ ਦਾ ਡੇਰਾ ਹੈ ?' ਅਫਸਰ ਨੇ ਆਸੇ ਪਾਸੇ ਦੇਖਕੇ ਪੁੱਛਿਆ।

'ਹਾਂ ਜੀ ਛਿਪਦੇ ਪਾਸੇ ਆ ਕੀ ਗੱਲ ਹੋਗੀ ਜੀ' ਮੈਂਬਰ ਨੇ ਅਣਜਾਣ ਬਣਕੇ ਪੁੱਛਿਆ ਵੈਸੇ ਪਤਾ ਸਾਰਾ ਸੀ।

'ਓਥੇ ਕੁਸ਼ ਫੌਜੀ ਆਏ ਨੇ ?'

'ਪਤਾ ਨੀ ਜੀ ਚਾਰ ਚੁਫੇਰੇ ਕਲਫੂ ਲੱਗਾ ਫੌਜੀ ਬਾਰ ਨੀ ਨਿਕਲਣ ਦਿੰਦੇ' ਮੈਂਬਰ ਨੇ ਡਰ ਕੇ ਕਿਹਾ।

'ਪਿੰਡ ਦਾ ਸਰਪੰਚ ਕੌਣ ਆ ?'

'ਮੈਂ ਆਂ ਜੀ' ਸਾਬਕਾ ਮੈਂਬਰ ਨੇ ਝੂਠ ਬੋਲ ਕੇ ਕਿਹਾ ਕਿ ਇਹ ਕਿਹੜਾ ਜਾਣਦਾ ਹੈ।

'ਪਚੈਤ ਕੱਠੀ ਕਰੋ'




'ਠੀਕ ਆ ਜੀ ਤੁਸੀਂ ਗੁਰਦਵਾਰਾ ਸੈਬ ਬੈਠੋ' ਆਖਕੇ ਮੈਂਬਰ ਚਲਾ ਗਿਆ। ਪੰਦਰਾਂ ਕੁ ਮਿੰਟਾਂ ਵਿੱਚ ਪੰਚਾਇਤ ਤਾਂ ਕੀ ਸਾਰਾ ਪਿੰਡ ਇਕੱਠਾ ਹੋ ਗਿਆ। ਅਫਸਰ ਖੜਾ ਹੋ ਗਿਆ ਉਸਦੇ ਚਾਰ ਚੁਫੇਰੇ ਫੌਜੀ ਪਹਿਰੇ ਤੇ ਸਨ।

'ਪਿੰਡ ਵਾਸੀਓ ਮੇਰਾ ਨਾ ਬ੍ਰਗੇਡੀਅਰ ਕੁਲਦੀਪ ਸਿੰਘ ਹੈ ਮੈਂ ਸਾਰੇ ਪਿੰਡ ਤੇ ਉਹਨਾ ਫੌਜੀਆਂ ਦੇ ਭਲੇ ਵਾਸਤੇ ਆਇਆਂ ਜੋ ਕਿ ਬੈਰਕਾਂ ਛੱਡਕੇ ਭੱਜ ਆਏ ਤੇ ਡੇਰੇ ਵਿੱਚ ਲੜਾਈ ਵਾਸਤੇ ਤਿਆਰ ਬੈਠੇ ਨੇ, ਸਾਨੂੰ ਪਤਾ ਕਿ ਉਨਾ ਦੇ ਹਥਿਆਰਾਂ ਦੀ ਮਾਰ ਮਸਾਂ ਤਿੰਨ ਸੌ ਗਜ਼ ਹੈ ਜਦੋਂ ਕਿ ਉਨਾਂ ਦੇ ਮੁਕਾਬਲੇ ਵਾਸਤੇ ਫੌਜ ਕੋਲ ਟੈਂਕ ਨੇ, ਆਪਾਂ ਸਾਰੇ ਮਿਲਕੇ ਉਨਾ ਨੂੰ ਸਮਝਾ ਕੇ ਲੜਾਈ ਤੋਂ ਰੋਕੀਏ' ਬ੍ਰਗੇਡੀਅਰ ਨੇ ਕਿਹਾ।

'ਅਸੀਂ ਨੀ ਰੋਕਣਾ ਕਿਉਂਕਿ ਸਾਨੂੰ ਤੇ ਉਨਾ ਨੂੰ ਦਰਬਾਰ ਸੈਬ ਤੇ ਹਮਲੇ ਤੇ ਗੁੱਸਾ ਏ, ਅਸੀਂ ਤਾਂ ਓਨਾ ਦੀ ਮੱਦਤ ਕਰਾਂਗੇ' ਅੰਮ੍ਰਿਤਧਾਰੀ ਸਿੱਖਾਂ ਨੇ ਕਿਹਾ।

'ਜੇ ਅਸੀਂ ਨਾ ਰੋਕੀਏ ਫਿਰ ਤੁਸੀਂ ਸਾਡਾ ਕੀ ਵਿਗਾੜ ਲੋਗੇ ?' ਇੱਕ ਚੜਦੀ ਉਮਰ ਦੇ ਮੁੰਡੇ ਨੇ ਕਿਹਾ ਉਸਦਾ ਵੱਸ ਚੱਲਦਾ ਤਾਂ ਬ੍ਰਗੇਡੀਅਰ ਨੂੰ ਮਾਰ ਦਿੰਦਾ।

'ਮੈਂ ਤਾਂ ਥੋਡਾ ਭਰਾ ਹਾਂ, ਮੈਂ ਕੀ ਵਿਗਾੜਨਾ, ਪਰ ਵਿਗਾੜਨਾ ਤਾਂ ਫੌਜ ਨੇ ਹੈ, ਫੌਜ ਦਾ ਕੁਸ਼ ਨੀ ਜਾਣਾ ਸਾਰਾ ਪਿੰਡ ਮਾਰਿਆ ਜਾਵੇਗਾ ਤੇ ਨਾਲ ਹੀ ਬੇ-ਜ਼ੁਬਾਨ ਪਸੂ ਜਿਵੇਂ ਮੱਝਾਂ, ਗਾਂਵਾਂ'

''

'ਫੈਸਲਾ ਥੋਡੇ ਹੱਥ ਆ ਅਬਾਦੀ ਚੌਂਦੇ ਹੋ ਜਾ ਬ੍ਰਬਾਦੀ' ਬ੍ਰਗੇਡੀਅਰ ਦੀ ਦਲੀਲ ਸੁਣਕੇ ਸਾਰਾ ਪਿੰਡ ਸੋਚਾਂ ਵਿੱਚ ਡੁੱਬ ਗਿਆ। ਨਾਲੇ ਮਰਨ ਤੋਂ ਕੌਣ ਨੀ ਡਰਦਾ ? ਦੂਜੇ ਦੇ ਘਰ ਨੂੰ ਲੱਗੀ ਬਸੰਤਰ ਦਿਸਦੀ ਆ ਪਤਾ ਉਦੋਂ ਲਗਦਾ ਜਦੋਂ ਆਪਣੇ ਘਰ ਨੂੰ ਲਗਦੀ ਹੈ। ਬ੍ਰਗੇਡੀਅਰ ਦੇ ਲੈਕਚਰ ਤੋਂ ਪਹਿਲਾਂ ਫੌਜੀਆਂ ਦੀ ਲੜਾਈ ਦੇਖਣ ਨੂੰ ਤਿਆਰ ਸੀ। ਬ੍ਰਗੇਡੀਅਰ ਦੇ ਲੈਕਚਰ ਨੇ ਬਰਫ਼ ਵਿੱਚ ਲਾ ਦਿੱਤੇ! ਪਰ ਫਿਰ ਵੀ ਕਈ ਨੌਜਵਾਨਾ ਦੇ ਡੌਲੇ ਲੜਾਈ ਕਰਨ ਨੂੰ ਫਰਕਦੇ ਸਨ ਅਤੇ ਦਰਬਾਰ ਸਾਹਿਬ ਤੇ ਹਮਲੇ ਦਾ ਦੁੱਖ ਸੀ।

'ਅਸੀਂ ਲੜਾਈ ਨੀ ਚੌਂਦੇ ਜੀ' ਵੱਡੀ ਉਮਰ ਦੇ ਅੱਧਿਆਂ ਕੁ ਨੇ ਕਿਹਾ।

'ਸ਼ਾਬਾਸ਼ ਚਲੋ ਮੇਰੇ ਨਾਲ ਡੇਰੇ' ਬ੍ਰਗੇਡੀਅਰ ਨੇ ਮੈਂਬਰ ਸਣੇ ਪਿੰਡ ਦੇ ਲੋਕ ਗੱਡੀਆਂ ਵਿੱਚ ਬਿਠਾ ਲਏ ਤੇ ਡੇਰੇ ਨੂੰ ਰਵਾਨਾ ਹੋ ਗਏ।

'ਸਾਬ ਫੌਜੀ ਆਗੇ ਕਰਾਂ ਫੈਰ' ਹਰਦੇਵ ਨੇ ਨਿਸ਼ਾਨਾ ਲੈ ਕੇ ਕਿਹਾ।

'ਮੈਨੂੰ ਤਾਂ ਜੀਪ 'ਚ' ਸਿਵਲੀਅਨ ਲਗਦੇ ਆ ਰੁਕ ਜਾ ਕਿਤੇ ਪਿੰਡ ਦੇ ਨਾ ਮਾਰੇ ਜਾਣ' ਸੂਬੇਦਾਰ ਨੇ ਕਿਹਾ। ਡੇਰੇ ਤੋਂ ਬਾਹਰ ਜੀਪਾਂ ਰੋਕ ਦਿੱਤੀਆਂ ਸਿਪਾਹੀ ਵਿੱਚ ਬੈਠੇ ਰਹੇ ਬ੍ਰਗੇਡੀਅਰ ਹੱਥ ਉੱਪਰ ਕਰਕੇ ਡੇਰੇ ਵੱਲ ਆ ਰਿਹਾ ਸੀ ਨਾਲ ਹੀ ਪਿੰਡ ਦੇ ਲੋਕਾਂ ਨੇ ਵੀ ਹੱਥ ਉੱਪਰ ਕਰ ਲਏ।

'ਆਹ ਕੀ ਸਾਬ' ਹਰਦੇਵ ਨੇ ਸੂਬੇਦਾਰ ਤੋਂ ਪੁੱਛਿਆ।

'ਏਹ ਤਾਂ ਬ੍ਰਗੇਡੀਅਰ ਸਾਬ ਲਗਦਾ' ਸੂਬੇਦਾਰ ਨੇ ਵਰਦੀ ਵੱਲ ਦੇਖਕੇ ਕਿਹਾ ਤੇ ਮੋਰਚੇ ਵਿੱਚ ਲੁਕ ਗਿਆ। ਬ੍ਰਗੇਡੀਅਰ ਨੂੰ ਬਰਾਂਡੇ ਵਿੱਚ ਬਿਠਾ ਕੇ ਮੈਂਬਰ ਨੇ ਬਾਬੇ ਨੂੰ ਨਾਲ ਲਿਆ ਤੇ ਸੂਬੇਦਾਰ ਦੇ ਮੋਰਚੇ ਕੋਲ ਲੈ ਗਿਆ।

'ਕਿਵੇਂ ਆਏ ਬਾਬਾ ਜੀ' ਸੂਬੇਦਾਰ ਨੇ ਪੁੱਛਿਆ।

'ਆਹ ਸਾਬਕਾ ਮੈਂਬਰ ਦੀ ਗੱਲ ਸੁਣੋ' ਬਾਬੇ ਨੇ ਕਿਹਾ।

'ਫੌਜੀ ਸਾਬ ਥੋਡਾ ਵੱਡਾ ਅਫਸਰ ਥੋਡੇ ਨਾ ਗੱਲ ਕਰਨ ਆਇਆ'

'ਕੀ ਗੱਲ ਕਰਨੀ ਆ'

'ਏਹੋ ਕਿ ਲੜੋ ਨਾ ਲੜਾਈ 'ਚ' ਨੁਕਸਾਨ ਆ ਫੈਦਾ ਨੀ ਤੁਸੀਂ ਬੇ-ਮੌਤ ਮਾਰੇ ਜਾਓਗੇ'

'ਅਸੀਂ ਤਾ ਭੱਜੇ ਹੀ ਮਰਨ ਵਾਸਤੇ ਆਂ ਮਰਨ ਤੋਂ ਕੌਣ ਡਰਦਾ' ਸੂਬੇਦਾਰ ਨੇ ਕਿਹਾ। ਸੂਬੇਦਾਰ ਦੀ ਗੱਲ ਸੁਣਕੇ ਮੈਂਬਰ ਤੇ ਬਾਬਾ ਬਰਫ ਵਿੱਚ ਲੱਗ ਗਏ। ਕੁਛ ਸੁੱਝ ਨਹੀਂ ਸੀ ਰਿਹਾ ਕਿ ਕੀ ਆਖੀਏ। ਕਿਉਂਕਿ ਜਿਸਨੂੰ ਪਤਾ ਹੈ ਕਿ ਜੰਗ ਵਿੱਚ ਜਾਣ ਨਾਲ ਛਾਤੀ ਗੋਲੀਆਂ ਨਾਲ ਵਿੰਨੀ ਜਾਵੇਗੀ ਉਹ ਮਾਮੂਲੀ ਆਦਮੀ ਨਹੀਂ ਹੁੰਦਾ!

'ਜੋ ਮਰਜੀ ਕਰੋ ਪਰ ਥੋਡੇ ਵੱਡੇ ਸਾਬ ਨਾਲ ਗੱਲ ਕਰਲੋ' ਬਾਬੇ ਨੇ ਕਿਹਾ।

'ਠੀਕ ਆ ਤੁਸੀਂ ਜਾਵੋ ਅਸੀਂ ਰਾਇ ਕਰਕੇ ਔਨੇ ਆਂ' ਸੂਬੇਦਾਰ ਨੇ ਕਿਹਾ ਬਾਬਾ ਤੇ ਸਰਪੰਚ ਚਲੇ ਗਏ । ਸੂਬੇਦਾਰ ਨੇ ਪੰਜ ਫੌਜੀਆਂ ਨੂੰ ਬੁਲਾਇਆ ਅਤੇ ਰਾਇ ਕਰਨ ਲੱਗੇ।

'ਹੁਣ ਦੱਸੋ ਕੀ ਕਰੀਏ ?' ਸੂਬੇਦਾਰ ਨੇ ਕਿਹਾ।

'ਮੈਂ ਤਾਂ ਕੈਂਨਾ ਬ੍ਰਗੇਡੀਅਰ ਦਾ ਅਰਦਾਸਾ ਸੋਧੋ' ਬੂਟਾ ਸਿੰਘ ਨੇ ਕਿਹਾ।

'ਓ ਆਪਣੇ ਕੋਲ ਫਰਿਆਦ ਲੈਕੇ ਆਇਆ, ਮਾਰਨ ਨੂੰ ਕੀ ਆ ਇੱਕ ਗੋਲੀ ਠੰਢੀ ਕਰਨੀ ਆ ਪਰ ਬਦਨਾਮੀ ਹੋਊਗੀ' ਹਰਦੇਵ ਨੇ ਕਿਹਾ।

'ਏਹ ਵੀ ਠੀਕ ਆ, ਪਰ ਜਾਕੇ ਮੂੰਹ ਸੁੰਘੀਏ ਭਲਾਂ ਕੀ ਕੈਂਦਾ' ਕਰਮਜੀਤ ਨੇ ਕਿਹਾ। ਰਾਇ ਕਰਕੇ ਸਾਰੇ ਰਾਈਫਲਾਂ ਲੈ ਕੇ ਤੁਰ ਪਏ। ਛੇ ਫੌਜੀ ਆਉਂਦੇ ਦੇਖਕੇ ਬ੍ਰਗੇਡੀਅਰ ਖੜਾ ਹੋ ਗਿਆ। ਸਾਰਿਆਂ ਨੇ ਸਲੂਟ ਮਾਰੇ, ਬ੍ਰਗੇਡੀਅਰ ਨੇ ਵੀ ਸਲੂਟਾਂ ਦਾ ਜਵਾਬ ਦਿੱਤਾ। ਗਰਮੀ ਨਾਲ ਸਾਰੇ ਮੁੜਕੋ ਮੁੜਕੀ ਹੋ ਰਹੇ ਸਨ ਕਿਉਂਕਿ ਇੱਕ ਅੰਦਰੂਨੀ ਗਰਮੀ ਸੀ ਦੂਜੀ ਬਾਹਰਲੀ!

'ਬਾਬਾ ਜੀ ਪੈਲਾਂ ਸਾਰਿਆਂ ਨੂੰ ਚਾਹ ਪਾਣੀ ਪਿਆਵੋ' ਬ੍ਰਗੇਡੀਅਰ ਨੇ ਕਿਹਾ ਪਾਣੀ ਪਿਆਇਆ ਫਿਰ ਚਾਹ ਪਿਆਈ। ਬ੍ਰਗੇਡੀਅਰ ਖੜਾ ਹੋ ਕੇ ਬੋਲਣ ਲੱਗਾ।

'ਮੇਰੇ ਬਹਾਦਰ ਜਵਾਨੋ ਜਿੰਨਾ ਥੋਨੂੰ ਦਰਬਾਰ ਸਾਹਿਬ ਤੇ ਅਟੈਕ ਦਾ ਦੁੱਖ ਹੈ, ਤਾਂ ਹੀ ਤੁਸੀਂ ਬੈਰਕਾਂ ਛੱਡ ਦਿੱਤੀਆਂ, ਮੈਨੂੰ ਪਤਾ ਥੋਨੂੰ ਜਾਨ ਦੀ ਪ੍ਰਵਾਹ ਨਹੀਂ, ਪਰ ਆਪਾਂ ਸਿੱਖ ਹਾਂ ਆਪਾਂ ਦੂਜਿਆਂ ਦੀ ਖਾਤਰ ਕੁਰਬਾਨੀਆਂ ਦਿੰਦੇ ਆਏ ਹਾਂ ਤੇ ਦਿੰਦੇ ਰਹਾਂਗੇ ਇਸ ਵਾਸਤੇ ਹਥਿਆਰ ਸੁੱਟ ਦੇਵੋ'

'ਸਾਬ ਜੇ ਥਿਆਰ ਸਿੱਟਣੇ ਹੁੰਦੇ ਤਾਂ ਅਸੀਂ ਚੱਕਦੇ ਕਿਓਂ ?'

'ਪਰ ਦੇਖੋ ਮੈਂ ਕਿਸੇ ਦਾ ਬੁਰਾ ਕਰਕੇ ਰਾਜੀ ਨੀ ਜੇ ਲੜਾਈ ਲੱਗ ਗਈ ਤਾਂ ਪਿੰਡ ਦਾ ਕੁੱਤਾ ਵੀ ਨੀ ਬਚਣਾ, ਕਸੂਰ ਗੌਰਮਿੰਟ ਦਾ ਬੇ-ਜ਼ਬਾਨੇ ਪਸੂਆਂ ਨੇ ਕਿਸੇ ਦਾ ਕੀ ਵਿਗਾੜਿਆ ?' ਬ੍ਰਗੇਡੀਅਰ ਨੇ ਨਿਮਰਤਾ ਨਾਲ ਕਿਹਾ।

'ਤੇ ਦਰਬਾਰ ਸੈਬ ਨੇ ਕਿਸੇ ਦਾ ਕੀ ਵਿਗਾੜਿਆ ਸੀ ?' ਸੂਬੇਦਾਰ ਨੇ ਕਿਹਾ।

'ਦੇਖੋ ਜੋ ਹੋ ਗਿਆ ਸੋ ਹੋ ਗਿਆ ਤੁਸੀਂ ਮਰਗੇ ਤਾਂ ਥੋਡੇ ਬਾਲ ਬੱਚੇ ਰੁਲ ਜਾਂਣਗੇ'

'ਰੁਲ ਜਾਣ ਦਿਓ ਸਾਬ'

'ਦੇਖੋ ਹੁਣ ਥੋਨੂੰ ਕੁਛ ਨੀ ਹੋਵੇਗਾ ਜੇ ਮੇਰੀ ਗੱਲ ਮੰਨ ਲੋ ਹਥਿਆਰ ਸਿੱਟ ਦਿਓ ਤੇ ਆਪੋ ਆਪਣੀਆਂ ਬੈਰਕਾਂ 'ਚ' ਜਾਵੋ, ਤੁਸੀਂ ਕੁਰਬਾਨੀ ਕੀਤੀ ਆ, ਇੱਕ ਕੁਰਬਾਨੀ ਹੋਰ ਕਰੋ' ਬ੍ਰਗੇਡੀਅਰ ਨੇ ਕਿਹਾ।

'ਇੱਕ ਕੁਰਬਾਨੀ ਤਾਂ ਸਮਝਗੇ ਪਰ ਦੂਜੀ ਕੁਰਬਾਨੀ ਦੀ ਸਮਝ ਨੀ ਆਈ ਸੂਬੇਦਾਰ ਨੇ ਪੁੱਛਿਆ।

'ਦੂਜੀ ਕੁਰਬਾਨੀ ਏਹ ਕੇ ਜੇ ਤੁਸੀਂ ਲੜਾਈ ਨਾ ਕਰੋਗੇ ਤਾਂ ਸਾਰਾ ਪਿੰਡ ਬਚ ਜਾਏਗਾ, ਤੇ ਜੇ ਲੜੋਗੇ ਤਾਂ ਬੁੱਢੇ, ਬੱਚੇ ਤੇ ਜਵਾਨ ਮਾਰੇ ਜਾਣਗੇ ਇਸ ਕਰਕੇ ਆਪਣੇ ਆਪ ਨੂੰ ਮੇਰੇ ਹਵਾਲੇ ਕਰਕੇ ਪਿੰਡ ਦਾ ਭਲਾ ਕਰੋ ਤੇ ਆਪਣੇ ਪ੍ਰਵਾਰ ਦਾ ਵੀ' ਬ੍ਰਗੇਡੀਅਰ ਨੇ ਨਿਮ੍ਰਤਾ ਨਾਲ ਕਿਹਾ।

'' ਸਾਰੇ ਫੌਜੀ ਚੁੱਪ ਸਨ।

'ਸੁੱਟ ਦਿਓ ਥਿਆਰ ਭਰਾਵੋ ਲੜਾਈ ਤਾਂ ਕੁੱਤੇ ਬਿੱਲੀ ਦੀ ਮਾੜੀ ਆ ਤੇ ਬੰਦਿਆਂ ਦੀ ਤਾਂ ਮਾੜੀ ਹੀ ਮਾੜੀ' ਸਾਬਕਾ ਮੈਂਬਰ ਨੇ ਕਿਹਾ ਇਹ ਲੜਾਈ ਦੇ ਨਾਮ ਸੁਣਕੇ ਕੰਬ ਰਿਹਾ ਸੀ!

'ਸ਼ਾਬਾਸ਼ ਹਾਂ ਕਰੋ ਤੇ ਆਪੋ ਆਪਣੀਆਂ ਨੌਕਰੀਆਂ ਤੇ ਜਾਵੋ' ਬ੍ਾਗੇਡੀਅਰ ਨੇ ਫਿਰ ਦੁਹਾਈ ਦਿੱਤੀ।

'ਜੇ ਅਸੀਂ ਥਿਆਰ ਸਿੱਟ ਦਿੱਤੇ, ਏਹ ਤਾਂ ਜੀ ਫਿਰ ਥੁੱਕ ਕੇ ਚੱਟਣ ਵਾਲੀ ਗੱਲ ਹੋਗੀ ਅਸੀਂ ਲੜਾਂਗੇ' ਅੰਮ੍ਰਿਤਧਾਰੀ ਸਿੱਖ ਨੇ ਕਿਹਾ।

'ਸੱਪ ਦੇ ਮੂੰਹ 'ਚ' ਕੋਹੜ ਕਿਰਲੀ ਆ ਜੀ, ਜੇ ਖਾਂਦੇ ਆਂ ਤਾਂ ਕੋਹੜੀ ਜੇ ਛੱਡਦੇ ਆਂ ਤਾਂ ਕਲੰਕੀ' ਸੂਬੇਦਾਰ ਨੇ ਕਿਹਾ। ਸਾਰੇ ਦੁਰਾਹੇ ਵਿੱਚ ਖੜੇ ਸਨ। ਇਹ ਗੱਲ ਸੁਣਕੇ ਬ੍ਰਗੇਡੀਅਰ ਦੇ ਹੱਥ ਪੈਰ ਠਰ ਗਏ!

'ਪਰ ਤੁਸੀਂ ਲੜਨਾ ਕਿਸ ਖਾਤਰ ?' ਬ੍ਰਗੇਡੀਅਰ ਨੇ ਪੁੱਛਿਆ।

'ਸਾਬ ਤੁਸੀਂ ਤਾਂ ਓ ਗੱਲ ਕਰਤੀ ਸਾਰੀ ਰਾਤ ਰਮੈਣ ਪੜੀ ਤੇ ਸਵੇਰੇ ਪੁੱਛਿਆ ਸੀਤਾ ਦਾ ਪਤੀ ਕੌਣ ਸੀ ?' ਸੂਬੇਦਾਰ ਨੇ ਕਿਹਾ।

'ਮੈਨੂੰ ਪਤਾ ਕਿ ਫੌਜਾਂ ਨੇ ਦਰਬਾਰ ਸਾਹਬ ਤੇ ਅਟੈਕ ਕਰ ਦਿੱਤਾ ਤੁਸੀਂ ਭੱਜ ਤੁਰੇ ਠੀਕ' ਬ੍ਰਗੇਡੀਅਰ ਨੇ ਕਿਹਾ।

'ਹਾਂ ਜੀ, ਹਾਂ ਜੀ' ਚਾਰ ਚੁਫੇਰਿਓਂ ਆਵਾਜ਼ਾਂ ਆਈਆਂ'

ਬਾਕੀ ਸਫ਼ਾ 31 'ਤੇ

# ਪੰਜਾਬੀ ਗੀਤਾਂ ਦਾ ਦਿਸ਼ਾਹੀਣ ਫਿਲਮਾਂਕਣ ਅਤੇ ਬਚਪਨ ?



**- ਰਮਨਦੀਪ ਕੌਰ**

ਬਚਪਨ ਸ਼ਬਦ ਸੁਣਦਿਆਂ ਹੀ ਵਿਅਕਤੀ ਦੇ ਮਨ ਵਿੱਚ ਇੱਕ ਚੰਚਲਤਾ ਤੇ ਖੁਸ਼ੀਆਂ ਦੀ ਬਹਾਰ ਜਿਹੀ ਖਿੜ ਪੈਂਦੀ ਹੈ ਕਿਉਂਕਿ ਇਹ ਅਜਿਹੀ ਅਵਸਥਾ ਹੈ ਜਿਸ ਵਿੱਚ ਹਰ ਮਨੁੱਖ ਨੇ ਬਿਨਾਂ ਕਿਸੇ ਫਿਕਰ,ਭੈਅ ਅਤੇ ਰੁਝੇਵਿਆਂ ਦੇ ਬੋਝ ਤੋਂ ਬਿਨਾਂ ਜ਼ਿੰਦਗੀ ਬਤੀਤ ਕੀਤੀ ਹੁੰਦੀ ਹੈ। ਇਸ ਅਵਸਥਾ ਵਿੱਚ ਬੱਚੇ ਨੂੰ ਚਾਰੇ ਪਾਸਿਆਂ ਤੋਂ ਜੇਕਰ ਕੁਝ ਮਿਲਦਾ ਹੈ ਤਾਂ ਉਹ ਹੈ ਪਿਆਰ, ਬੱਚਿਆਂ ਨੂੰ ਘਰ ਦਾ, ਪਰਿਵਾਰ ਦਾ, ਮਾਂ ਦਾ, ਭੈਣ-ਭਾਈ ਦਾ ਤੇ ਆਂਢ ਗੁਆਂਢ ਦੇ ਲੋਕਾਂ ਦਾ ਪਿਆਰ। ਇਹ ਅਵਸਥਾ ਜ਼ਿੰਦਗੀ ਦੀ ਸਭ ਤੋਂ ਆਨੰਦਮਈ ਅਵਸਥਾ ਹੁੰਦੀ ਹੈ ਜਿਸ ਵਿੱਚ ਵੈਰ ਵਿਰੋਧ ਨਾ ਦਾ ਸ਼ਬਦ ਦੂਰ-ਦੂਰ ਤੱਕ ਵੀ ਸੁਣਾਈ ਨਹੀਂ ਦਿੰਦਾ। ਮੰਨਿਆਂ ਜਾਂਦਾ ਹੈ ਕਿ ਬੱਚੇ ਦਾ ਮਨ ਇੱਕ ਕੋਰੇ ਕਾਗਜ਼ ਦੀ ਤਰਾਂ ਹੁੰਦਾ ਹੈ ਜਿਸ ਉਪਰ ਜੋ ਲਿਖੋਗੇ ਓਹੀ ਨਕਸ਼ ਬਣਕੇ ਉਭਰੇਗਾ, ਜਿਵੇਂ ਦਾ ਬੱਚੇ ਨੂੰ ਬਚਪਨ ਵਿੱਚ ਸਿਖਾਇਆ ਜਾਵੇਗਾ ਜਾਂ ਜਿਸਦੀ ਉਹ ਨਕਲ ਕਰੇਗਾ ਉਵੇਂ ਦਾ ਹੀ ਜਵਾਨੀ ਵਿੱਚ ਬਣੇਗਾ। ਪਰੰਤੂ ਅੱਜ ਕੱਲ ਟੀ.ਵੀ. ਚੈਨਲਾਂ ਉੱਪਰ ਚੱਲ ਰਹੇ ਪੰਜਾਬੀ ਗੀਤਾਂ ਦੀ ਪੇਸ਼ਕਾਰੀ ਨੇ ਬਚਪਨ ਦੀ ਕੋਮਲਤਾ ਨੂੰ ਕਾਫੀ ਹੱਦ ਤੱਕ ਝੰਜੋੜਿਆ ਹੈ। ਲੋੜ ਅਨੁਸਾਰ ਗੀਤਾਂ ਦੇ ਫਿਲਮਾਂਕਣ ਸਮੇਂ ਬਾਲ ਕਲਾਕਾਰਾਂ. ਬੱਚਿਆਂ ਦਾ ਸਹਾਰਾ ਲੈਣਾ ਕੋਈ ਮਾੜੀ ਗੱਲ ਨਹੀਂ ਪਰੰਤੂ ਉਹਨਾਂ ਦੇ ਮਾੜੇ ਦ੍ਰਿਸ਼ਾਂ ਦਾ ਫਿਲਮਾਂਕਣ ਕਰਨਾ ਜ਼ਰੂਰ ਚਿੰਤਾ ਦਾ ਵਿਸ਼ਾ ਹੈ। ਬੱਚੇ ਦੇ ਦਿਮਾਗ ਉੱਪਰ ਅਜੋਕੇ ਦਿਖਾਵੇ ਪੱਖੀ ਪਿਆਰ ਨੂੰ, ਹਿੰਸਾਤਮਕ ਦ੍ਰਿਸ਼ਾਂ ਨੂੰ ਪੇਸ਼ ਕਰਨਾ ਕਿਸੇ ਵੀ ਪੱਖ ਤੋਂ ਸਹੀ ਠਹਿਰਾਉਣਾ ਔਖਾ ਹੈ।

ਇੱਕ ਪੱਖ ਤੋਂ ਸਮਾਜ ਵਿਦਿਆਰਥੀਆਂ ਨੂੰ ਅੱਜ ਦੇ ਬੱਚੇ, ਕੱਲ ਦੇ ਨੇਤਾ ਕਹਿ ਕੇ ਉਹਨਾਂ ਉੱਪਰ ਸਮਾਜਿਕ ਅਤੇ ਰਾਜਨੀਤਿਕ ਜ਼ਿੰਮੇਵਾਰੀਆਂ ਦੀ ਪੰਡ ਰੱਖ ਕੇ ਇੱਕ ਸਮਰੱਥਾਵਾਨ ਵਿਅਕਤੀ ਬਣਾਉਣ ਦੀ ਕੋਸ਼ਿਸ਼ 'ਚ ਹੈ ਤੇ ਦੂਸਰੇ ਪਾਸੇ ਓਹੀ ਬੱਚੇ ਗੀਤਾਂ ਦੀ ਵੀਡੀਓਜ਼ ਕਿਸੇ ਮੁੰਡੇ-ਕੁੜੀ ਦੀ ਤਸਵੀਰ ਨੂੰ ਬਚਪਨ ਵਿੱਚ ਹੀ ਵਸਾ ਕੇ ਆਪਣੇ ਪਿਆਰ ਰੂਪੀ ਰੰਗ ਵਿੱਚ ਪੇਸ਼ ਕਰਦੇ ਹਾਂ। ਬਚਪਨ ਵੱਲ ਝਾਤ ਪਾਉਣ ਤੇ ਪਤਾ ਚੱਲਦਾ ਹੈ ਕਿ ਇਹ ਅਸਲੀਅਤ ਤੋ ਦੂਰ ਹੈ, ਬਚਪਨ ਦੀ ਮਾਸੂਮੀਅਤ, ਕੋਮਲਤਾ ਵਿੱਚ ਅਜਿਹੀ ਪ੍ਰਵਿਰਤੀ ਨਹੀਂ ਪਾਈ ਜਾਂਦੀ।



ਅੱਜ ਜੇਕਰ ਤੁਸੀਂ ਕਿਸੇ ਵੀ ਵਿਅਕਤੀ ਨਾਲ ਗੱਲ ਕਰੋਗੇ ਤਾਂ ਇੱਕ ਸਬਦ ਹਰੇਕ ਵਿਅਕਤੀ ਦੇ ਮੂੰਹੋਂ ਸੁਣਨ ਨੂੰ ਮਿਲੇਗਾ ਕਿ ਅੱਜ ਕੱਲ ਤਾਂ ਜ਼ਮਾਨਾਂ ਹੀ ਬਹੁਤ ਖਰਾਬ ਹੋ ਗਿਆ ਹੈ, ਆਪਣੇ ਸਮਾਜ ਦਾ ਬੇੜਾ ਗਰਕ ਹੋ ਗਿਆ ਹੈ। ਇਹ ਸ਼ਬਦ ਹਰ ਵਿਅਕਤੀ ਨੂੰ ਕਹਿਣ ਲਈ ਕਿਸੇ ਹੋਰ ਨੇ ਮਜ਼ਬੂਰ ਨਹੀਂ ਕੀਤਾ ਬਲਕਿ ਹਰ ਮਨੁੱਖ ਨੇ ਆਪਣੇ ਆਪ ਦਾ ਬੇੜਾ ਗਰਕ ਕਰਨ ਦੀ ਸਥਿਤੀ ਆਪ ਸਹੇੜੀ ਹੈ ਕਿਉਂਕਿ ਜਿਸ ਸਮਾਜ ਨੂੰ ਉਹ ਭੰਡ ਰਿਹਾ ਹੈ, ਉਹ ਖੁਦ ਵੀ ਓਸੇ ਸਮਾਜ ਦਾ ਹਿੱਸਾ ਹੈ ਤੇ ਕਿਤੇ ਨਾ ਕਿਤੇ ਉਹ ਵੀ ਦੋਸ਼ੀ ਹੈ, ਕਦੇ ਉਸ ਨੇ ਸਮਾਜ ਨੂੰ ਸੇਧ, ਸੁਧਾਰ ਲਈ ਕੋਈ ਯਤਨ ਕੀਤਾ ਹੈ ?

ਤਕਨੀਕ ਨੇ ਅਜੋਕੇ ਮਨੁੱਖ ਤੇ ਮਾੜੂ ਪ੍ਰਭਾਵ ਵੀ ਪਾਇਆ ਹੈ ਜਿਸਦੀ ਵਲਗਣ ਵਿੱਚੋਂ ਨਿਕਲਣਾ ਔਖਾ ਜਾਪ ਰਿਹਾ ਹੈ। ਘਰਾਂ ਵਿੱਚ ਮੈਂਬਰਾਂ ਦਾ ਧਿਆਨ ਬੱਚਿਆਂ ਦੀ ਆਦਰਸ਼ ਪ੍ਰਵਰਿਸ਼ ਨਾਲੋਂ ਕੱਪੜਿਆਂ ਅਤੇ ਪਦਾਰਥਵਾਦੀ ਵਸਤਾਂ ਲੈ ਕੇ ਦੇਣ ਵਿੱਚ ਜ਼ਿਆਦਾ ਹੈ। ਅੱਜ ਹਰ ਘਰ ਵਿੱਚ ਕੇਬਲ, ਡਿਸ਼, ਇੰਟਰਨੈੱਟ ਦੀ ਭਰਮਾਰ ਹੈ ਜੋ ਸਾਡੇ ਬੱਚਿਆਂ ਦੇ ਬਚਪਨ ਨੂੰ ਅੰਦਰੋਂ ਅੰਦਰੀ ਖੋਖਲਾ ਕਰ ਰਿਹਾ ਹੈ। ਜਿਨਾਂ ਗੀਤਾਂ ਵਿੱਚ ਫਿਲਮਾਂਕਣ ਸਮੇਂ ਬਚਪਨ ਨੂੰ ਇਸ਼ਕੀਆਂ ਸੰਕਲਪ ਨਾਲ ਪੇਸ਼ ਕੀਤਾ ਹੈ ਉਹ ਅਜੋਕੇ ਬੱਚਿਆਂ ਦੇ ਬਚਪਨ ਲਈ ਘਾਤਕ ਸਿੱਧ ਹੋ ਰਿਹਾ ਹੈ। ਬੱਚੇ ਫਿਲਮਾਂਕਣ ਨੂੰ ਆਪਣੀ ਜਿੰਦਗੀ ਦਾ ਹਿੱਸਾ ਮੰਨ ਬੈਠਦੇ ਹਨ ਅਤੇ ਇਸਦੇ ਮਾੜੂ ਪ੍ਰਭਾਵ ਤੋਂ ਗ੍ਰਸਤ ਹੋ ਜਾਂਦੇ ਹਨ, ਜਿਸ ਨਾਲ ਜ਼ਮਾਨਾ ਖਰਾਬ ਹੈ, ਸਮਾਜ ਦਾ ਬੇੜਾ ਗਰਕ ਜਿਹੇ ਸ਼ਬਦਾਂ ਦੀ ਸਿਰਜਣਾ ਕਰਨੀ ਪੈਂਦੀ ਹੈ। ਲੋੜ ਹੈ ਅੱਜ ਦੇ ਸਮਾਜ ਨੂੰ ਜਾਗਰੂਕ ਹੋਣ ਦੀ ਤੇ ਇਹੋ ਜਿਹੇ ਫਿਲਮਾਂਕਣ ਬੰਦ ਕਰਨ ਦੀ ਤਾਂ ਜੋ ਸਮਾਜ ਵਿੱਚ ਵਧ ਰਹੇ ਜਿਸਮਾਨੀ ਸ਼ੋਸ਼ਣ ਨੂੰ ਠੱਲ ਪਾਈ ਜਾ ਸਕੇ। ਬੱਚਿਆਂ ਨੂੰ ਟੀ.ਵੀ. ਦਾ ਲਾਲਚ ਘੱਟ ਕਰਾਕੇ ਰੋਜ ਸੰਸਕਾਰਿਕ ਕਹਾਣੀਆਂ ਸੁਣਾਈਆਂ ਜਾਣ, ਉਹਨਾਂ ਨੂੰ ਨੈਤਕਿਤਾ ਦੇ ਗੁਣਆਂ ਬਾਰੇ ਬਚਪਨ ਤੋਂ ਹੀ ਜਾਗਰੂਕ ਕੀਤਾ ਜਾਵੇ ਤੇ ਨਾਲ ਹੀ ਪਰਿਵਾਰ ਦੇ ਹਰ ਮੈਂਬਰ ਦਾ ਫਰਜ਼ ਬਣਦਾ ਹੈ ਕਿ ਬੱਚਿਆਂ ਅੱਗੇ ਆਦਰਸ਼ ਵਿਅਕਤੀ ਦੇ ਗੁਣਾਂ ਨੂੰ ਅਪਣਾਇਆ ਜਾਵੇ ਤਾਂ ਜੋ ਬੱਚੇ ਨਕਲ ਕਰਕੇ ਉਹੀ ਸਿੱਖ ਸਕਣ।

ਅੱਜ ਕੱਲ ਦੇਖਿਆ ਜਾਵੇ ਮਾਵਾਂ ਆਪਣੇ ਕੰਮਾਂ ਨੂੰ ਨਿਪਟਾਉਣ ਲਈ ਬੱਚਿਆਂ ਨੂੰ ਟੀ.ਵੀ. ਚਾਲੂ ਕਰਕੇ ਦੇ ਦਿੰਦੀਆਂ ਹਨ ਤੇ ਆਪ ਆਪਣੇ ਕੰਮਾਂ ਵਿੱਚ ਰੁਝ ਕੇ, ਬੱਚੇ ਦੀ ਨਜ਼ਰਸਾਨੀ ਤੋਂ ਸੁਰਖਰੂ ਹੋ ਜਾਂਦੀਆਂ ਹਨ। ਉਹਨਾਂ ਨੂੰ ਇਹ ਨਹੀਂ ਪਤਾ ਕਿ ਅੱਜ ਜੇਕਰ ਅਸੀਂ ਆਪਣੇ ਬੱਚੇ ਦੀ ਸੰਭਾਲ ਨਾਲੋਂ ਜ਼ਿਆਦਾ ਮਹੱਤਤਾ ਆਪਣੇ ਕੰਮਾਂ ਨੂੰ ਦੇ ਰਹੇ ਹਾਂ ਤਾਂ ਇਹੀ ਬੱਚਾ ਆਉਣ ਵਾਲੇ ਸਮੇਂ ਵਿੱਚ ਸਾਡੀ ਜ਼ਿੰਦਗੀ ਦੇ ਕੰਮਾਂ ਲਈ ਮੁਸ਼ਕਿਲਾਂ ਪੈਦਾ ਕਰੇਗਾ ਤੇ ਉਹਨਾਂ ਕੋਲ ਫਿਰ ਪਛਤਾਵੇ ਜਾਂ ਝੁਰਣ ਤੋਂ ਸਿਵਾਏ ਕੋਈ ਹੋਰ ਹੱਲ ਨਹੀਂ ਹੋਵੇਗਾ।

ਬੱਚਿਆਂ ਨੂੰ ਵਿਅਸਤ ਰੱਖੋ ਪਰ ਕਿਸੇ ਖੇਡ ਜਾਂ ਸਿਰਜਨਾਤਮਿਕ ਕਿਰਿਆ ਵਿੱਚ ਤਾਂ ਜੋ ਉਹਨਾਂ ਦਾ ਬੌਧਿਕ ਤੇ ਸਰੀਰਕ ਵਿਕਾਸ ਚੰਗੀ ਤਰਾਂ ਹੋ ਸਕੇ, ਨਾ ਕਿ ਟੀ.ਵੀ., ਇੰਟਰਨੈੱਟ ਤੇ ਜਿਸ ਨਾਲ ਉਹਨਾਂ ਦੀ ਆਉਣ ਵਾਲੀ ਜ਼ਿੰਦਗੀ ਤਬਾਹ ਹੋ ਜਾਵੇ ਤੇ ਬੱਚੇ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਜਾਣ।

ਸਮੇਂ ਦੀ ਮੰਗ ਹੈ ਪਰਿਵਾਰਾਂ ਨੂੰ ਸੰਭਾਲਣ ਤੇ ਬੱਚਿਆਂ ਲਈ ਸਹੀ ਦਿਸ਼ਾ ਨਿਰਦੇਸ਼ ਕਰਨ ਤੇ ਮਾਣ ਮਹਿਸੂਸ ਕਰਨ ਤੇ ਇਹੀ ਬੱਚੇ ਅੱਗੇ ਭਵਿੱਖ ਵਿੱਚ ਮਹਾਨ ਯੋਧੇ, ਸੂਰਬੀਰ ਤੇ ਦੈਵੀ ਗੁਣਾਂ ਦੇ ਮਾਲਕ ਵਿਅਕਤੀ ਪੈਦਾ ਹੋਣ ਜੋ ਸਮਾਜ ਨੂੰ ਸਹੀ ਸੇਧ ਦੇ ਸਕਣ।

# ਭਾਰਤ 'ਚ ਵਧ ਰਹੇ ਆਰਥਿਕ ਪਾੜੇ ਤੇ ਸਾਮਾਜਿਕ ਨਾ-ਬਰਾਬਰੀ ਕਾਰਨ ਫੈਲ ਰਹੀ ਏ ਅਸ਼ਾਂਤੀ

**- ਡਾ. ਲਕਸ਼ਮੀ ਨਰਾਇਣ ਭੀਖੀ**

ਆਕਸਫੈਮ ਦੀ ਨਵੀਂ ਰਿਪੋਰਟ ਦੱਸਦੀ ਹੈ ਕਿ ਭਾਰਤ ਦੇ ਇਕ ਫ਼ੀਸਦੀ ਅਰਬਪਤੀਆਂ ਕੋਲ 70 ਫ਼ੀਸਦੀ ਗ਼ਰੀਬਾਂ ਦੀ ਕੁੱਲ ਆਮਦਨ ਤੋਂ ਵੀ ਚਾਰ ਗੁਣਾ ਵੱਧ ਧਨ ਮੌਜੂਦ ਹੈ। ਹੁਣ ਉਹ ਦਿਨ ਵੀ ਦੂਰ ਨਹੀਂ, ਜਦੋਂ ਭਾਰਤ ਅਤੇ ਵਿਸ਼ਵ ਦੇ ਇਕ ਫ਼ੀਸਦੀ ਅਰਬਪਤੀਆਂ ਕੋਲ 99 ਫ਼ੀਸਦੀ ਧਨ ਹੋਵੇਗਾ ਅਤੇ ਦੁਨੀਆ ਸਮੇਤ ਸਾਡੇ ਮੁਲਕ ਦੇ 99 ਫ਼ੀਸਦੀ ਗ਼ਰੀਬ ਲੋਕਾਂ ਕੋਲ 1 ਫ਼ੀਸਦੀ ਧਨ ਵੀ ਨਹੀਂ ਹੋਵੇਗਾ। ਅਜਿਹੀ ਅਸਾਵੀਂ ਆਰਥਿਕ ਵਿਵਸਥਾ ਵਿਚ ਦੁਨੀਆ ਦੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਕੁਝ ਗਿਣਤੀ ਦੇ ਅਰਬਪਤੀ ਹੀ ਬਣਾਇਆ ਕਰਨਗੇ। ਉਹੀ ਰਿਮੋਟ ਕੰਟਰੋਲ ਰਾਹੀਂ ਉਨਾਂ ਨੂੰ ਚਲਾਇਆ ਕਰਨਗੇ ਅਤੇ ਵੱਖ-ਵੱਖ ਮੁਲਕਾਂ ਦੇ ਸਰਕਾਰੀ ਬਜਟ ਵੀ ਉਨਾਂ ਦੇ ਨਿਰਦੇਸ਼ਾਂ/ਆਦੇਸ਼ਾਂ ਅਤੇ ਇਸ਼ਾਰਿਆਂ ਨਾਲ ਬਣਾਏ ਜਾਇਆ ਕਰਨਗੇ। ਇਸ ਵੇਲੇ ਭਾਰਤ ਦੇ 66 ਅਰਬਪਤੀਆਂ ਦੀ ਕੁੱਲ ਸੰਪਤੀ ਮੁਲਕ ਦੇ 2018-19 ਦੇ ਬਜਟ ਤੋਂ 24, 42, 200 ਕਰੋੜ ਰੁਪਈਏ ਤੋਂ ਕਿਤੇ ਵੱਧ ਹੈ।

ਇਸ ਤਰਾਂ ਦੀ ਸਮਾਜਿਕ ਨਾਬਰਾਬਰੀ ਵਾਲੀ ਸਥਿਤੀ ਕਾਰਨ ਆਮ ਲੋਕਾਂ ਵਿਚ ਅਸ਼ਾਂਤੀ ਵਾਲਾ ਮਾਹੌਲ ਬਣ ਰਿਹਾ ਹੈ। ਗੰਭੀਰ ਆਰਥਿਕ ਸੰਕਟ ਕਾਰਨ ਘਰਾਂ ਅੰਦਰ ਲੜਾਈਆਂ ਅਤੇ ਮੁਲਕਾਂ ਦੇ ਆਪਸੀ ਝਗੜੇ ਹੋਰ ਵੱਧ ਜਾਣਗੇ। ਇਨਾਂ ਵੱਧ ਰਹੇ ਆਰਥਿਕ ਪਾੜਿਆਂ ਤੋਂ ਛੁਟਕਾਰੇ ਲਈ ਲੋਕ ਪੱਖੀ ਕਹਾਉਣ ਵਾਲੀਆਂ ਦ੍ਰਿਸ਼ਟੀਆਂ ਅੰਦਰਲੇ ਭੈਂਗ ਨੂੰ ਸਮਝਣਾ ਵੀ ਜ਼ਰੂਰੀ ਹੈ। ਇਸ ਤਰਾਂ ਦੀ ਨਾਬਰਾਬਰੀ ਵਾਲੀ ਸਥਿਤੀ ਲਈ ਜਿੱਥੇ ਵਿਸ਼ਵ ਦਾ ਪੂੰਜੀਵਾਦੀ ਨਿਜ਼ਾਮ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ, ਉੱਥੇ ਹੀ ਲੋਕ-ਪੱਖੀ ਕਹਾਉਣ ਵਾਲੀਆਂ ਸ਼ਕਤੀਆਂ ਵੀ ਦੋਸ਼ੀ ਹਨ ਕਿਉਂਕਿ ਉਹ 70% ਲੋਕਾਂ ਦੀ ਨੁਮਾਇੰਦਗੀ ਕਰਨ ਵਿਚ ਅਸਮਰੱਥ ਰਹੀਆਂ ਹਨ। ਫ਼ਿਲਹਾਲ ਲੋਕਾਂ ਨੂੰ ਸੰਕਟਾਂ ਤੋਂ ਮੁਕਤ ਕਰਨ ਲਈ ਚਾਰ ਦ੍ਰਿਸ਼ਟੀਆਂ ਅਹਿਮ ਮੰਨੀਆਂ ਜਾ ਸਕਦੀਆਂ ਹਨ ਮਸਲਨ ਦਿੱਬ-ਦ੍ਰਿਸ਼ਟੀ, ਦੂਰ-ਦ੍ਰਿਸ਼ਟੀ, ਸਾਧਾਰਨ-ਦ੍ਰਿਸ਼ਟੀ ਤੇ ਦ੍ਰਿਸ਼ਟੀਹੀਣਤਾ। ਪਹਿਲੀ ਦ੍ਰਿਸ਼ਟੀ ਉਹ ਹੁੰਦੀ ਹੈ ਜਿਸ ਵਿਚ ਦਿੱਬ-ਦ੍ਰਿਸ਼ਟੀ ਵਾਲੇ ਆਗੂ ਲੋਕਾਂ ਦੀ ਅਗਵਾਈ ਕਰਦਿਆਂ ਹੋਇਆਂ ਆਉਣ ਵਾਲੇ ਸੰਕਟਾਂ ਪ੍ਰਤੀ ਪਹਿਲਾਂ ਹੀ ਭਵਿੱਖਬਾਣੀ ਕਰ ਦਿੰਦੇ ਹਨ ਕਿ ਅਗਾਂਹ ਕੀ ਸੰਕਟ ਆਉਣ ਵਾਲੇ ਹਨ ਅਤੇ ਰਸਤੇ ਵਿਚ ਕਿੱਥੇ-ਕਿੱਥੇ ਟੋਏ, ਟਿੱਬੇ ਅਤੇ ਉਚਾਣਾਂ/ਨਿਵਾਣਾਂ ਹਨ। ਦੂਜੀ ਦੂਰ-ਦ੍ਰਿਸ਼ਟੀ ਵਾਲੇ ਆਗੂ ਟੋਏ ਵਿਚ ਡਿੱਗਣ ਤੋਂ ਪਹਿਲਾਂ ਹੀ ਸਮਾਜ ਨੂੰ ਰਸਤਾ ਬਦਲ ਲੈਣ ਦੀ ਸਲਾਹ ਦਿੰਦੇ ਹਨ। ਉਹ ਲੋਕਾਂ ਨੂੰ ਵਰਤਮਾਨ ਸੰਕਟਾਂ ਦੇ ਖੂਹ ਵਿਚ ਡਿੱਗਣੋਂ ਬਚਾ ਲੈਂਦੇ ਹਨ। ਇਸ ਤਰਾਂ ਦੀ ਲੀਡਰਸ਼ਿਪ ਵਰਤਮਾਨ ਵਰਤਾਰਿਆਂ ਨਾਲ ਇਕਮਿਕ ਹੁੰਦੀ ਹੈ। ਉਸ ਨੂੰ ਲੋਕ-ਪੱਖੀ ਯੁੱਧ ਕਰਨ ਦੀ ਜਾਚ ਹੁੰਦੀ ਹੈ। ਤੀਜੀ-ਸਧਾਰਨ ਦ੍ਰਿਸ਼ਟੀ ਵਾਲੇ ਆਗੂ ਉਨਾਂ ਨੂੰ ਆਖਿਆ ਜਾ ਸਕਦਾ ਹੈ ਕਿ ਜਦੋਂ ਲੋਕ ਸੰਕਟਾਂ ਵਿਚ ਘਿਰ ਜਾਂਦੇ ਹਨ ਅਤੇ ਟੋਇਆਂ ਵਿਚ ਡਿੱਗ ਜਾਂਦੇ ਹਨ, ਅਜਿਹੇ ਆਗੂ ਆਪਣੀ ਚੇਤਨ ਦ੍ਰਿਸ਼ਟੀ ਨਾਲ ਟੋਏ ਵਿਚ ਡਿੱਗੀ ਖਲਕਤ ਨੂੰ ਕਿਸੇ ਨਾ ਕਿਸੇ ਤਰਾਂ ਬਾਹਰ ਕੱਢ ਲੈਂਦੇ ਹਨ। ਚੌਥੀ ਕਿਸਮ ਵਾਲੇ ਦ੍ਰਿਸ਼ਟੀਹੀਣ ਆਗੂ ਲੋਕਾਂ ਦੇ ਨਾਲ-ਨਾਲ ਆਪ ਵੀ ਟੋਏ ਵਿਚ ਡਿੱਗ ਜਾਂਦੇ ਹਨ। ਉੱਥੋਂ ਉਹ ਨਾ ਤਾਂ ਲੋਕਾਂ ਨੂੰ ਬਾਹਰ ਕੱਢ ਸਕਦੇ ਹਨ, ਨਾ ਉਨਾਂ ਕੋਲ ਬਾਹਰ ਨਿਕਲਣ ਲਈ ਕੋਈ ਦ੍ਰਿਸ਼ਟੀ ਹੁੰਦੀ ਹੈ। ਲੱਗਦਾ ਹੈ ਕਿ ਪੂੰਜੀਵਾਦੀ ਵਰਤਾਰੇ ਨੇ ਦ੍ਰਿਸ਼ਟੀ ਵਾਲੇ ਲੋਕਾਂ ਦੀ ਸੋਚ 'ਤੇ ਅਜਿਹਾ ਕਾਲਾ ਜਾਦੂ ਧੂੜਿਆ ਹੈ ਕਿ ਬਹੁਤਿਆਂ ਨੂੰ ਦ੍ਰਿਸ਼ਟੀਹੀਣ ਬਣਾ ਦਿੱਤਾ ਹੈ। ਵੱਡੀਆਂ ਵੱਡੀਆਂ ਦਿੱਬ-ਦ੍ਰਿਸ਼ਟੀਆਂ, ਦੂਰ-ਦ੍ਰਿਸ਼ਟੀਆਂ ਤੇ ਸਾਧਾਰਨ-ਦ੍ਰਿਸ਼ਟੀਆਂ ਪੂੰਜੀਵਾਦੀ ਵਰਤਾਰੇ ਨੇ ਰੋਲ ਕੇ ਰੱਖ ਦਿੱਤੀਆਂ ਹਨ।

ਇਸ ਦੇ ਬਹੁਤ ਸਾਰੇ ਕਾਰਨ ਹਨ ਕਿ ਦੁਨੀਆ ਭਰ ਦੇ ਮਜ਼ਦੂਰਾਂ, ਕਿਸਾਨਾਂ ਅਤੇ ਆਮ ਲੋਕਾਂ ਨੂੰ ਇਕਜੁੱਟ ਕਰਨ ਵਾਲੇ ਆਗੂ ਖ਼ੁਦ ਪਾਟੋਧਾੜ ਦਾ ਸ਼ਿਕਾਰ ਹੋਏ ਪਏ ਹਨ। ਜਿਵੇਂ ਕਿਸੇ ਹੁਕਮਰਾਨ ਨੂੰ ਆਪਣੀ ਸੱਤਾ/ਕੁਰਸੀ ਛੱਡਣੀ ਔਖੀ ਹੁੰਦੀ ਹੈ, ਉਵੇਂ ਹੀ ਕੱਟੜ ਵਿਚਾਰਾਂ ਦੇ ਧਾਰਨੀ ਆਗੂ ਆਪਣੇ ਵਿਚਾਰਾਂ ਨੂੰ ਦੂਜਿਆਂ 'ਤੇ ਥੋਪਦੇ ਰਹਿੰਦੇ ਹਨ। ਵਿਚਾਰਾਂ ਦਾ ਤਿਆਗ ਕੁਰਸੀ ਦੇ ਤਿਆਗ ਤੋਂ ਵੀ ਕਿਤੇ ਵੱਡਾ ਹੋ ਜਾਂਦਾ ਹੈ।

ਦੂਜੀ ਤਰਾਂ ਦੇ ਆਗੂ ਦਲਿਤ ਲੋਕਾਂ ਦੇ ਅਖੌਤੀ ਮਸੀਹੇ ਹਨ। ਕੁਝ ਦਲਿਤ ਆਗੂ ਅਮੀਰ ਲੋਕਾਂ ਨਾਲ ਸਤਿਕਾਰ ਭਰਿਆ ਵਰਤਾਅ ਕਰਦੇ ਹਨ ਜਦਕਿ ਆਰਥਿਕ ਅਤੇ ਸਮਾਜੀ ਤੌਰ 'ਤੇ ਪੱਛੜੇ ਅਤੇ ਗ਼ਰੀਬ ਲੋਕਾਂ ਨਾਲ ਅਮੀਰਾਂ ਵਾਂਗ ਵਿਤਕਰੇ ਵਾਲਾ ਵਿਹਾਰ ਕਰਦੇ ਹਨ। ਅਜਿਹੇ ਅਖੌਤੀ ਆਗੂਆਂ ਦੀ ਸੋਚ ਬਰਾਬਰੀ ਵਾਲੀ ਅਤੇ ਕੁਦਰਤ ਵਾਂਗ ਇਕਸਾਰਤਾ ਵਾਲੀ ਨਹੀਂ ਹੁੰਦੀ। ਤੀਜੀ ਧਿਰ ਧਾਰਮਿਕ ਸੋਚ ਦੇ ਧਾਰਨੀ ਆਗੂਆਂ ਦੀ ਆਖੀ ਜਾ ਸਕਦੀ ਹੈ। ਜੋ ਜਾਤੀਵਾਦ, ਜਮਾਤੀ ਕਿਸਮ ਸਭ ਤਰਾਂ ਦੀਆਂ ਵੰਡੀਆਂ ਨੂੰ ਮੰਨਦੇ ਨਹੀਂ, ਜਿਨਾਂ ਦੀ ਦ੍ਰਿਸ਼ਟੀ ਅਨੁਸਾਰ ਸਾਰੀ ਸ੍ਰਿਸ਼ਟੀ ਦੇ ਲੋਕ ਅਤੇ ਸਭ ਜੂਨੀਆਂ ਬਰਾਬਰ ਹਨ। ਉਹ ਆਗੂ/ਨੇਤਾ ਮਾਇਆ ਨੂੰ ਨਾਗਣੀ ਆਖਦੇ ਹਨ, ਨੀਚਾਂ ਅੰਦਰਲੇ ਨੀਚਾਂ ਨਾਲ ਖੜਨ ਦਾ ਤਹੱਈਆ ਕਰਦੇ ਹਨ। ਉਹ ਉੱਪਰੋਂ ਧਰਮੀ-ਕਰਮੀ ਲੱਗਦੇ ਹਨ ਪਰ ਅੰਦਰੋਂ ਮਨਮੁਖ ਹੁੰਦੇ ਹਨ। ਜੇ ਤਿੰਨੇ ਧਿਰਾਂ ਵਿਚ ਕਹਿਣੀ ਅਤੇ ਕਰਨੀ ਦਾ, ਅਮਲ ਅਤੇ ਸਿਧਾਂਤਾਂ ਦਾ ਵਿਤਕਰੇ ਭਰਿਆ ਵਤੀਰਾ ਨਾ ਹੁੰਦਾ ਤਾਂ ਘੱਟ ਤੋਂ ਘੱਟ 70ਗ ਲੋਕਾਂ ਦੀ ਤਰਜਮਾਨੀ ਕਰਨ ਵਾਲੇ ਇਹ ਆਗੂ ਸਾਡੇ ਮੁਲਕ ਦਾ ਇਹ ਹਸ਼ਰ ਨਾ ਹੋਣ ਦਿੰਦੇ।

ਇਨਾਂ ਆਗੂਆਂ ਨੂੰ ਜਦੋਂ ਵੀ ਪੁੱਛੋ ਤਾਂ ਇਹ ਕੁਰਸੀਧਾਰੀ ਵਿਚਾਰਧਾਰਾ ਨੂੰ ਲਾਗੂ ਕਰਨ ਵਾਲੇ ਦਲਿਤ ਆਗੂ, ਦੂਜੇ ਦਲਿਤ ਆਗੂਆਂ ਨੂੰ ਦੋਸ਼ੀ ਜਾਂ ਮਹਾਦੋਸ਼ੀ ਮੰਨਦੇ ਹਨ। ਇਵੇਂ ਹੀ ਮਾਰਕਸਵਾਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਆਗੂ ਜਿੱਥੇ ਪੂੰਜੀਵਾਦੀ ਸ਼੍ਰੇਣੀ ਨੂੰ ਵਰਤਮਾਨ ਹਾਲਤ ਲਈ ਕਸੂਰਵਾਰ ਮੰਨਦੇ ਹਨ, ਉੱਥੇ ਹੀ ਸਮਾਜ ਵਿਚ ਕਾਰਜਸ਼ੀਲ ਹੋਰਨਾਂ ਸਮਾਜਵਾਦੀ ਗਰੁੱਪਾਂ ਦੀ ਵਿਚਾਰਧਾਰਾ ਨੂੰ ਮੁੱਖ ਅੜਿੱਕਾ ਮੰਨਦੇ ਹਨ ਪਰ ਕਦੇ ਵੀ ਸਵੈ-ਪੜਚੋਲ ਨਹੀਂ ਕਰਦੇ। ਇਵੇਂ ਹੀ ਅਧਿਆਤਮ ਨਾਲ ਜੁੜੇ ਧਾਰਮਿਕ ਲੀਡਰ, ਇਨਕਲਾਬੀ ਧਿਰਾਂ ਦੀ ਨਾਸਤਕ ਸੋਚ ਨੂੰ ਇੱਕੋ-ਇਕ ਕਾਰਨ ਮੰਨਦੇ ਹਨ ਜਾਂ ਵਰਤਮਾਨ ਸਥਿਤੀ ਨੂੰ ਕੁਦਰਤ ਦਾ ਭਾਣਾ ਮੰਨ ਲੈਂਦੇ ਹਨ। ਜਦੋਂਕਿ ਧਾਰਮਿਕ ਦ੍ਰਿਸ਼ਟੀ ਨਾ ਤਾਂ ਦੂਜੇ ਮਨੁੱਖਾਂ/ਗਰੁੱਪਾਂ ਨੂੰ ਦੋਸ਼ੀ ਮੰਨਦੀ ਹੈ ਅਤੇ ਨਾ ਹੀ ਕਿਸੇ ਜਮਾਤ ਨੂੰ। ਉਹ ਮਨੁੱਖ ਅਤੇ ਮੁਲਕਾਂ ਦੀ ਹੋਣੀ ਲਈ ਖ਼ੁਦ ਨੂੰ ਜ਼ਿੰਮੇਵਾਰ ਮੰਨਦੇ ਹਨ। ਸੋ ਉਕਤ ਸਮੀਖਿਆ ਦ੍ਰਿਸ਼ਟੀ ਅਨੁਸਾਰ ਅਜੇ ਤਕ ਤਿੰਨਾਂ ਵਿਚੋਂ ਕਿਸੇ ਵੀ ਧਿਰ ਨੇ ਆਤਮ ਚਿੰਤਨ ਨਹੀਂ ਕੀਤਾ। ਜਦੋਂਕਿ ਦੁਨੀਆ ਦੇ ਅਮੀਰ ਮੁਲਕਾਂ ਨੇ ਆਪਣੀਆਂ ਆਪਸੀ ਵਿਰੋਧਤਾਈਆਂ ਘਟਾ ਲਈਆਂ ਹਨ। ਲੋਕ-ਪੱਖੀ ਕਹਾਉਣ ਵਾਲੀਆਂ ਇਨਾਂ ਸ਼ਕਤੀਆਂ ਨੇ ਆਪਸੀ ਮਤਭੇਦ ਘਟਾਉਣ ਦੀਆਂ ਕੋਸ਼ਿਸ਼ਾਂ ਨਹੀਂ ਕੀਤੀਆਂ। ਬਲਕਿ ਇਨਾਂ ਦੇ ਅੰਤਰ-ਵਿਰੋਧ ਦਿਨੋ-ਦਿਨ ਵੱਧ ਰਹੇ ਹਨ।

ਸੰਸਾਰੀਕਰਨ ਦੇ ਦੌਰ ਵਿਚ ਬਹੁ-ਕੌਮੀ ਕੰਪਨੀਆਂ ਅਤੇ ਵਰਤਮਾਨ ਸਰਕਾਰਾਂ ਨੇ ਲੋਕਾਂ ਨੂੰ ਲੁੱਟਣ ਲਈ ਸਾਂਝੇ ਪ੍ਰੋਗਰਾਮ ਘੜ ਲਏ ਹਨ। ਇਹ ਬਹੁ-ਕੌਮੀ ਕੰਪਨੀਆਂ ਵੱਖ-ਵੱਖ ਤਰੀਕਿਆਂ ਨਾਲ ਸੰਸਾਰ ਦੇ ਲੋਕਾਂ ਨੂੰ ਲੁੱਟਣ ਲਈ ਨਿੱਤ ਨਵੀਆਂ ਤੋਂ ਨਵੀਆਂ ਯੋਜਨਾਵਾਂ ਬਣਾ ਰਹੀਆਂ ਹਨ। ਲਘੂ ਉਦਯੋਗਾਂ ਦਾ ਤਾਂ ਜਿਵੇਂ ਭੋਗ ਹੀ ਪੈ ਗਿਆ ਹੈ। ਕਿਰਤੀ-ਕਿਸਾਨਾਂ ਦੀ ਗਾੜੇ ਪਸੀਨੇ ਦੀ ਕਮਾਈ ਨਾਲ ਘਰਾਂ ਦਾ ਗੁਜ਼ਾਰਾ ਮੁਸ਼ਕਲ ਹੋ ਰਿਹਾ ਹੈ। ਹੱਥੀਂ ਕਾਰ ਤੋਂ ਵੈਸੇ ਵੀ ਨਵੀਂ ਪੀੜੀ ਕਿਨਾਰਾ ਕਰ ਰਹੀ ਹੈ। ਲੋਕਾਂ ਤੇ ਜੋਕਾਂ ਦਾ ਪਾੜਾ ਦਿਨ-ਬਦਿਨ ਵੱਧ ਰਿਹਾ ਹੈ ਜੋ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ।

ਇਸ ਕਾਰਨ ਆਰਥਿਕ-ਸਮਾਜਿਕ ਪਾੜੇ ਦਿਨੋ-ਦਿਨ ਵੱਧ ਰਹੇ ਹਨ ਜੋ ਸਭ ਪੁਆੜਿਆਂ ਦੀ ਜੜ ਹਨ। ਇਨਾਂ ਪਾੜਿਆਂ ਨੂੰ ਦੂਰ ਕਰਨ ਲਈ ਲੋਕ-ਪੱਖੀ ਸ਼ਕਤੀਆਂ ਨੂੰ ਵਰਤਮਾਨ ਪੂੰਜੀਵਾਦ ਖ਼ਿਲਾਫ਼ ਸਾਂਝਾ ਮੋਰਚਾ ਬਣਾ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਜੇਕਰ ਇਨਾਂ ਸਮਾਜਵਾਦੀ ਆਗੂਆਂ ਅਤੇ ਦਲਿਤ-ਪੱਖੀ ਆਗੂਆਂ ਅਤੇ ਦੁਨੀਆ ਨੂੰ ਦਿੱਬ-ਦ੍ਰਿਸ਼ਟੀ ਨਾਲ ਦੇਖਣ ਵਾਲੇ ਲੋਕ-ਪੱਖੀ ਧਾਰਮਿਕ ਲੀਡਰਾਂ ਨੇ ਸਾਂਝੇ ਮੁੱਦਿਆਂ 'ਤੇ ਰਲ-ਮਿਲ ਕੇ ਸੰਘਰਸ਼ ਨਾ ਕੀਤਾ ਤਾਂ ਦੁਨੀਆ ਦੀ ਹਾਲਤ ਹੋਰ ਵੀ ਬਦਤਰ ਹੋ ਜਾਵੇਗੀ। ਇਸ ਸਭ ਵਾਸਤੇ ਇਨਾਂ ਆਗੂਆਂ ਦੀਆਂ ਮਾਰੂ ਦ੍ਰਿਸ਼ਟੀਆਂ ਅਤੇ ਆਪਸੀ ਪੁਆੜੇ ਹੀ ਜ਼ਿੰਮੇਵਾਰ ਹੋਣਗੇ ਅਤੇ ਇਤਿਹਾਸ ਇਨਾਂ ਨੂੰ ਕਦੇ ਵੀ ਮਾਫ਼ ਨਹੀਂ ਕਰੇਗਾ।

## ਸਿੱਖ ਭਾਈਚਾਰੇ ਵਿਰੁੱਧ ਪੰਜਾਬ

ਪੁਲਿਸ ਮੁਖੀ ਦੇ ਨਫਰਤ ਭਰੇ ਹਿੰਦੂਤਵੀ ਬਿਆਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਦੀ ਸਮੁੱਚੀ ਕਾਂਗਰਸ ਪਾਰਟੀ ਅਤੇ ਸਰਕਾਰ ਹੁਣ ਸਿੱਖ ਅੱਤਵਾਦ ਦਾ ਹਊਆ ਖੜਾ ਕਰ ਕੇ ਸਿੱਖ ਸ਼ਰਧਾਲੂਆਂ ਦੇ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨਾਂ ਵਿਚ ਅੜਿੱਕਾ ਪਾਉਣ ਉਤੇ ਉਤਾਰੂ ਹੋ ਗਏ।

ਪੁਲਿਸ ਮੁਖੀ ਨੂੰ ਸਿਆਸੀ ਬਿਆਨ ਦੇਣ ਦਾ ਕੋਈ ਅਧਿਕਾਰ ਨਹੀਂ ਅਤੇ ਕਰਤਾਰਪੁਰ ਸਾਹਿਬ ਲਾਂਘਾ ਵਰਗੇ ਅੰਤਰ-ਰਾਸ਼ਟਰੀ ਮਸਲੇ ਉਤੇ ਉਸ ਨੂੰ ਬੋਲਣ ਦਾ ਕੋਈ ਹੱਕ ਨਹੀਂ ਹੈ। ਪਹਿਲਾਂ ਹੀ ਪੰਜਾਬ ਪੁਲਿਸ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਸਿੱਖਾਂ ਨੂੰ ਤੰਗ ਕਰ ਰਹੀ ਹੈ। ਉਨਾਂ ਦੇ ਘਰਾਂ ਵਿਚ ਜਾ ਕੇ ਜਾਂਚ ਪੜਤਾਲ ਦੇ ਨਾਂ ਉਤੇ ਉਨਾਂ ਨੂੰ ਖੱਜਲ ਖੁਆਰ ਕਰ ਕੇ ਅਤੇ ਦਹਿਸ਼ਤ ਫੈਲਾ ਕੇ ਉਨਾਂ ਨੂੰ ਨਿਰ-ਉਤਸ਼ਾਹਤ ਕੀਤਾ ਜਾ ਰਿਹਾ ਹੈ।

ਕਰਤਾਰਪੁਰ ਸਾਹਿਬ ਤੋਂ ਲਿਆ ਰਹੇ ਪ੍ਰਸ਼ਾਦ ਨੂੰ ਕੁੱਤਿਆਂ ਤੋਂ ਸੁੰਘਾਇਆ ਜਾ ਰਿਹਾ ਹੈ। ਇਸ ਤਰਾਂ ਸਿੱਖ ਸ਼ਰਧਾਲੂਆਂ ਦੀ ਦੇਸ਼ ਪ੍ਰਤੀ ਵਫਾਦਾਰੀ ਦਾ ਕੋਝਾ ਅਤੇ ਟੇਢਾ ਟੈਸਟ ਲਿਆ ਜਾ ਰਿਹਾ ਹੈ।

ਇਸ ਇਕੱਠ ਵਿਚ ਭਾਈ ਅਸ਼ੋਕ ਸਿੰਘ ਬਾਗੜੀਆ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਪ੍ਰੋ. ਮਨਜੀਤ ਸਿੰਘ, ਸਾਬਕਾ ਐਸ ਜੀ ਪੀ ਸੀ ਮੈਂਬਰ ਅਮਰਿੰਦਰ ਸਿੰਘ, ਗੁਰਤੇਜ ਸਿੰਘ ਆਈ ਏ ਐਸ, ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਕਨਵੀਨਰ ਰਾਜਿੰਦਰ ਸਿੰਘ ਖਾਲਸਾ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਕਰਮਜੀਤ ਸਿੰਘ ਅਤੇ ਗੁਰਬਚਨ ਸਿੰਘ ਜਲੰਧਰ ਸ਼ਾਮਲ ਹੋਏ।

## ਦਰਸਨ ਸੰਧੂ ਨੂੰ ਮਾਰੂ ਹਥਿਆਰ ਦੇ ਦੋਸ...

ਇਸ ਘਟਨਾ ਤੋਂ ਬਾਅਦ ਇਸਨੇ ਇਸ ਘਟਨਾ ਦੀ ਕੋਈ ਮੁਆਫੀ ਨਹੀਂ ਮੰਗੀ ਤੇ ਉਲਟਾ ਸੁਪਰੀਮ ਕੌਂਸਲ ਮੈਂਬਰ ਖਾਸ ਕਰ ਜੋ ਇਸ ਨਾਲ ਚੋਣ ਲੜ ਰਹੇ ਹਨ , ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਤੇ ਇੱਕ ਹਰਜੀਤ ਸਿੰਘ ਜਿਹੜਾ ਇਸ ਨਾਲ ਇਸ ਘਟਨਾ ਦਾ ਭਾਗੀਦਾਰ ਸੀ ਨੇ ਕੋਰਟ ਨੂੰ ਇਹਦੇ ਬਾਰੇ ਲਿੱਖ ਕੇ ਦਿੱਤਾ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਇੰਨੇ ਪਵਿੱਤਰ ਅਹੁਦੇ ਤੇ ਬੈਠੇਹਨ ਅਤੇ ਅੰਮ੍ਰਿਤਧਾਰੀ ਹਨ, ਉਹ ਚਿੱਟੇ ਦਿਨ ਵਾਂਗ ਇੰਨਾ ਝੂਠ ਬੋਲ ਸਕਦੇ ਹਨ ਗੱਲ ਸਮਝ ਤੋਂ ਬਾਹਰ ਹੈ। ਇਹ ਤੇ ਇਹਦੇ ਸਾਰੇ ਸਾਥੀਕਹਿੰਦੇ ਹਨ ਕਿ ਇਸਨੇ ਵਾਰ ਸਵੈ ਰੱਖਿਆ ਲਈ ਕੀਤਾ। ਇਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਸੰਗਤ ਝੂਠ-ਸੱਚ ਸੱਭ ਜਾਣਦੀ ਹੈ।ਇਸਨੂੰ ਇੱਕੋ ਸੁਆਲ ਹੈ ਕਿ ਜੇ ਇਹ ਸਵੈ ਰੱਖਿਆ ਸੀ ਤਾਂ ਪੁਲਿਸ ਨੇ ਇਸਨੂੰ ਗ੍ਰਿਫਤਾਰ ਕਿਉਂ ਕੀਤਾ? ਜੇ ਸਵੈ ਰੱਖਿਆ ਸੀ ਤਾਂ ਸਜਾ ਕਿਉਂਹੋਈ?

ਭਾਈ ਜਸਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਆਪਣੇ ਨਿੱਜੀ ਮਸਲੇ ਗੱਲਬਾਤ ਨਾਲ ਨਹੀਂ ਨਜਿੱਠ ਸਕਦੇ ਉਹ ਗੁਰਦੂਆਰਾ ਪ੍ਰਬੰਧ ਯੋਗ ਨਹੀਂ। ਸੰਗਤ ਨੂੰ ਅਜਿਹੇ ਲੋਕਾਂ ਨੂੰ ਨਕਾਰਨਾ ਚਾਹੀਦਾ ਤਾਂ ਜੋ ਗੁਰਦੂਆਰਾ ਸਾਹਿਬ ਦੁਬਾਰਾ ਸਾਂਤੀ ਵਾਲਾ ਮਹੌਲ ਬਣਾਇਆ ਜਾ ਸਕੇ।ਦਰਸਨ ਸੰਧੂ ਇੱਕ ਬਹੁਤ ਹੀ ਹੌਲੀ ਕਿਸਮ ਤੇ ਝੂਠ ਬੋਲਨ ਵਾਲਾ ਵਿਅਕਤੀ ਹੈ। ਝਗੜਾ ਕਰਨਾ ਇਸਦੀ ਆਦਤ ਬਣ ਗਈ ਹੈ। ਵਿਦੇਸਾਂਵਿੱਚ ਆਏ ਨੂੰ ਇਸਨੂੰ 25 ਸਾਲ ਤੋਂ ਉੱਪਰ ਹੋ ਗਏ ਹਨ ਪਰ ਪੰਥ ਲਈ ਕੀਤਾ ਕੰਮ ਕਿਧਰੇ ਦਿੱਸਦਾ ਨਹੀਂ। ਇਸ ਦੇ ਉਲਟ ਪੰਥ ਲਈ ਕੰਮਕਰ ਰਹੀਆਂ ਸਖਸੀਅਤਾਂ ਦੇ ਅਕਸ ਵਿਗਾੜਨ ਲਈ ਝੂਠੀਆਂ ਕਹਾਣੀਆਂ ਘੜਦਾ ਹੈ। ਮੇਰੇ ਵਿਰੁੱਧ ਵੀ ਇਹ 20 ਸਾਲ ਤੋਂ ਝੂਠਾ ਪ੍ਰਚਾਰ ਕਰਦਾ ਰਿਹਾ , ਮੈਂ ਕਦੇ ਜੁਆਬਨਹੀਂ ਦਿੱਤਾ। ਪਰ ਮੈਂ ਹੁਣ ਸੰਗਤ ਨੂੰ ਇਸ ਬੰਦੇ ਦੀ ਅਸਲੀਅਤ ਦੱਸਨਾ ਚਾਹੁੰਦਾ ਹਾਂ ਕਿ ਇਹ ਕਿਵੇਂ ਲੋਕਾਂ ਨੂੰ ਗੁੰਮਰਾਹ ਕਰਦਾ ਹੈ ਅਜਿਹੇ ਬੰਦੇ ਜਿਸ ਸੰਸਥਾਂ ਵਿੱਚ ਜਾਣਗੇ ਝਗੜੇਝੰਬੇਲੇ ਹੀ ਖੜੇ ਕਰਨਗੇ। ਸਿੱਖ ਪੰਚਾਇਤ ਵਿੱਚ ਅਸੀਂ ਸਾਰਾ ਕੁੱਝ ਭੁਲਾ ਕੇ ਇਸਨੂੰ ਸਿੱਖ ਪੰਚਾਇਤ ਵਿੱਚ ਸਾਮਿਲ ਕਰ ਲਿਆ ਪਰ ਇਹਉਹਨਾਂ ਵਰਗਾ ਨਿਕਲਿਆ ਜਿਹੜੇ ਜਿਸ ਥਾਲੀ ਵਿੱਚ ਖਾਂਦੇ ਹਨ ਉਸ ਵਿੱਚ ਹੀ ਛੇਕ ਕਰਦੇ ਹਨ। ਗੁਰਦੂਆਰਾ ਸਾਹਿਬ ਫਰੀਮਾਂਟ ਦੀ ਸੰਗਤਨੂੰ ਅਪੀਲ ਹੈ ਕਿ ਇਹ ਖਾਲਸਾ ਬਾਸਾ ਤੋਂ ਸਦਾ ਲਈ ਛੁਟਕਾਰਾ ਪਾਉਣ ਲਈ ਸਿੱਖ ਪੰਚਾਇਤ ਦਾ ਸਾਥ ਦਿਉ

## ਭਾਜਪਾ ਨੇ ਵੋਟ ਦੇ ਲਈ ਗੰਗਾ...

ਜਦ ਇਹ ਲੋਕ ਵੋਟ ਦੇਣ ਲਈ ਜਾ ਰਹੇ ਸਨ ਤਦ ਲਗਾਤਾਰ ਉਨਾਂ ਨੂੰ ਗੰਗਾ ਦੀ ਖਸਮ ਦੀ ਯਾਦ ਦਿਵਾਈ ਗਈ ਤੇ ਪੋਲਿੰਗ ਬੂਥ ਵੜਨ ਦੇ ਸਮੇਂ ਜਾਂ ਬੂਥ ਦੇ ਬਾਹਰ ਜੈ ਸ੍ਰੀ ਰਾਮ ਦੇ ਨਾਅਰੇ ਲਗਾਏ ਗਏ ਤਾਂ ਕਿ ਵੋਟਰ ਭਟਕ ਨਾ ਸਕਣ ਤੇ ਆਪ ਪਾਰਟੀ ਨੂੰ ਵੋਟ ਦੇਣ ਦੀ ਥਾਂ ਭਾਜਪਾ ਨੂੰ ਵੋਟ ਦੇਣ। ਆਪ ਪਾਰਟੀ ਦੇ ਐਮ ਐਲ ਏ ਸੌਰਵ ਭਾਰਦਵਾਜ ਨੇ ਇਕ ਟੀਵੀ ਪ੍ਰੋਗਰਾਮ ਵਿਚ ਦੱਸਿਆ ਕਿ ਇਸ ਦੇ ਬਾਰੇ ਵਿਚ ਜਦ ਬੂਥ ਤੇ ਮੌਜੂਦ ਪੁਲੀਸ ਤੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਗਈ ਤਾਂ ਉਨਾਂ ਨੇ ਇਹ ਕਹਿ ਕੇ ਦਖਲਅੰਦਾਜ਼ੀ ਦੇਣ ਨੂੰ ਇਨਕਾਰ ਕੀਤਾ ਕਿ ਇਹ ਲੋਕ ਕਿਸੇ ਪਾਰਟੀ ਦੇ ਨਹੀਂ ਹਨ ਤੇ ਨਾ ਹੀ ਕਿਸੇ ਦਲ ਦੇ ਲਈ ਵੋਟ ਮੰਗ ਰਹੇ ਹਨ। ਚੋਣਾਂ ਦੌਰਾਨ ਜਿੱਥੇ ਵੀ ਆਪ ਪਾਰਟੀ ਦੀ ਰੈਲੀ ਨਿਕਲਦੀ ਸੀ, ਉੱਥੇ ਦਸ ਪੰਦਰਾਂ ਦੇ ਝੁੰਡ ਵਿਚ ਕੁਝ ਲੋਕ ਆਉਂਦੇ ਸਨ ਤੇ ਜੈ ਸ੍ਰੀ ਰਾਮ ਦੇ ਨਾਅਰੇ ਜ਼ੋਰ ਜ਼ੋਰ ਨਾਲ ਲਗਾਉਂਦੇ ਸਨ। ਸੌਰਵ ਨੇ ਦੱਸਿਆ ਕਿ ਜਦ ਇਹ ਵਾਰ-ਵਾਰ ਹੋਣ ਲੱਗਾ ਤਾਂ ਉਨਾਂ ਨੇ ਆਪ ਪਾਰਟੀ ਦੇ ਵਰਕਰਾਂ ਦੀਆਂ ਕਈ ਟੋਲੀਆਂ ਬਣਾਈਆਂ ਤੇ ਜਦ ਉਹ ਜੈ ਸ੍ਰੀ ਰਾਮ ਦੇ ਨਾਅਰੇ ਲਗਾਉਂਦੇ ਤਾਂ ਉਸ ਦੇ ਜਵਾਬ ਵਿਚ ਜੈ ਬਜਰੰਗ ਬਲੀ ਦੇ ਨਾਅਰੇ ਲਗਾਉਂਦੇ। ਭਾਜਪਾ ਦੇ ਇਸ ਫਿਰਕੂ ਪ੍ਰਚਾਰ ਕਾਰਨ ਭਾਜਪਾ ਦਾ ਵੋਟ ਸ਼ੇਅਰ ਵਧਿਆ ਹੈ, ਪਰ ਪੜੇ ਲਿਖੇ ਲੋਕਾਂ ਦਾ ਵੱਡਾ ਹਿੱਸਾ ਇਸ ਪ੍ਰਚਾਰ ਕਾਰਨ ਭਾਜਪਾ ਤੋਂ ਟੁੱਟ ਕੇ ਆਪ ਦੇ ਹੱਕ ਵਿਚ ਭੁਗਤਿਆ ਹੈ। ਨਾਮ ਨਾ ਛਾਪਣ ਦੀ ਸ਼ਰਤ ’ਤੇ ਇਕ ਆਗੂ ਨੇ ਕਿਹਾ ਕਿ ਸੰਘ ਦੇ ਪ੍ਰਚਾਰ ਦੇ ਪ੍ਰਭਾਵ ਅਧੀਨ ਗਰੀਬ ਤੇ ਸਵਰਨ ਜਾਤੀ ਦੇ ਲੋਕ ਜ਼ਿਆਦਾ ਆਏ। ਜੱਟ ਤੇ ਗੁੱਜਰ ਪ੍ਰਭਾਵੀ ਬਾਹਰੀ ਦਿੱਲੀ ਵਿਚ ਇਸ ਦਾ ਅਸਰ ਕਾਫੀ ਦਿਖਿਆ। ਨਾਲ ਹੀ ਪੂਰਬੀ ਤੇ ਪੂਰਬੀ ਤੇ ਉਤਰ ਪੂਰਬੀ ਦੀਆਂ ਧੱਕਾ ਸ਼ਾਹੀ ਕਲੋਨੀਆਂ ਵਿਚ ਇਸ ਪ੍ਰਚਾਰ ਨੇ ਰੰਗ ਦਿਖਾਇਆ। ਇਨਾਂ ਇਲਾਕਿਆਂ ਵਿਚ ਭਾਜਪਾ ਦੇ 8 ਵਿਚੋਂ 6 ਵਿਧਾਇਕ ਜਿੱਤੇ। ਇਸ ਪ੍ਰਚਾਰ ਦੇ ਪ੍ਰਭਾਵ ਵਿਚ ਜ਼ਿਆਦਾਤਰ ਉਹ ਲੋਕ ਆਏ ਜੋ ਭਾਜਪਾ ਸਮਰਥਕ ਹੋਣ ਦੇ ਬਾਅਦ ਇਸ ਚੋਣ ਵਿਚ ਆਪ ਦੇ ਹੱਕ ਵਿਚ ਭੁਗਤੇ। ਹਾਸ਼ੀਏ ’ਤੇ ਬੈਠੇ ਸਵਰਨ, ਜਾਟ ਤੇ ਗੁੱਜਰ ਸਮਾਜ ਦੇ ਲੋਕਾਂ ’ਤੇ ਵੀ ਨਿਸ਼ਚਿਤ ਤੌਰ ’ਤੇ ਵੀ ਆਪ ਦਾ ਅਸਰ ਹੋਇਆ। ਦਲਿਤ ਸਮਾਜ ਭਾਜਪਾ ਦੇ ਪ੍ਰਭਾਵ ਹੇਠ ਨਹੀਂ ਆਇਆ। ਪਰ ਸੁਆਲ ਉਠਦਾ ਹੈ ਕਿ ਚੋਣ ਕਮਿਸ਼ਨ ਨੇ ਆਪਣੀ ਭੂਮਿਕਾ ਕਿਉਂ ਨਹੀਂ ਨਿਭਾਈ। ਉਸ ਨੇ ਜ਼ਹਿਰੀਲੇ ਪ੍ਰਚਾਰ ਨੂੰ ਰੋਕਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਇਸ ਤੋਂ ਜ਼ਾਹਿਰ ਹੈ ਕਿ ਚੋਣ ਕਮਿਸ਼ਨ ਕਮਜ਼ੋਰ ਸਾਬਤ ਹੋਇਆ ਹੈ। ਪਰ ਦਿੱਲੀ ਦੇ ਵੋਟਰਾਂ ਦੇ ਧੰਨਵਾਦ ਕਰਨਾ ਬਣਦਾ ਹੈ ਕਿ ਉਨਾਂ ਨੇ ਨਫਰਤ ਦੀ ਰਾਜਨੀਤੀ ਨੂੰ ਸਵੀਕਾਰ ਨਹੀਂ ਕੀਤੀ। ਇਹ ਭਾਰਤ ਦੇ ਲੋਕਤੰਤਰ ਲਈ ਸ਼ੁੱਭ ਸੰਕੇਤ ਹੈ।




# ਪਾਠਕਾਂ ਦਾ ਨਜ਼ਰੀਆ

## ਭਾਰਤੀਸਿਆਸਤ ਦਾਅਪਰਾਧੀਕਰਨ

ਤਾਜ਼ਾ ਰਿਪੋਰਟਾਂ ਮੁਤਾਬਕ ਕਿੰਨੀ ਸ਼ਰਮ ਦੀ ਗੱਲ ਹੈ ਕਿ ਅੱਜ ਦੇ ਦਿਨ ਤਾਜ਼ਾ ਅੰਕੜਿਆਂ ਮੁਤਾਬਕ ਸਾਡੀ ਮੌਜੂਦਾ ਸੰਸਦ ਵਿੱਚ 43ਫੀਸਦੀ ਲੋਕ ਅਜਿਹੇ ਚੁਣ ਹੋ ਕੇ ਆਏ ਹੋਏ ਹਨ ਜਿਨਾਂ ਵਿਰੁੱਧ ਅੱਜ ਵੀ ਵੱਖ-ਵੱਖ ਸੂਬਿਆਂ ਦੀਆਂ ਵੱਖ-ਵੱਖ ਅਦਾਲਤਾਂ, ਹਾਈਕੋਰਟਾਂ ਤੇ ਸੁਪਰੀਮ ਕੋਰਟ ਵਿੱਚ ਕੇਸ ਚੱਲ ਰਹੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਉਸ ਵਕਤ ਸਿਆਣੇ ਅਤੇ ਦੇਸ਼ ਭਗਤ ਲੋਕਾਂ ਉੱਤੇ ਕੀ ਬੀਤੇਗੀ ਜਦੋਂ ਇਹ ਅੰਕੜਾ ਅੱਠ ਫੀਸਦੀ ਹੋਰ ਵਧ ਕੇ 51 ਫ਼ੀਸਦੀ ਹੋ ਜਾਵੇਗਾ।ਅੱਜ ਤਾਂ ਸਭ ਲੋਕ ਆਖ ਸਕਦੇ ਹਨ ਕਿ ਹਿੰਦੁਸਤਾਨ ਦੀ ਕੋਈ ਅਸੰਬਲੀ, ਸਣੇ ਸੰਸਦ ਦੇ ਅਪਰਾਧੀਆਂ ਤੋਂ ਮੁਕਤ ਨਹੀਂ ਹੈ। ਹਾਲਾਤ ਤਾਂ ਇੱਥੋਂ ਤੱਕ ਪੁੱਜ ਗਏ ਹਨ ਕਿ ਅਜੇ ਕੁਝ ਦਿਨ ਪਹਿਲਾਂ ਬਣੀ ਦਿੱਲੀ ਦੀ ਅਸੰਬਲੀ ਵੀ ਇਸ ਤੋਂ ਮੁਕਤ ਨਹੀਂ, ਕਿਉਂਕਿ ਕਿਹਾ ਜਾਂਦਾ ਹੈ ਕਿ ਉਸ ਵਿੱਚ ਵੀ ਦਰਜਨਾਂ ਅਪਰਾਧੀ ਚੋਣ ਜਿੱਤ ਕੇ ਆਏ ਹਨ।

ਪੀ ਬੀ ਨਰਸਿਮਾ ਰਾਓ ਸਰਕਾਰ ਵੇਲੇ ਬਣਾਈ ਗਈ ਐੱਨ ਐੱਨ ਵੋਹਰਾ ਕਮੇਟੀ ਨੇ ਇੱਕ ਬਹੁਤ ਹੀ ਵਿਸਫੋਟਕ ਰਿਪੋਰਟ ਬਣਾ ਕੇ ਸੰਬੰਧਤ ਸਰਕਾਰ ਨੂੰ ਸੌਂਪੀ ਸੀ, ਜਿਸ ਨੂੰ ਨਰਸਿਮਹਾ ਰਾਓ ਦੀ ਸਰਕਾਰ ਤਾਂ ਕੀ ਮੋਦੀ ਸਰਕਾਰ ਵੀ ਉਸ ਵਿਸਫੋਟਕ ਹਿੱਸੇ ਨੂੰ ਲੋਕਾਂ ਸਾਹਮਣੇ ਲਿਆਉਣ ਦੀ ਹਿੰਮਤ ਵੀ ਨਹੀਂ ਕਰ ਸਕੀ। ਇਹ ਕਮੇਟੀ 1993 ਵਿੱਚ ਮੁੰਬਈ ਧਮਾਕਿਆਂ ਤੋਂ ਬਾਅਦ ਬਣੀ ਸੀ। ਜਦ 1997 ਵਿੱਚ ਉਸ ਵੇਲੇ ਦੀ ਮੌਜੂਦਾ ਸਰਕਾਰ ਉੱਤੇ ਰਿਪੋਰਟ ਨੂੰ ਜਨਤਕ ਕਰਨ ਦਾ ਦਬਾਅ ਵਧਿਆ ਤਾਂ ਕੇਂਦਰ ਸਰਕਾਰ ਸੁਪਰੀਮ ਕੋਰਟ ਦੀ ਸ਼ਰਨ ਵਿੱਚ ਚਲੀ ਗਈ। ਅਖੀਰ ਸੁਪਰੀਮ ਕੋਰਟ ਨੇ ਦਲੀਲਾਂ ਸੁਣਨ ਤੋਂ ਬਾਅਦ ਸਹਿਮਤੀ ਦੇ ਦਿੱਤੀ ਕਿ ਅਦਾਲਤ ਮੌਜੂਦਾ ਸਰਕਾਰ ਨੂੰ ਜਨਤਕ ਕਰਨ ਲਈ ਮਜਬੂਰ ਨਹੀਂ ਕਰ ਸਕਦੀ।

ਹੁਣ ਦਾਗੀਆਂ ਬਾਰੇ ਜੋ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ, ਉਹ ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਕੁਮਾਰ ਉਪਧਿਆਏ ਨੇ ਦਾਇਰ ਕੀਤੀ ਸੀ ਜਿਸ ਉੱਤੇ ਜਸਟਿਸ ਆਰ ਐੱਫਨਰੀਮਨ ਅਤੇ ਐੱਸ ਰਵਿੰਦਰ ਭੱਟ ਦੇ ਬੈਂਚ ਨੇ ਆਦੇਸ਼ 25 ਸਤੰਬਰ 2018 ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਦੇ ਫ਼ੈਸਲੇ ਦਾ ਪਾਲਣ ਨਾ ਕੀਤੇ ਜਾਣ ਦੀ ਹੱਤਕ ਕਰਨ ਵਾਲੀ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਫੈਸਲਾ ਸੁਣਾਇਆ ਹੈ। ਯਾਦ ਰਹੇ ਕਿ ਉਨਾਂ ਪੰਜਾਂ ਜੱਜਾਂ ਦੇ ਬੈਂਚ ਵਿੱਚ ਜਸਟਿਸ ਨਾਰੀਮਨ ਵੀ ਸ਼ਾਮਲ ਸਨ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਸੁਪਰੀਮ ਕੋਰਟ ਦੇ ਆਦੇਸ਼ ਮੁਤਾਬਕ ਸਰਕਾਰ ਨੇ ਹਾਲੇ ਤੱਕ ਸਿਆਸਤ ਦੇ ਅਪਰਾਧੀਕਰਨ ਨੂੰ ਰੋਕਣ ਲਈ ਕੋਈ ਸਖ਼ਤ ਕਾਨੂੰਨ ਨਹੀਂ ਬਣਾਇਆ। ਦੂਜੇ ਪਾਸੇ ਚੋਣ ਕਮਿਸ਼ਨ ਨੇ ਵੀ ਉਮੀਦਵਾਰ ਦੇ ਅਪਰਾਧਕ ਬਿਊਰੋ ਨੂੰ ਪਾਰਟੀ ਦੀ ਵੈੱਬਸਾਈਟ ਉੱਤੇ, ਟੀ ਵੀ ਵਿੱਚ ਅਤੇ ਅਖ਼ਬਾਰ ਵਿੱਚ ਛਾਪਣ ਦੇ ਆਦੇਸ਼ ਦਾ ਪਾਲਣ ਨਹੀਂ ਕੀਤਾ। ਹੁਣ ਦੇ ਹੁਕਮਾਂ ਮੁਤਾਬਕ ਸਾਰੀਆਂ ਸਿਆਸੀ ਪਾਰਟੀਆਂ ਅਤੇ ਚੋਣ ਲੜਨ ਵਾਲਿਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਉਮੀਦਵਾਰਾਂ ਦੇ ਅਪਰਾਧੀ ਪਿਛੋਕੜ ਨੂੰ (ਜੇ ਕੋਈ ਹੋਵੇ) ਜਨਤਕ ਕਰਨ ਦੀ ਜ਼ਿੰਮੇਵਾਰੀ ਪਾਰਟੀਆਂ ਦੀ ਹੋਵੇਗੀ। ਉਨਾਂ ਲਈ ਇਹ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਜਿਨਾਂ ਨੂੰ ਟਿਕਟ ਦਿੱਤੀ ਗਈ ਹੈ, ਉਹ ਕਿਸ ਆਧਾਰ ਉੱਤੇ ਉਸ ਦਾ ਹੱਕਦਾਰ ਸੀ, ਜਾਂ ਹੈ।

ਹੁਣ ਦੇਖਣਾ ਇਹ ਹੈ ਕਿ ਸੁਪਰੀਮ ਕੋਰਟ ਦੀ ਸਖ਼ਤੀ ਮੁਤਾਬਕ ਸਰਕਾਰ ਕਿੰਨਾ ਕੁ ਅਮਲ ਕਰਦੀ ਹੈ, ਕੋਈ ਵੀ ਅਪਰਾਧੀ ਚੋਣ ਨਾ ਲੜ ਸਕੇ ਇਸ ਬਾਬਤ ਕਿਹੜੇ ਕਾਨੂੰਨ ਬਣਾਉਂਦੀ ਹੈ ਤੇ ਕਿਸ ਇਮਾਨਦਾਰੀ ਨਾਲ ਲਾਗੂ ਕਰਦੀ ਹੈ।

**ਐਡਵੋਕੇਟ ਗੁਰਮੀਤ ਸ਼ੁਗਲੀ**

## ਭਾਰਤ ਵਿਚ ਠੱਗੀ ਦਾ ਧੰਦਾ

ਭਾਰਤ ਵਿਚ ਅੱਜ ਠੱਗੀ ਮਾਰਨ ਵਾਸਤੇ ਕਿਸੇ ਨੂੰ ਕਤਲ ਕਰਨ ਦੀ ਜ਼ਰੂਰਤ ਨਹੀਂ ਹੈ। ਠੱਗ ਅਜਿਹੇ ਸਬਜ਼ਬਾਗ ਵਿਖਾਉਂਦੇ ਹਨ ਕਿ ਸ਼ਿਕਾਰ ਆਪਣੇ-ਆਪ ਪੈਸਿਆਂ ਦਾ ਢੇਰ ਲਗਾ ਦਿੰਦਾ ਹੈ। ਵੇਖਿਆ ਗਿਆ ਹੈ ਕਿ ਜਦੋਂ ਵੀ ਸਰਕਾਰ ਬਦਲਦੀ ਹੈ, ਠੱਗ ਸਰਗਰਮ ਹੋ ਜਾਂਦੇ ਹਨ। ਠੱਗਾਂ ਦੀ ਵੇਸ-ਭੂਸ਼ਾ ਸ਼ਿਕਾਰ ‘ਤੇ ਭਾਰੀ ਮਾਨਸਿਕ ਪ੍ਰਭਾਵ ਪਾਉਂਦੀ ਹੈ। ਸਰਕਾਰੀ ਨੌਕਰੀਆਂ ਦੀ ਭਰਤੀ ਵੇਲੇ ਵੀ ਲੋਕਾਂ ਨਾਲ ਠੱਗੀ ਵੱਜਦੀ ਹੈ। ਪੰਜਾਬ ਪੁਲਿਸ ਦੀ ਭਰਤੀ ਵੇਲੇ ਅਜਿਹੇ ਕਈ ਠੱਗ ਫੜੇ ਗਏ ਸਨ ਜੋ ਭਰਤੀ ਦੇ ਨਾਂ ‘ਤੇ ਅਨੇਕਾਂ ਉਮੀਦਵਾਰਾਂ ਤੋਂ ਪੈਸੇ ਲਈ ਬੈਠੇ ਸਨ। ਜੇ ਵੀਹ ਬੰਦਿਆਂ ਕੋਲੋਂ ਦਸ-ਦਸ ਲੱਖ ਲੈ ਲਿਆ ਤਾਂ ਦੋ ਕਰੋੜ ਹੋ ਗਏ। ਵੀਹਾਂ ‘ਚੋਂ ਪੰਜ ਬੰਦੇ ਤਾਂ ਆਪਣੀ ਹਿੰਮਤ ਨਾਲ ਭਰਤੀ ਹੋ ਹੀ ਜਾਂਦੇ ਹਨ। ਪੰਜਾਹ ਲੱਖ ਦੀ ਆਮਦਨ ਹੋ ਗਈ। ਬਾਕੀਆਂ ਦੇ ਪੈਸੇ ਹੱਥ ਜੋੜ ਕੇ ਵਾਪਸ ਕਰ ਦਿੰਦੇ ਹਨ ਤਾਂ ਕਿ ਕੋਈ ਰੌਲਾ-ਗੌਲਾ ਨਾ ਪਵੇ। ਇਸੇ ਤਰਾਂ ਫ਼ੌਜ ਦੀ ਭਰਤੀ ਵਿਚ ਹੋ ਰਿਹਾ ਹੈ। ਕੈਨੇਡਾ, ਅਮਰੀਕਾ ਦਾ ਵੀਜ਼ਾ ਲਗਵਾਉਣ ਵਾਲੇ ਵੀ ਇਸੇ ਤਰਾਂ ਕਰਦੇ ਹਨ। ਇਕ ਬੰਦੇ ਦਾ ਪੰਜਾਹ ਲੱਖ ਲੈਂਦੇ ਹਨ। ਵੀਹਾਂ ‘ਚੋਂ ਦੋ ਬੰਦਿਆਂ ਦਾ ਵੀਜ਼ਾ ਤਾਂ ਲੱਗ ਹੀ ਜਾਣਾ ਹੁੰਦਾ ਹੈ। ਬਣ ਗਿਆ ਕਰੋੜ ਰੁਪਿਆ।

ਆਨਲਾਈਨ ਠੱਗੀ ਨੇ ਤਾਂ ਲੋਕਾਂ ਦਾ ਜਿਊਣਾ ਹਰਾਮ ਕਰ ਦਿੱਤਾ ਹੈ। ਦਿਨ ਵਿਚ ਦੋ-ਤਿੰਨ ਫੋਨ ਆ ਹੀ ਜਾਂਦੇ ਹਨ ਕਿ ਤੁਹਾਡਾ ਅਕਾਊਂਟ ਬੰਦ ਹੋਣ ਵਾਲਾ ਹੈ, ਤੁਰੰਤ ਮੋਬਾਈਲ ‘ਤੇ ਆਇਆ ਓਪੀਟੀ ਨੰਬਰ ਦੱਸੋ। ਤੁਹਾਡੇ ਵੱਲੋਂ ਓਟੀਪੀ ਦੱਸਣ ‘ਤੇ ਖਾਤਾ ਸਾਫ਼ ਹੋ ਜਾਂਦਾ ਹੈ। ਪਿੱਛੇ ਜਿਹੇ ਤਾਂ ਬਿਹਾਰ ਦੇ ‘ਮਹਾਨ’ ਠੱਗਾਂ ਨੇ ਸਾਡੀ ਇਕ ਮਹਿਲਾ ਐੱਮਪੀ ਦੇ ਹੀ 25-30 ਲੱਖ ਰੁਪਏ ਉਡਾ ਲਏ ਸਨ।

ਹੁਣ ਤਾਂ ਭਾਰਤ ਵਿਚ ਸਰਕਾਰਾਂ ਅਤੇ ਬੈਂਕਾਂ ਦੀ ਕਿਰਪਾ ਨਾਲ ਠੱਗੀ ਮਾਰਨੀ ਬਹੁਤ ਆਸਾਨ ਹੋ ਗਈ ਹੈ। ਕਿਸੇ ਗ਼ਰੀਬ ਨੂੰ 5000 ਰੁਪਏ ਕਰਜ਼ਾ ਦੇਣ ਲਈ 500 ਦਸਤਾਵੇਜ਼ ਅਤੇ ਜ਼ਮੀਨ-ਮਕਾਨ ਗਿਰਵੀ ਰਖਵਾਉਣ ਵਾਲੇ ਬੈਂਕਾਂ ਨੇ ਵਿਜੇ ਮਾਲਿਆ, ਨੀਰਵ ਮੋਦੀ ਅਤੇ ਮੇਹੁਲ ਚੌਕਸੀ ਨੂੰ ਬਿਨਾਂ ਕਿਸੇ ਗਾਰੰਟੀ ਦੇ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਦੇ ਦਿੱਤਾ। ਉਹ ਦੇਸ਼ ਨੂੰ ਲੁੱਟ-ਪੁੱਟ ਕੇ ਹੁਣ ਵਿਦੇਸ਼ਾਂ ਵਿਚ ਮੌਜਾਂ ਮਾਣ ਰਹੇ ਹਨ। ਉਨਾਂ ਜਿੰਨੇ ਪੈਸੇ ਤਾਂ ਠੱਗਾਂ ਨੇ 650 ਸਾਲਾਂ ਵਿਚ ਨਹੀਂ ਲੁੱਟੇ ਹੋਣੇ। ਦੋ ਲੱਖ ਰੁਪਏ ਦੇ ਕਰਜ਼ੇ ਪਿੱਛੇ ਸੈਂਕੜੇ ਕਿਸਾਨਾਂ ਨੂੰ ਜੇਲ ਭੇਜਣ ਵਾਲੇ ਬੈਂਕ ਅਜੇ ਤਕ ਮਾਲਿਆ ਵਰਗਿਆਂ ਦੀ ਹਵਾਲਗੀ ਨਹੀਂ ਕਰਵਾ ਸਕੇ। ਚਿੱਟ ਫੰਡ ਕੰਪਨੀਆਂ ਵੀ ਅਰਬਾਂ-ਖ਼ਰਬਾਂ ਠੱਗੀ ਬੈਠੀਆਂ ਹਨ। ਸ਼ਾਰਦਾ, ਪਰਲਜ਼ ਅਤੇ ਸਹਾਰਾ ਆਦਿ ਦੇ ਮਾਲਕ ਲੱਖਾਂ ਕਰੋੜ ਰੁਪਏ ਠੱਗ ਕੇ ਆਰਾਮ ਨਾਲ ਬੈਠੇ ਹਨ। ਸਹਾਰਾ ਦੇ ਚੇਅਰਮੈਨ ਸੁਬਰਤੋ ਰਾਏ ਨੂੰ ਕਈ ਸਾਲ ਜੇਲ ਵਿਚ ਰੱਖ ਕੇ ਵੀ ਸੁਪਰੀਮ ਕੋਰਟ ਉਸ ਕੋਲੋਂ ਪੈਸੇ ਵਾਪਸ ਨਹੀਂ ਕਰਵਾ ਸਕੀ। ਠੱਗੀ ਦਾ ਧੰਦਾ ਉਦੋਂ ਤਕ ਖ਼ਤਮ ਨਹੀਂ ਹੋ ਸਕਦਾ ਜਦੋਂ ਤਕ ਲੋਕ ਜਾਗਰੂਕ ਨਹੀਂ ਹੁੰਦੇ। ਜਿੰਨੀ ਦੇਰ ਲੋਕ ਆਸਾਨ ਕਮਾਈ ਦੇ ਝਾਂਸੇ ਵਿਚ ਫਸਦੇ ਰਹਿਣਗੇ, ਠੱਗਾਂ ਦਾ ਧੰਦਾ ਇਸੇ ਤਰਾਂ ਵੱਧਦਾ-ਫੁੱਲਦਾ ਰਹੇਗਾ। ਐਨੀਆਂ ਠੱਗੀਆਂ ਹੋਣ ਦੇ ਬਾਵਜੂਦ ਜੇ ਅੱਜ ਵੀ ਕੋਈ ਨਵੀਂ ਚਿੱਟ ਫੰਡ ਕੰਪਨੀ ਖੁੱਲ ਜਾਵੇ ਤਾਂ ਲੋਕ ਦਿਨਾਂ ਵਿਚ ਉਸ ਦੇ ਖ਼ਜ਼ਾਨੇ ਭਰਪੂਰ ਕਰ ਦੇਣਗੇ।

**ਬਲਰਾਜ ਸਿੱਧੂ ਐੱਸਪੀ**
**ਮੋਬਾਈਲ ਨੰ. : 95011-00062**

## ਪੰਜਾਬ ਵਿਚ ਸਿਖਾਂ ਦਾ ਈਸਾਈਕਰਨ

ਅੱਜ ਕੱਲ ਪੰਜਾਬ ਵਿੱਚ ਸਿੱਖਾਂ ਦੇ ਇਸਾਈ ਧਰਮ ਵਿੱਚ ਕਨਵਰਸ਼ਨ ਹੋਣ ਦਾ ਕਾਫੀ ਚਰਚਾ ਹੈ ।ਸਭ ਤੋਂ ਵੱਧ ਧਰਮ ਬਦਲਣ ਦਾ ਜ਼ੋਰ ਰੰਘਰੇਟੇ ਸਿੱਖਾਂ ਵਿੱਚ ਜੋ ਕਦੀ ਸਿੱਖਾਂ ਵਿੱਚ ਬਹੁਤ ਹੀ ਅਹਿਮ ਜੁਝਾਰੂ ਧਿਰ ਹੋਇਆ ਕਰਦੀ ਸੀ ।ਮੈਨੂੰ ਇੱਕ ਮੇਰੇ ਦੋਸਤ ਨੇ ਰੋਸ ਜ਼ਾਹਿਰ ਕੀਤਾ ਕਿ ਬਾਹਰਲੇ ਸਿੱਖ ਕਿਉਂ ਨਹੀਂ ਇਸ ਉਪਰ ਬੋਲ ਰਹੇ। ਮੈਨੂੰ ਇਹ ਸਮਝ ਨਹੀਂ ਲੱਗੀ ਕਿ ਬਾਹਰਲੇ ਸਿੱਖਾਂ ਦਾ ਸੋਸ਼ਲ ਮੀਡੀਆ ਤੇ ਬੋਲਣ ਨਾਲ ਇਹ ਮੁੱਦਾ ਹੱਲ ਹੋਜੂ ।ਅਸੀਂ ਗੋਰਿਆਂ ਜਾਂ ਹੋਰ ਕਿਸੇ ਨੂੰ ਆਪਣੇ ਧਰਮ ਵਿੱਚ ਪਾਉਣ ਤੋਂ ਰੋਕ ਸਕਦੇ ਹਾਂ । ਇਹ ਮਸਲਾ ਤਾਂ ਧਰਾਤਲ ਤੇ ਕੰਮ ਕਰਨ ਨਾਲ ਹੀ ਹੱਲ ਹੋਣਾ ਆ ।ਇਸ ਦੇ ਕਾਰਨ ਸਾਡੇ ਸਮਾਜਿਕ ਤਾਣੇ ਬਾਣੇ ਵਿੱਚ ਹੀ ਨੇ ਅਸੀਂ ਗੁਰੂ ਸਾਹਿਬ ਦੇ ਦਿੱਤੇ ਬਰਾਬਰੀ ਦੇ ਸਿਧਾਂਤ ਤੇ ਕਿੰਨਾ ਕੁ ਪਹਿਰਾ ਦਿੱਤਾ ਹੈ। ਪਿੰਡਾਂ ਵਿੱਚ ਜੋ ਜ਼ਿਆਦਾਤਰ ਗੁਰਦੁਆਰੇ ਨੇ ਉਸ ਦੇ ਇੱਕ ਭਾਈਚਾਰੇ ਦਾ ਹੀ ਬੋਲਬਾਲਾ ਹੈ ।ਕਈ ਵਾਰ ਤਾਂ ਇਨਾਂ ਸਿੱਖਾਂ ਨੂੰ ਵਿਆਹ ਸ਼ਾਦੀ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈਣ ਵਿਚ ਵੀ ਮੁਸ਼ਕਿਲ ਆਉਂਦੀ ਹੈ। ਇਨਾਂ ਕੋਲ ਕੋਈ ਵੀ ਆਪਣਾ ਗੁਰਦੁਆਰਾ ਜਾਂ ਧਾਰਮਿਕ ਸਥਾਨ ਨਹੀਂ ਜਿਥੇ ਇਹ ਮਿਲ ਬੈਠ ਸਕਣ ।ਹੁਣ ਜੇ ਇਸਾਈ ਧਰਮ ਵਾਲੇ ਇਨਾਂ ਨੂੰ ਚਰਚ ਬਣਾ ਕੇ ਦਿੰਦੇ ਨੇ ਤੇ ਉਧਰ ਨੂੰ ਇਨਾਂ ਦਾ ਝੁਕਾਅ ਹੋਣਾ ਕੁਦਰਤੀ ਹੈ।

ਬਾਕੀ ਸਟੇਟ ਤਾਂ ਚਾਹੇਗੀ ਹੀ ਕੀ ਪੰਜਾਬ ਵਿੱਚ ਸਿੱਖਾਂ ਦੀ ਘੱਟ ਗਿਣਤੀ ਹੋ ਜਾਵੇ ਤਾਂ ਇਨਾਂ ਨੂੰ ਕਾਬੂ ਕਰਨਾ ਸੌਖਾ ਹੋਊ ।ਅਸੀਂ ਜਾਤ ਪਾਤ ਖ਼ਤਮ ਕਰਨ ਦਾ ਤਾਂ ਰੌਲਾ ਪਾਉਂਦੇ ਹਾਂ ਪਰ ਗੁਰੂ ਸਾਹਿਬ ਦੇ ਦਿੱਤੇ ਸਿਧਾਂਤ ਸਮਾਜਿਕ ਬਰਾਬਰੀ ਤੇ ਕਿੰਨਾ ਕੁ ਪਹਿਰਾ ਦਿੰਦੇ ਹਾਂ।

ਇਸ ਮਸਲੇ ਦੇ ਫੌਰੀ ਹੱਲ ਲਈ ਸਾਨੂੰ ਇਨਾਂ ਸਿੱਖਾਂ ਵਿਚੋਂ ਹੀ ਪ੍ਰਚਾਰਕ ਪੈਦਾ ਕਰਨੇ ਚਾਹੀਦੇ ਹਨ ਜੋ ਆਪਣੇ ਭਾਈਚਾਰੇ ਦੇ ਦੁੱਖ ਸੁੱਖ ਸਮਝਦੇ ਹੋਣ ।ਦੂਸਰਾ ਇਨਾਂ ਲਈ ਗੁਰਦੁਆਰਾ ਸਾਹਿਬ ਬਣਾ ਕੇ ਦੇਣੇ ਜਿੱਥੇ ਇਹ ਭਾਈਚਾਰਾ ਵੀ ਆਪਸ ਵਿੱਚ ਮਿਲ ਬੈਠ ਕੇ ਆਪਣੀ ਗੱਲ ਕਰ ਸਕਣ। ਹੋ ਸਕਦੈ ਬਹੁਤ ਸਾਰੇ ਸਿਖ ਮੇਰੀ ਗੱਲ ਨਾਲ ਸਹਿਮਤ ਨਾ ਹੋਣ ।ਇਸ ਨੂੰ ਜਾਤ ਪਾਤ ਦੇ ਅਧਾਰ ਤੇ ਗੁਰਦੁਆਰਾ ਵੀ ਕਹਿਣਗੇ ਪਰ ਹਰੇਕ ਕਮਿਊਨਿਟੀ ਦੇ ਆਪਣੇ ਦੁੱਖ ਸੁੱਖ ਹੁੰਦੇ ਨੇ ਪਰ ਦੋਸਤੋ ਜਾਤ ਪਾਤ ਖ਼ਤਮ ਕਰਨ ਦੀ ਗਲ ਦੇ ਨਾਲ ਨਾਲ ਸਮਾਜਿਕ ਬਰਾਬਰਤਾ ਦੇ ਗੁਰੂ ਸਾਹਿਬ ਦੇ ਦਿੱਤੇ ਸਿਧਾਂਤ ਤੇ ਪਹਿਰਾ ਦੇਣਾ ਚਾਹੀਦਾ ਹੈ। ਜੇ ਅਸੀਂ ਸਮਾਜ ਵਿੱਚ ਬਰਾਬਰਤਾ ਲੈ ਆਂਦੀ ਤਾਂ ਜਾਤ ਪਾਤ ਦੇ ਬੰਧਨ ਆਪੇ ਟੁੱਟ ਜਾਣਗੇ। ਫੌਰੀ ਹੱਲ ਲਈ ਇਸ ਭਾਈਚਾਰੇ ਵਿੱਚੋਂ ਵੱਧ ਤੋਂ ਵੱਧ ਪ੍ਰਚਾਰਕ ਪੈਦਾ ਕਰਨੇ ਚਾਹੀਦੇ ਹਨ ।ਜੇ ਹੋ ਸਕਦਾ ਹੋਵੇ ਤਾਂ ਗੁਰਦੁਆਰਾ ਸਾਹਿਬ ਵੀ ਬਣਾ ਦੇਣੇ ਚਾਹੀਦੇ ਹਨ ਏਹ ਸਿਰਫ ਸ਼ੁਰੂਆਤ ਹੀ ਹੈ ਤੇ ਇਸ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ।

**ਕੇ ਐਸ ਚੱਠਾ ਅਮਰੀਕਾ**

## ਨਹੀਂ ਲੱਭਣੇ ਲਾਲ ਗੁਆਚੇ

'ਤੁਸੀਂ ਅੰਮ੍ਰਿਤਸਰ ਜਾਕੇ ਦੇਖਿਆ ? ਬੋਨੂੰ ਕਿਵੇਂ ਪਤਾ ਲੱਗਾ ?'

'ਜੀ ਅਸੀਂ ਤਾਂ ਅੰਬਰਸਰ ਦੇਖਣ ਚੱਲੇ ਆਂ'

' ਦਰਬਾਰ ਸਾਹਬ ਤੇ ਕੋਈ ਅਟੈਕ ਨੀ ਕੀਤਾ, ਹਾਂ ਫੌਜ ਜਰੂਰ ਆਸੇ ਪਾਸੇ ਲੱਗੀ ਆ' ਬ੍ਰਗੇਡੀਅਰ ਨੇ ਹੱਸਕੇ ਕਿਹਾ।

'ਅਸੀਂ ਤਾਂ ਸੁਣਿਆ ਸੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਤੇ ਓਨਾ ਦੇ ਸਾਥੀ ਸ਼ਹੀਦ ਕਰ ਦਿੱਤੇ'

'ਏਹ ਸਾਰੀ ਅਫਵਾਹ ਏ, ਸੰਤ ਭਿੰਡਰਾਂ ਵਾਲੇ ਹਰੀ ਕੈਮ ਨੇ, ਨਾਲੇ ਓਨਾ ਨੂੰ ਕੌਣ ਮਾਰਨ ਵਾਲਾ ਜੰਮਿਆਂ' ਬ੍ਰਗੇਡੀਅਰ ਦੇ ਮੂੰਹੋਂ ਸੁਣਕੇ ਕਿ ਹਮਲਾ ਨਹੀਂ ਹੋਇਆ ਅਫਵਾਹ ਹੈ ਤਾਂ ਸਾਰੇ ਖੁਸ਼ ਹੋ ਗਏ।

'ਬੋਲੇ ਸੋ ਨਿਹਾਲ' ਸਾਰਿਆ ਨੇ ਜੈਕਾਰੇ ਛੱਡੇ। ਬ੍ਰਗੇਡੀਅਰ ਨੇ ਵੀ ਨਾਲ ਹੀ ਜੈਕਾਰਾ ਛੱਡਿਆ।

'ਹੁਣ ਮੇਰੇ ਨਾਲ ਜਾਣ ਨੂੰ ਤਿਆਰ ਹੋ?' ਬ੍ਰਗੇਡੀਅਰ ਨੇ ਪੁੱਛਿਆ।

'ਜੀ ਕਿੱਥੇ'

'ਅੰਮ੍ਰਿਤਸਰ ਦੇਖਣ ਜਾ ਕੇ ਦੇਖੋ ਦਰਬਾਰ ਸਾਹਬ ਠੀਕ ਠਾਕ ਹੈ ਕਿ ਨਹੀਂ' ਬ੍ਰਗੇਡੀਅਰ ਨੇ ਕਿਹਾ ਤਾਂ ਸਾਰਿਆਂ ਦੇ ਮੂੰਹਾਂ ਤੇ ਲਾਲੀ ਆ ਗਈ ਸਾਰੇ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾ ਨੂੰ ਬੇ-ਤਾਬ ਸਨ ਸੋਚ ਰਹੇ ਸਨ ਕਿ ਜੇ ਕੋਈ ਗੁੜ ਦਿੱਤੇ ਮਰਦਾ ਤਾਂ ਜ਼ਹਿਰ ਦੇਣ ਦੀ ਕੀ ਲੋੜ ?

'ਠੀਕ ਆ ਜੀ ਸਾਨੂੰ ਅੰਬਰਸਰ ਦੇ ਦਰਸ਼ਨ ਕਰਾਵੋ' ਬਿੱਕਰ ਸਿੰਘ ਨੇ ਕਿਹਾ।

'ਸਾਹਬ ਫਾਲਨ ਕਰੋ' ਬ੍ਰਗੇਡੀਅਰ ਨੇ ਸੂਬੇਦਾਰ ਨੂੰ ਕਿਹਾ ਆਰ ਐਚ ਐਮ ਨੇ ਸੀਟੀ ਮਾਰੀ ਸਾਰੇ ਫੌਜੀ ਇਕੱਠੇ ਹੋ ਗਏ। ਬ੍ਰਗੇਡੀਅਰ ਨੇ ਅਪਰੇਟਰ ਨੂੰ ਇਸ਼ਾਰਾ ਕੀਤਾ ਉਸਨੇ ਵਾਇਰਲੈਸ ਕਰ ਦਿੱਤੀ ਫੌਜੀ ਗੱਡੀਆਂ ਆ ਗਈਆਂ ਸਾਰਿਆਂ ਨੂੰ ਗੱਡੀਆਂ ਵਿੱਚ ਬਿਠਾ ਕੇ ਮੋਗੇ ਫੌਜੀ ਯੂਨਿਟ ਵਿੱਚ ਲੈ ਗਏ।

'ਸਾਰੇ ਸਾਹਮਣੇ ਵਾਲੀ ਬੈਰਕ ਮੇਂ ਬੈਠੋ' ਯੂ ਪੀ ਦੇ ਹਿੰਦੂ ਕੈਪਟਨ ਨੇ ਕਿਹਾ। ਸਾਰੇ ਫੌਜੀ ਗੱਡੀਆਂ ਵਿੱਚੋਂ ਉੱਤਰ ਕੇ ਬੈਰਕ ਵਿੱਚ ਚਲੇ ਗਏ ਅਤੇ ਮੰਜਿਆਂ ਤੇ ਬੈਠ ਗਏ। ਦਸਾਂ ਕੁ ਮਿੰਟਾਂ ਵਿੱਚ ਪੰਜ ਛੇ ਹੌਲਦਾਰ ਤੇ ਦੋ ਸੂਬੇਦਾਰ ਆ ਗਏ ਇਹ ਸਾਰੇ ਹੀ ਡੋਗਰੇ ਸਨ ਉਹਨਾ ਨੇ ਹੁਕਮ ਦਿੱਤਾ-

'ਸਾਰੇ ਏਕ ਲਾਈਨ ਮੇਂ ਖੜੇ ਹੋ ਜਾਵੋ ਔਰ ਅਪਨੇ ਅਪਨੇ ਹਥਿਆਰ ਜਮਾਂ ਕਰਵਾਵੋ'

'ਕਿਓਂ' ਬਿੱਕਰ ਨੇ ਅਜੀਬ ਹੁਕਮ ਸੁਣਕੇ ਪੁੱਛਿਆ।

'ਅੰਮ੍ਰਿਤਸਰ ਦੇਖ ਕਰ ਜਾਤੇ ਵਕਤ ਆਪੇ ਅਪਨੇ ਹਥਿਆਰ ਲੇਤੇ ਜਾਨਾ' ਡੋਗਰੇਨੇ ਕਿਹਾ ਸਾਰੇ ਇੱਕ ਦੂਜੇ ਤੋਂ ਅੱਗੇ ਹੋ ਕੇ ਛੇਤੀ ਛੇਤੀ ਹਥਿਆਰ ਜਮਾਂ ਕਰਵਾਉਣ ਲੱਗ ਪਏ! ਬੈਰਕ ਦੇ ਸਾਹਮਣੇ ਪ੍ਰੇਡ ਗ੍ਰਾਂਊਂਡ ਸੀ ਉਸ ਵਿੱਚ ਬ੍ਰਗੇਡੀਅਰ ਕੁਲਦੀਪ ਸਿੰਘ ਇੱਕ ਜਰਨਲ ਤੇ ਇੱਕ ਬ੍ਰਗੇਡੀਅਰ ਨਾਲ ਬਹਿਸ ਰਿਹਾ ਸੀ। ਪਰ ਇਹਨਾ ਨੂੰ ਆਵਾਜ਼ ਸੁਣਾਈ ਨਹੀਂ ਸੀ ਬੱਸ ਚਿਹਰੇ ਦੇ ਹਾਵ ਭਾਵ ਤੋਂ ਸਮਝ ਰਹੇ ਸਨ ਕਿ ਉਹ ਅਫਸਰਾਂ ਨਾਲ ਲੜ ਰਿਹਾ ਸੀ ਆਖਰ ਉਹ ਗੁੱਸੇ ਹੋ ਕੇ ਚਲਾ ਗਿਆ। ਸੀਟੀ ਮਾਰਕੇ ਸਾਰਿਆਂ ਨੂੰ ਗੱਡੀਆਂ ਵਿੱਚ ਬਿਠਾ ਦਿੱਤਾ। ਡਰਾਈਵਰਾਂ ਦੇ ਨਾਲ ਇੱਕ ਇੱਕ ਅਫਸਰ ਸੀ। ਗੱਡੀਆਂ ਅੰਮ੍ਰਿਤਸਰ ਰੋਡ ਤੇ ਪਾ ਲਈਆਂ ਸਾਰਿਆਂ ਨੇ ਸੱਤਨਾਮ ਵਹਿਗੁਰੂ ਕਿਹਾ। ਮੂੰਹਾਂ ਤੇ ਲਾਲੀ ਸੀ, ਦਰਬਾਰ ਸਾਹਿਬ ਦੇਖਣ ਨੂੰ ਕਾਹਲੇ ਸਨ। ਸਾਰੇ ਵਹਿਗੁਰੂ ਦਾ ਜਾਪ ਕਰ ਰਹੇ ਸਨ। ਪਰ ਉਦੋਂ ਹੈਰਾਨ ਹੋ ਗਏ ਜਦੋਂ ਰਸਤੇ ਵਿੱਚੋਂ ਗੱਡੀਆਂ ਜ਼ੀਰੇ ਸ਼ਹਿਰ ਵੱਲ ਨੂੰ ਹੋ ਤੁਰੀਆਂ ਪਰ ਇਹਨਾ ਨੇ ਸੋਚਿਆ ਸ਼ਾਇਦ ਰਾਹ ਖਰਾਬ ਹੋਵੇਗਾ। ਪਰ ਉਦੋਂ ਹੱਥਾਂ ਦੇ ਤੋਤੇ ਉੱਡ ਗਏ ਜਦੋਂ ਟਰੱਕ ਜ਼ੀਰੇ ਤੋਂ ਅੰਮ੍ਰਿਤਸਰ ਦੀ ਬਜਾਏ ਬਠਿੰਡੇ ਵਾਲੀ ਸੜਕ ਤੇ ਪਾ ਲਏ!

'ਭਰਾਵੋ ਆਪਣੇ ਨਾਲ ਬ੍ਰਗੇਡੀਅਰ ਧੋਖਾ ਕਰ ਗਿਆ!' ਸੂਬੇਦਾਰ ਨੇ ਕਿਹਾ।

'ਆਪਾਂ ਤਾਂ ਸਿੱਖ ਕਰਕੇ ਭਰੋਸਾ ਕੀਤਾ ਸੀ ਆਪਾਂ ਨੂੰ ਕੀ ਪਤਾ ਸੀ ਕਿ ਸਾਬਤ ਸੂਰਪ ਸਿੱਖ ਹੋਕੇ ਧੋਖਾ ਕਰੂਗਾ' ਹਰਦੇਵ ਨੇ ਕਿਹਾ।

'ਸੋਚ ਓ ਆਪਣੀ ਖਾਤਰ ਲੜ ਤਾਂ ਰਿਹਾ ਸੀ, ਤੇ ਓਦੀ ਚੱਲੀ ਨਾ ਹੋਵੇ ਤੇ ਗੁੱਸੇ ਹੋ ਕੇ ਚਲਾ ਗਿਆ' ਸੂਬੇਦਾਰ ਨੇ ਕਿਹਾ। ਦਿਨ ਭਰ ਗੱਡੀਆਂ ਚਲਦੀਆਂ ਰਹੀਆਂ ਰਾਹ ਵਿੱਚ ਕਿਤੇ ਵੀ ਨਹੀਂ ਰੋਕੀਆਂ। ਸ਼ਾਮ ਨੂੰ ਗੱਡੀਆਂ ਸੂਰਤ ਗੜ ਪਹੁੰਚ ਗਈਆਂ। ਉੱਥੇ ਪਹਿਲਾਂ ਹੀ ਇੱਕ ਵੱਡੀ ਬੈਰਕ ਦੁਆਲੇ ਹਥਿਆਰ ਬੰਦ ਫੌਜੀਆਂ ਦਾ ਘੇਰਾ ਸੀ! ਸਾਰੇ ਸਮਝ ਗਏ ਕਿ ਅੰਮ੍ਰਿਤਸਰ ਦੇ ਦਰਸ਼ਨਾ ਦਾ ਬਹਾਨਾ ਲਾਕੇ ਸਾਨੂੰ ਕੈਦ ਕਰ ਲਿਆ ਗਿਆ ਹੈ, ਚਾਹੇ ਸਾਨੂੰ ਕੈਦ ਕਰਨ ਜਾਂ ਗੋਲੀਆਂ ਮਾਰਕੇ ਮਾਰ ਦੇਣ!

## ਤੂੰ ਸ਼ਾਹੀਂ ਹੈਂ, ਤੇਰੀ ਫਿਤਰਤ...

ਇਸ ਕਾਨੂੰਨ ਨੇ ਲੋਕਾਂ ਵਿੱਚ ਹਲਚਲ ਮਚਾ ਦਿੱਤੀ ਹੈ। ਲੋਕ ਆਪ ਮੁਹਾਰੇ ਸੜਕਾਂ ਉੱਤੇ ਉੱਤਰ ਆਏ। ਕਿਸੇ ਨੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਆਪਣੇ ਪੋਸਟਰ ਉੱਤੇ ਲਿਖ ਲਿਆ ਤੇ ਕਿਸੇ ਨੇ ਇਨਕਲਾਬ ਜ਼ਿੰਦਾਬਾਦ, ਕਿਸੇ ਨੇ ਫ਼ੈਜ਼ ਅਹਿਮਦ ਫ਼ੈਜ਼ ਦੀ ਕਵਿਤਾ ਤੇ ਕਿਸੇ ਨੇ ਕੁਝ ਹੋਰ। ਹਰ ਥਾਂ ਐੱਨ ਆਰ ਸੀ, ਸੀ ਏ ਏ ਅਤੇ ਐੱਨ ਪੀ ਆਰ ਦੇ ਵਿਰੋਧ ਵਿੱਚ ਪ੍ਰਦਰਸ਼ਨ ਹੋਣ ਲੱਗੇ। ਦਿੱਲੀ ਦਾ ਸ਼ਾਹੀਨ ਬਾਗ਼, ਲਖਨਊ ਦਾ ਸਬਜ਼ੀ ਬਾਗ਼, ਕਲਕੱਤੇ ਦਾ ਪਾਰਕ ਸਰਕਸ, ਜੈਪੁਰ ਦਾ ਸ਼ਹੀਦ ਸਮਾਰਕ, ਪੰਜਾਬ ਦਾ ਮਲੇਰਕੋਟਲਾ ਆਦਿ ਵਿੱਚ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਕੇ ਲਗਾਤਾਰ ਰੋਸ ਪ੍ਰਦਰਸ਼ਨ ਕਰ ਰਹੇ ਹਨ। ਧਰਨਾਕਾਰੀਆਂ ਦੀ ਹਮਾਇਤ ਅਤੇ ਮਦਦ ਲਈ ਹਰ ਧਰਮ, ਹਰ ਭਾਈਚਾਰੇ ਦੇ ਲੋਕ ਉੱਥੇ ਹਾਜ਼ਰ ਹੁੰਦੇ ਹਨ ਜੋ ਭਾਰਤ ਦੀ ਭਾਈਚਾਰਕ ਏਕਤਾ ਦਾ ਜਿਉਂਦਾ ਜਾਗਦਾ ਸਬੂਤ ਹਨ।

ਇਹਨਾਂ ਹਾਲਤਾਂ ਨੂੰ ਵੇਖਦਿਆਂ ਇਹ ਪੱਖ ਵੀ ਗ਼ੌਰ ਕਰਨ ਵਾਲਾ ਹੈ ਕਿ ਸਰਕਾਰ ਆਪਣੇ ਮਕਸਦ ਵਿੱਚ ਕਾਫ਼ੀ ਹੱਦ ਤੱਕ ਕਾਮਯਾਬ ਹੋ ਰਹੀ ਹੈ ਕਿਉਂਕਿ ਉਸਨੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ, ਨਾਗਰਿਕਤਾ ਬਚਾਉਣ ਵੱਲ ਲੱਗਾ ਦਿੱਤਾ ਹੈ। ਜਦੋਂ ਇੱਕ ਪਾਸੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਸਸਤੀ ਵਿੱਦਿਆ ਲਈ ਲੜ ਰਹੇ ਸਨ ਅਤੇ ਦੂਜੇ ਪਾਸੇ ਨੌਜਵਾਨ ਪੀੜੀ ਰੁਜ਼ਗਾਰ ਦਾ ਮੁੱਦਾ ਚੁੱਕ ਰਹੀ ਸੀ। ਜੋ ਲੋਕ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਸਰਕਾਰ ਨੂੰ ਸਵਾਲ ਕਰ ਰਹੇ ਸਨ, ਸਰਕਾਰ ਨੇ ਉਹਨਾਂ ਨੂੰ ਹੀ 'ਨਾਗਰਿਕਤਾ ਸਿੱਧ' ਕਰਨ ਦੇ ਵੱਡੇ ਸਵਾਲ ਵਿੱਚ ਉਲਝਾ ਦਿੱਤਾ ਹੈ। ਦੇਸ਼ ਦੇ ਹਾਲਾਤ ਦਿਨੋਂ-ਦਿਨ ਚਿੰਤਾਜਨਕ ਹੁੰਦੇ ਜਾ ਰਹੇ ਹਨ। ਨੌਕਰੀਆਂ ਵਿੱਚੋਂ ਛਾਂਟੀ ਅਤੇ ਵੱਖ-ਵੱਖ ਕਾਰੋਬਾਰਾਂ ਦੇ ਘਾਟੇ ਵਿੱਚ ਜਾਣ ਕਾਰਨ ਖ਼ੁਦਕੁਸ਼ੀਆਂ ਦਾ ਦੌਰ ਇਸ ਕਦਰ ਵਧ ਰਿਹਾ ਕਿ ਹੁਣ ਪੂਰੇ ਦੇ ਪੂਰੇ ਪਰਿਵਾਰ ਵੱਲੋਂ ਖ਼ੁਦਕੁਸ਼ੀ ਕਰਨ ਦੀਆਂ ਖ਼ਬਰਾਂ ਰੋਜ਼ ਸੁਣਨ ਨੂੰ ਮਿਲ ਰਹੀਆਂ ਹਨ।

ਦੂਜੇ ਪਾਸੇ ਤਾਜ਼ਾ ਅੰਕੜਿਆਂ ਅਨੁਸਾਰ ਕਿਸਾਨਾਂ ਨਾਲੋਂ ਵੀ ਵਧੇਰੇ ਖ਼ੁਦਕੁਸ਼ੀਆਂ ਬੇਰੁਜ਼ਗਾਰ ਨੌਜਵਾਨਾਂ ਨੇ ਕੀਤੀਆਂ ਹਨ। ਪਰ ਅਫ਼ਸੋਸ, ਸਰਕਾਰਾਂ ਇਸ ਪਾਸੇ ਧਿਆਨ ਦੇਣ ਦੀ ਬਜਾਏ ਆਪਣੀ ਕੁਰਸੀ ਦੀ ਮਿਆਦ ਲੰਮੀ ਕਰਨ ਵੱਲ ਰੁਚਿਤ ਹਨ। ਜਿੱਥੇ ਦੇਸ਼ ਨੂੰ ਅੱਜ 'ਰੁਜ਼ਗਾਰ ਦੀ ਗਰੰਟੀ' ਵਰਗੇ ਕਾਨੂੰਨਾਂ ਦੀ ਲੋੜ ਹੈ, ਉੱਥੇ ਸੀ ਏ ਏ ਵਰਗੇ ਕਾਲੇ ਕਾਨੂੰਨ ਲਿਆ ਕੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਦਾ ਛੜਯੰਤਰ ਰਚਿਆ ਜਾ ਰਿਹਾ ਹੈ। ਬੇਸ਼ੱਕ ਇਸ ਗੱਲ ਦੀ ਥੋੜੀ ਤਸੱਲੀ ਵੀ ਹੈ ਕਿ ਹੁਣ ਲੋਕ ਚੇਤਨ ਹੋ ਕੇ ਆਪ ਮੁਹਾਰੇ ਸੜਕਾਂ ਉੱਤੇ ਉੱਤਰ ਰਹੇ ਹਨ। ਖ਼ਾਸ ਕਰਕੇ ਔਰਤਾਂ, ਜਿਨਾਂ ਨੂੰ ਸ਼ਾਹੀਨ ਬਾਗ਼ ਨੇ ਇੱਕ ਵੱਡਾ ਹੁਲਾਰਾ ਦਿੰਦਿਆਂ, ਵਲਗਣਾਂ ਤੋਂ ਬਾਹਰ ਆ ਕੇ ਆਪਣੇ ਹੱਕਾਂ ਲਈ ਲੜਨਾ ਸਿਖਾਇਆ ਹੈ। ਉਹ ਦਿਨ ਵੀ ਦੂਰ ਨਹੀਂ ਜਦੋਂ ਲੋਕ ਸਰਕਾਰਾਂ ਨੂੰ ਅਸਲ ਮੁੱਦਿਆਂ ਉੱਤੇ ਘੇਰਨਾ ਸ਼ੁਰੂ ਕਰਨਗੇ।

## ਡੀਜੀਪੀ ਪੰਜਾਬ ਨੇ...

ਉਨਾਂ ਕਿਹਾ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੁਪਤਾ 'ਤੇ ਮੁਕੱਦਮਾ ਦਰਜ ਕਰਕੇ ਜੇਲ ਭੇਜਿਆ ਜਾਵੇ। 'ਆਪ' ਮੈਂਬਰਾਂ ਨੇ ਡੀਜੀਪੀ ਦੇ ਪੋਸਟਰ ਵੀ ਲਾਏ ਤੇ ਸੂਬਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸੇ ਦੌਰਾਨ ਸੀਨੀਅਰ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ, "ਅਸੀਂ ਜਾਣਨਾ ਚਾਹੁੰਦੇ ਹਾਂ ਕਿ ਮੁੱਖ ਮੰਤਰੀ ਕੈਪਟਨ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਡੀਜੀਪੀ ਦੇ ਇਸ ਬਿਆਨ 'ਤੇ ਚੁੱਪ ਕਿਉਂ ਹਨ।"

### ਬਸਪਾ ਅਤੇ ਅਕਾਲੀ ਦਲ ਨੇ ਪੁਲੀਸ ਮੁਖੀ ਦੇ ਪੁਤਲੇ ਫੂਕੇ

ਬਹੁਜਨ ਸਮਾਜ ਪਾਰਟੀ (ਬਸਪਾ) ਦੇ ਕਾਰਕੁਨਾਂ ਨੇ ਪਾਰਟੀ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਮੁਹਾਲੀ-ਖਰੜ ਕੌਮੀ ਮਾਰਗ 'ਤੇ ਪਿੰਡ ਦਾਊਂ ਵਿੱਚ ਪੰਜਾਬ ਪੁਲੀਸ ਦੇ ਮੁਖੀ ਦਿਨਕਰ ਗੁਪਤਾ ਦਾ ਪੁਤਲਾ ਸਾੜਿਆ। ਮੁਜ਼ਾਹਰਾਕਾਰੀਆਂ ਨੇ ਡੀਜੀਪੀ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਆਖਿਆ ਕਿ ਡੀਜੀਪੀ ਦਾ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਦਰਸ਼ਨਾਂ ਨੂੰ ਜਾਣ ਵਾਲੇ ਸ਼ਰਧਾਲੂਆਂ ਬਾਰੇ ਦਿੱਤਾ ਬਿਆਨ ਆਰਐੱਸਐੱਸ ਅਤੇ ਕਾਂਗਰਸ ਸਰਕਾਰ ਦੀ ਸ਼ਹਿ ਉੱਤੇ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਸਰਕਾਰ ਡੀਜੀਪੀ ਨੂੰ ਬਿਨਾਂ ਕਿਸੇ ਦੇਰੀ ਤੋਂ ਬਰਖ਼ਾਸਤ ਕਰੇ। ਉਨਾਂ ਕਿਹਾ ਕਿ ਬਸਪਾ, ਡੀਜੀਪੀ ਖ਼ਿਲਾਫ਼ ਸੰਘਰਸ਼ ਵਿੱਢੇਗੀ ਤੇ ਡੀਜੀਪੀ ਦਾ ਅਚਨਚੇਤੀ ਘਿਰਾਓ ਵੀ ਕੀਤਾ ਜਾਵੇਗਾ।

### ਸ਼੍ਰੋਮਣੀ ਅਕਾਲੀ ਦਲ ਨੇ ਵੀ ਪੁਤਲਾ ਸਾੜਿਆ

ਪੰਜਾਬ ਦੇ ਡੀਜੀਪੀ ਵੱਲੋਂ ਗੁਰਦੁਆਰਾ ਕਰਤਾਰਪੁਰ ਲਾਂਘੇ ਖ਼ਿਲਾਫ਼ ਬਿਆਨ ਤੋਂ ਬਾਅਦ ਪੈਦਾ ਹੋਏ ਵਿਵਾਦ ਦੌਰਾਨ ਇਥੇ ਸ਼੍ਰੋਮਣੀ ਅਕਾਲੀ ਦਲ ਨੇ ਰੋਸ ਵਿਖਾਵਾ ਕਰਦਿਆਂ ਪੰਜਾਬ ਪੁਲੀਸ ਦੇ ਮੁਖੀ ਦਿਨਕਰ ਗੁਪਤਾ ਦਾ ਪੁਤਲਾ ਸਾੜਿਆ। ਸੁਲਤਾਨਵਿੰਡ ਗੇਟ ਨੇੜੇ ਥਾਣਾ-ਬੀ ਡਿਵੀਜ਼ਨ ਦੇ ਬਾਹਰ ਇਕੱਠੇ ਹੋਏ ਅਕਾਲੀ ਕਾਰਕੁਨਾਂ ਨੇ ਕਾਂਗਰਸ ਸਰਕਾਰ ਅਤੇ ਡੀਜੀਪੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

### ਡੀਜੀਪੀ ਨੇ ਆਪਣੇ ਬਿਆਨ 'ਤੇ ਜਤਾਇਆ ਪਛਤਾਵਾ

ਪੰਜਾਬ ਦੇ ਡੀਜੀਪੀ ਦਿਨਕਰ ਗੁਪਤਾ ਵਲੋਂ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਲੈ ਕੇ ਦਿੱਤੇ ਵਿਵਾਦਿਤ ਬਿਆਨ ਤੋਂ ਬਾਅਦ ਪੰਜਾਬ ਭਰ ਵਿਚ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਹੁਣ ਡੀਜੀਪੀ ਗੁਪਤਾ ਨੇ ਟਵੀਟ ਕਰਕੇ ਇਸ 'ਤੇ ਪਛਤਾਵਾ ਜ਼ਾਹਿਰ ਕੀਤਾ ਹੈ। ਉਨਾਂ ਟਵੀਟ ਕਰਦਿਆਂ ਕਿਹਾ, "ਜੇਕਰ ਮੇਰੇ ਵਲੋਂ ਦਿੱਤੇ ਕਿਸੇ ਬਿਆਨ ਨਾਲ ਸੂਬੇ ਦੇ ਲੋਕਾਂ ਨੂੰ ਠੇਸ ਪਹੁੰਚੀ ਹੈ ਤਾਂ ਆਪਣੀ ਇਮਾਨਦਾਰੀ ਨਾਲ ਪਛਤਾਵਾ ਜ਼ਾਹਿਰ ਕਰਦਾ ਹਾਂ ਕਿਉਂਕਿ ਮੇਰਾ ਅਜਿਹਾ ਕੋਈ ਮਕਸਦ ਨਹੀਂ ਸੀ। ਮੈਂ ਪੰਜਾਬ ਵਿਚ ਸਿਰਫ ਇੱਕ ਸੁਰੱਖਿਅਤ ਤੇ ਸ਼ਾਂਤੀਪੂਰਣ ਮਾਹੌਲ ਨੂੰ ਯਕੀਨੀ ਬਨਾਉਣਾ ਚਾਹੁੰਦਾ ਸੀ, ਜੋ ਹਰ ਨਾਗਰਿਕ ਦੀ ਖ਼ੁਸ਼ਹਾਲੀ ਲਈ ਜ਼ਰੂਰੀ ਹੈ।"

## ਕਰਤਾਰਪੁਰ ਦੇ ਖੁੱਲੇ ਲਾਂਘੇ...

ਉਸ ਲੜਕੀ ਦੇ ਮਨੋਵਿਗਿਆਨ ਨੂੰ ਜੋ ਠੇਸ ਪਹੁੰਚੀ ਹੈ ਉਸ ਦੀ ਕਲਪਨਾ ਕਰਕੇ ਦੇਖੋ। ਜੇ ਤੁਸੀਂ ਪੰਜਾਬ ਤੋਂ ਸਿੱਖਣਾ ਚਾਹੁੰਦੇ ਹੋ ਤਾਂ ਸਿੱਖਣ ਦੀ ਕੋਸ਼ਿਸ ਕਰੋ ਕਿ 1947 ਵਿਚ ਹੱਤਿਆ ਦਾ ਦੁਖਾਂਤ ਪੰਜਾਬ ਨੇ ਦੇਖਿਆ ਸੀ। ਉਸ ਪੰਜਾਬ ਨੇ ਆਪਣੇ ਆਪਣੇ ਬਾਬੇ ਗੁਰੂ ਨਾਨਕ ਦੇ ਨਾਮ 'ਤੇ ਕਰਤਾਰਪੁਰ ਦਾ ਖੁੱਲਾ ਲਾਂਘਾ ਸਿਰਜ ਦਿੱਤਾ। ਇਸ ਦੌਰ ਵਿਚ ਇਕ 19 ਸਾਲ ਦੀ ਲੜਕੀ ਦੇਸਧ੍ਰੋਹ ਦੇ ਦੋਸ਼ ਵਿਚ ਜੇਲ ਭੇਜੀ ਜਾਂਦੀ ਹੈ, ਸੈਂਕੜੇ ਲੋਕ ਰੋਜ਼ਾਨਾ ਇਸ ਲਾਂਘੇ ਤੋਂ ਭਾਰਤ ਤੋਂ ਪਾਕਿਸਤਾਨ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਇਸ ਸਰਹੱਦ ਵਿਚ ਇਕ ਲਾਂਘਾ ਹਾਸਲ ਕਰ ਲਿਆ ਹੈ, ਜਿਸ ਦੇ ਦੋਨੋਂ ਪਾਸੇ ਬੰਦੂਕਾਂ ਦੀਆਂ ਸੰਗੀਨਾ ਤਣੀਆਂ ਰਹਿੰਦੀਆਂ ਹਨ। ਪੰਜਾਬ ਦੇ ਸੀਨੇ ਵਿਚ ਵੰਡ ਦਾ ਜ਼ਖ਼ਮ ਬਹੁਤ ਡੂੰਘਾ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਅੱਜ ਆਖਾ ਵਾਰਿਸ ਸ਼ਾਹ ਨੂੰ ਉਨਾਂ ਲੋਕਾਂ ਦੇ ਨਾਲ ਚਲਦੀ ਨਜ਼ਰ ਆਉਂਦੀ ਹੈ, ਜਿਨਾਂ ਨੇ 1947 ਦੇ ਪੰਜਾਬ ਵਿਚ ਲਾਸ਼ਾਂ ਦੇ ਢੇਰ ਬਿਖਰੇ ਦਿਖੇ। ਉਸ ਪੰਜਾਬ ਦੇ ਲੋਕਾਂ ਨੇ ਕਰਤਾਰਪੁਰ ਸਾਹਿਬ ਦਾ ਖੁੱਲਾ ਲਾਂਘਾ ਹਾਸਲ ਕੀਤਾ ਹੈ। ਸਿੱਖ ਧਰਮ ਦੀ 80 ਫੀਸਦੀ ਵਿਰਾਸਤ ਸਰਹੱਦ ਦੇ ਉਸ ਪਾਸ ਹੈ, ਉਥੋਂ ਜਾ ਕੇ ਇਬਾਦਤ ਕੀਤੀ ਜਾ ਸਕਦੀ ਹੈ। ਅੱਜ ਵੀ ਉਸ ਪਾਰ ਦੇ ਕੋਲ ਇਸ ਪਾਰ ਆਉਂਦੇ ਹਨ। ਆਪਣਾ ਘਰ ਦੇਖਣ, ਉਸ ਦਿੱਲੀ ਵਿਚ ਕਈ ਲੋਕ ਹਨ, ਜੋ ਉਸ ਪਾਰ ਜਾਂਦੇ ਹਨ ਆਪਣਾ ਪਿੰਡ ਦੇਖਣ। ਕਰਤਾਰਪੁਰ ਹੈਰਾਨੀ ਦੀ ਤਰਾਂ ਹੈ, ਮੁਹੱਬਤ ਦੀ ਤਰਾਂ ਹੈ, ਉਸ ਦੌਰ ਵਿਚ ਇਹ ਸਾਰੀਆਂ ਕਹਾਣੀਆਂ ਝੂਠੀਆਂ ਹਨ ਤਾਂ ਫਿਰ ਕਰਤਾਰਪੁਰ ਨੂੰ ਸੱਚ ਮੰਨ ਲਿਆ ਜਾਵੇ। ਠੀਕ ਹੈ ਬਰਲਿਨ ਦੀ ਦੀਵਾਰ ਡਿੱਗੀ, ਪਰ 70 ਸਾਲਾ ਦੇ ਬੇ-ਵਿਸ਼ਵਾਸੀ ਦੇ ਦੌਰ ਵਿਚ ਅਸੀਂ ਕਰਤਾਰਪੁਰ ਸਾਹਿਬ ਦਾ ਖੁੱਲਾ ਲਾਂਘਾ ਬਣਾਇਆ ਹੈ। ਹਰ ਦੌਰ ਦਾ ਨੌਜਵਾਨ ਅਲੱਗ ਤਰੀਕੇ ਨਾਲ ਸੋਚਦਾ ਹੈ। ਨਵੇਂ ਤਰੀਕੇ ਨਾਲ ਸੋਚਦਾ ਹੈ। ਉਮੀਦ ਹੈ ਅਸੀਂ ਵੀ ਸੋਚਾਂਗੇ। ਦੇਰ ਹੋ ਚੁੱਕੀ ਹੈ, ਪਰ ਏਨਾ ਨਾ ਡਰੋ ਕਿ ਇਕ ਲੜਕੀ ਦੇ ਬਿਆਨ ਨਾਲ ਤੂਫਾਨ ਆ ਜਾਵੇਗਾ।

## ਸੀ.ਏ.ਏ. ਭਾਰਤ ਦਾ...

ਟਰੰਪ ਨੇ ਭਾਰਤ ਦੌਰਾ ਖ਼ਤਮ ਹੋਣ ਤੋਂ ਪਹਿਲਾਂ ਮੀਡੀਆ ਨੂੰ ਸੰਬੋਧਨ ਕਰਦਿਆਂ ਉਕਤ ਬਿਆਨ ਦਿੱਤਾ ।

ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਸ਼ਮੀਰ ਬਾਰੇ ਪੁੱਛੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਦੋਵਾਂ ਦੇਸ਼ਾਂ (ਭਾਰਤ ਅਤੇ ਪਾਕਿਸਤਾਨ) ਦੇ ਪ੍ਰਧਾਨ ਮੰਤਰੀਆਂ ਨਾਲ ਉਨਾਂ ਦੇ ਚੰਗੇ ਸਬੰਧ ਹਨ । ਟਰੰਪ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਕਸ਼ਮੀਰ ਮੁੱਦਾ ਆਪਸ 'ਚ ਮਿਲ ਕੇ ਸੁਲਝਾ ਸਕਦੇ ਹਨ । ਇਸ ਤੋਂ ਪਹਿਲਾਂ ਟਰੰਪ ਨੇ ਸਤੰਬਰ 'ਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਇਜਲਾਸ ਤੋਂ ਅਲੱਗ ਵੀ ਦੋਵਾਂ ਦੇਸ਼ਾਂ ਦਰਮਿਆਨ ਵਿਚੋਲਗੀ ਦੀ ਪੇਸ਼ਕਸ਼ ਕੀਤੀ ਸੀ। ਜਦਕਿ ਉਸ ਤੋਂ ਵੀ ਪਹਿਲਾਂ ਜੁਲਾਈ 'ਚ ਇਹ ਦਾਅਵਾ ਕੀਤਾ ਸੀ ਕਿ ਮੋਦੀ ਨੇ ਉਨਾਂ ਨੂੰ ਵਿਚੋਲਗੀ ਕਰਨ ਨੂੰ ਕਿਹਾ ਸੀ। ਟਰੰਪ ਦੇ ਦਾਅਵੇ ਤੋਂ ਬਾਅਦ ਭਾਰਤ ਨੇ ਇਸ ਬਿਆਨ ਨੂੰ ਇਹ ਕਹਿ ਕੇ ਖਾਰਜ ਕੀਤਾ ਸੀ ਕਿ ਮੋਦੀ ਵਲੋਂ ਅਜਿਹੀ ਕੋਈ ਪੇਸ਼ਕਸ਼ ਨਹੀਂ ਕੀਤੀ ਗਈ ।

ਅੱਤਵਾਦ ਅਤੇ ਪਾਕਿਸਤਾਨ ਦਾ ਨਾਲੋ-ਨਾਲ ਕੀਤਾ ਜ਼ਿਕਰ

ਅਮਰੀਕੀ ਰਾਸ਼ਟਰਪਤੀ ਨੇ ਭਾਰਤ ਦੌਰੇ ਦੌਰਾਨ ਤਿੰਨ ਵਾਰ ਮੀਡੀਆ ਨੂੰ ਕੀਤੇ ਸੰਬੋਧਨ 'ਚ ਅੱਤਵਾਦ ਅਤੇ ਪਾਕਿਸਤਾਨ ਦਾ ਨਾਲੋ-ਨਾਲ ਹੀ ਜ਼ਿਕਰ ਕੀਤਾ । ਸੋਮਵਾਰ ਨੂੰ ਅਹਿਮਦਾਬਾਦ ਵਿਖੇ ਅਤੇ ਮੰਗਲਵਾਰ ਨੂੰ ਹੈਦਰਾਬਾਦ ਹਾਊਸ ਵਿਖੇ ਅੱਤਵਾਦ ਨੂੰ ਨਾ ਸਿਰਫ਼ ਕੱਟੜ ਇਸਲਾਮਿਕ ਅੱਤਵਾਦ ਕਹਿ ਕੇ ਸੰਬੋਧਨ ਕੀਤਾ ਸਗੋਂ ਇਹ ਵੀ ਕਿਹਾ ਕਿ ਅਮਰੀਕਾ, ਪਾਕਿਸਤਾਨ ਦੀ ਜ਼ਮੀਨ ਤੋਂ ਚੱਲ ਰਹੇ ਅੱਤਵਾਦ ਨੂੰ ਰੋਕਣ ਲਈ ਕਦਮ ਉਠਾ ਰਿਹਾ ਹੈ । ਅੱਤਵਾਦ ਬਾਰੇ ਅਮਰੀਕਾ ਵਲੋਂ ਚੁੱਕੇ ਕਦਮਾਂ ਬਾਰੇ ਬੋਲਦਿਆਂ ਟਰੰਪ ਨੇ ਬਗਦਾਦੀ ਅਤੇ ਸੁਲੇਮਾਨੀ ਨੂੰ ਖ਼ਤਮ ਕਰਨ ਤੋਂ ਇਲਾਵਾ ਆਪਣੀ ਸਰਕਾਰ ਵਲੋਂ ਆਈ. ਐਸ. ਨੂੰ 100 ਫੀਸਦੀ ਖਤਮ ਕਰਨ ਦਾ ਦਾਅਵਾ ਵੀ ਕੀਤਾ । ਅੱਤਵਾਦ ਨਾਲ ਨਜਿੱਠਣ ਲਈ ਸਾਰੇ ਦੇਸ਼ਾਂ ਨੂੰ ਇਕੱਠੇ ਆਉਣ ਦਾ ਸੱਦਾ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਨੇ ਰੂਸ ਅਤੇ ਇਰਾਕ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ।

## 'ਕੈਨੇਡਾ 'ਚ ਪੰਜਾਬੀ ਹੁਣ ...

ਕੈਨੇਡਾ ਵਿਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ ਤਾਂ ਇਥੇ ਚੜਦੇ ਅਤੇ ਲਹਿੰਦੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫ਼ਿਰਕਿਆਂ ਦੇ ਲੋਕ ਵਸਦੇ ਹਨ। ਇਥੋਂ ਤੱਕ ਕਿ 'ਭਾਰਤੀ ਪੰਜਾਬੀ' ਤੇ 'ਪਾਕਿਸਤਾਨੀ ਪੰਜਾਬੀ' ਵਾਲਾ ਫ਼ਰਕ ਵੀ ਇਥੇ ਨਜ਼ਰ ਨਹੀਂ ਆਉਂਦਾ, ਬਲਕਿ ਸਾਰੇ 'ਕੈਨੇਡੀਅਨ ਪੰਜਾਬੀ' ਹੀ ਅਖਵਾਉਂਦੇ ਹਨ। ਉਂਜ ਵੀ ਅਸੀਂ ਅਕਸਰ ਆਖਦੇ ਹਾਂ ਕਿ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਚੜਦੇ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ ਵਿਚ ਵਸਣ ਵਾਲੇ ਲਹਿੰਦੇ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਨਾਂ ਵਿਚੋਂ ਵਧੇਰੇ ਬੋਲਦੇ ਵੀ ਪੰਜਾਬੀ ਹੀ ਹਨ ਪਰ ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕੈਨੇਡਾ ਦੀ ਮਰਦਮਸ਼ੁਮਾਰੀ ਵਿਚ ਜਦੋਂ ਉਨਾਂ ਮਾਂ-ਬੋਲੀ ਲਿਖਾਉਣੀ ਹੁੰਦੀ ਹੈ ਤਾਂ ਇੱਕਾ-ਦੁੱਕਾ ਨੂੰ ਛੱਡ ਕੇ ਕੋਈ ਵੀ ਮਾਂ-ਬੋਲੀ ਪੰਜਾਬੀ ਨਹੀਂ ਲਿਖਦਾ, ਬਲਕਿ ਉਰਦੂ ਹੀ ਲਿਖਵਾਉਂਦੇ ਹਨ।

ਹੁਣ ਗੱਲ ਕਰੀਏ ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ਵਿਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਨਾਲ ਸਬੰਧਿਤ ਸਿੱਖ ਤੇ ਹਿੰਦੂ ਹੀ ਵਧੇਰੇ ਹਨ ਜਦ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਆਏ ਪ੍ਰਵਾਸੀ ਭਾਰਤੀ ਭਾਈਚਾਰੇ ਵਿਚੋਂ ਵੀ ਕੇਰਲਾ, ਤਾਮਿਲ, ਗੁਜਰਾਤੀ, ਬੰਗਾਲੀ ਆਦਿ ਵਸਦੇ ਹਨ, ਜਿਨਾਂ ਦੀਆਂ ਆਪਣੀਆਂ ਭਾਸ਼ਾਵਾਂ ਹਨ ਤੇ ਉਹ ਕੈਨੇਡਾ ਤੇ ਭਾਰਤ ਅੰਦਰ ਵੀ ਉਨਾਂ ਭਾਸ਼ਾਵਾਂ ਨੂੰ ਹੀ ਮਾਨਤਾ ਦਿੰਦੇ ਹਨ। ਇਨਾਂ ਦੇ ਮੁਕਾਬਲਤਨ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਆਦਿ ਸੂਬਿਆਂ ਵਿਚੋਂ ਕੈਨੇਡਾ ਵਸਣ ਵਾਲਿਆਂ ਦੀ ਗਿਣਤੀ ਘੱਟ ਹੈ, ਜਿਹੜੇ ਹਿੰਦੀ ਨੂੰ ਆਪਣੀ ਮਾਂ-ਬੋਲੀ ਸਵੀਕਾਰਦੇ ਹਨ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਅੰਦਰਲੇ ਭਾਰਤੀ ਸਫ਼ਾਰਤਖਾਨੇ ਹਿੰਦੀ ਨੂੰ ਮੁਫ਼ਤ ਪੜਾਉਣ ਲਈ ਤਾਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਜਦ ਕਿ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਨਾਲ ਵਿਤਕਰਾ ਕਰ ਰਹੇ ਹਨ।

ਅੱਜਕਲ ਇਹ ਰੁਝਾਨ ਭਾਰਤ ਅੰਦਰ ਵਧ ਰਹੇ ਹਿੰਦੂਤਵਾਂ ਦੇ ਏਜੰਡੇ ਕਾਰਨ ਏਨੀ ਤੇਜ਼ੀ ਨਾਲ ਵਧ ਰਿਹਾ ਹੈ ਕਿ ਪੰਜਾਬ ਦੇ ਮੋਗਾ, ਬਠਿੰਡਾ, ਬਰਨਾਲਾ ਆਦਿ ਨਾਲ ਸਬੰਧਿਤ ਠੇਠ ਪੰਜਾਬੀ ਬੋਲਣ ਵਾਲੇ ਹਿੰਦੂ ਭਾਈਚਾਰੇ ਦੇ ਪੰਜਾਬੀ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਸਥਾਨਕ ਮੰਦਰਾਂ ਵਿਚ ਹਿੰਦੀ ਸਕੂਲ ਸਥਾਪਿਤ ਕਰਕੇ ਹਿੰਦੀ ਪੜਾਉਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ, ਜੋ ਪਹਿਲਾਂ ਏਨਾ ਨਹੀਂ ਸੀ। ਹੋਰ ਤਾਂ ਹੋਰ, ਇਨਾਂ ਧਾਰਮਿਕ ਸਥਾਨਾਂ ਦੇ ਸਾਰੇ ਪ੍ਰਬੰਧਕ ਪੰਜਾਬ ਤੋਂ ਆ ਕੇ ਹੀ ਕੈਨੇਡਾ ਵਸੇ ਹਨ ਪਰ ਉਨਾਂ ਵਲੋਂ ਵੀ ਆਪਣੀ ਮਾਂ-ਬੋਲੀ ਪੰਜਾਬੀ ਨਾ ਲਿਖਵਾ ਕੇ ਹਿੰਦੀ ਲਿਖਵਾਉਣ ਦਾ ਫ਼ੈਸਲਾ ਪੰਜਾਬੀ ਬੋਲੀ ਨਾਲ ਵਿਸ਼ਵਾਸਘਾਤ ਸਿੱਧ ਹੋ ਰਿਹਾ ਹੈ। ਭਾਰਤੀ ਸਿਆਸਤ ਵਿਚ ਵਧ ਰਿਹਾ ਫਾਸ਼ੀਵਾਦ, ਧਰੁਵੀਕਰਨ ਅਤੇ 'ਇਕ ਬੋਲੀ ਤੇ ਇਕ ਰਾਸ਼ਟਰ' ਦਾ ਨਾਅਰਾ ਕੈਨੇਡਾ ਵਿਚ ਪੰਜਾਬੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਵਿਚ ਸਭ ਤੋਂ ਵੱਧ ਘਾਤਕ ਬਣ ਰਿਹਾ ਹੈ। ਕੈਨੇਡਾ ਵਿਚ ਪਹੁੰਚ ਕੇ ਹੀ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ 'ਇਕ ਬੋਲੀ ਇਕ ਦੇਸ਼' ਅਤੇ ਮਾਂ-ਮਾਸੀ ਦਾ ਰੇੜਕਾ ਵੀ ਪੰਜਾਬੀਆਂ ਅੰਦਰ ਬੋਲੀ ਦੇ ਆਧਾਰ 'ਤੇ ਪਾੜਾ ਪਾਉਣ ਵਾਲਾ ਘਾਤਕ ਪ੍ਰਚਾਰ ਹੋ ਨਿਬੜਿਆ ਹੈ।

ਕੈਨੇਡਾ ਵਸਦੇ ਪੰਜਾਬੀਆਂ ਨੂੰ ਇਨਾਂ ਵਲਗਣਾਂ ਤੋਂ ਉੱਪਰ ਉੱਠ ਕੇ ਸੱਚ 'ਤੇ ਪਹਿਰਾ ਦੇਣ ਦੀ ਲੋੜ ਹੈ। ਜੇਕਰ ਉਹ ਪੰਜਾਬੀ ਹਨ ਤਾਂ ਆਪਣੀ ਬੋਲੀ ਪੰਜਾਬੀ ਹੀ ਲਿਖਵਾਉਣ ਨਾ ਕਿ ਆਪਣੇ ਫ਼ਿਰਕੇ, ਜਾਤ ਜਾਂ ਸਿਆਸੀ ਪ੍ਰਭਾਵ ਅਧੀਨ ਮਾਂ-ਬੋਲੀ ਨਾਲ ਧੋਖਾ ਕਰਨ। ਨਹੀਂ ਤਾਂ ਉਹ ਇਸ ਹਸ਼ਰ ਲਈ ਤਿਆਰ ਰਹਿਣ,

**'ਮਾਂ ਬੋਲੀ ਜੇ ਭੁੱਲ ਜਾਵਾਂਗੇ,**
**ਕੱਖਾਂ ਵਾਂਗੂੰ ਰੁਲ ਜਾਵਾਂਗੇ।'**

# ਜੰਮੂ ਕਸ਼ਮੀਰ ਵਿੱਚ ਸਿੱਖ ਪੰਥ

ਸਰਦਾਰ ਹਰੀ ਸਿੰਘ ਨਲੂਆ (ਗਵਰਨਰ ਕਸ਼ਮੀਰ) ਦੇ ਸਮੇਂ 'ਸ਼ੁੱਧੀ ਮੁਹਿੰਮ' (Shudi Movement) ਸ਼ੁਰੂ ਹੋਈ ਜਿਸ ਵਿੱਚ 50,000 ਲੋਕ ਫਿਰ ਆਪਣੇ ਧਰਮ ਵਿੱਚ ਆ ਗਏ ਜਿਨਾਂ ਵਿੱਚ ਬਹੁਤੇ ਸਿੰਘ ਹੀ ਸਜ ਗਏ। 1891 ਈਸਵੀ ਦੇ ਅਖੀਰ ਵਿੱਚ ਸਿੱਖਾਂ ਦੀ ਅਬਾਦੀ 11399 ਸੀ। 1895 ਈਸਵੀ ਵਿੱਚ ਸਿੱਖ ਅਬਾਦੀ 38465 ਸੀ। 1901 ਵਿੱਚ 25828, 1911 ਵਿੱਚ 31553 ਅਤੇ 1921 ਵਿੱਚ 39507 ਸਿੱਖ ਵਸੋਂ ਦਾ ਅੰਦਾਜ਼ਾ ਲਾਇਆ ਗਿਆ ਹੈ। 1931 ਵਿੱਚ ਇਹੋ ਆਬਾਦੀ 50662 ਸੀ। 1941 ਵਿੱਚ ਰਿਆਸਤ ਦੀ ਜਨਗਣਨਾ 65835 ਸੀ। ਬਹੁਤੀ ਸਿੱਖ ਅਬਾਦੀ ਸਰਹੱਦੀ ਅਤੇ ਪੱਛੜੇ ਇਲਾਕਿਆਂ ਵਿੱਚ ਰਹਿੰਦੀ ਸੀ। 1947 ਵਿੱਚ ਸਿੱਖਾਂ ਦੀ ਆਬਾਦੀ 75000 ਦੇ ਕਰੀਬ ਬਣਦੀ ਸੀ।

1961 ਵਿੱਚ ਸਿੱਖ ਜਨਗਣਨਾ 63069 ਸੀ। ਇਹ ਜਨਗਣਨਾ ਭਰੋਸੇਯੋਗ ਨਹੀਂ ਆਖੀ ਜਾ ਸਕਦੀ ਕਿਉਂਕਿ ਇਸ ਵਿੱਚ ਸਿੱਖਾਂ ਨੂੰ ਬਹੁਤਾ ਕਰਕੇ ਹਿੰਦੂ ਅਤੇ ਹਰੀਜਨ ਲਿਖਿਆ ਗਿਆ ਹੈ।

1981 ਤੋਂ ਬਾਅਦ ਕੀਤੀ ਗਈ ਗੈਰ-ਸਰਕਾਰੀ ਸਿੱਖ ਜਨਗਣਨਾ 177,725 ਸੀ। 2001 ਦੀ ਕਸ਼ਮੀਰ ਦੇ ਸਿੱਖਾਂ ਦੀ ਜਨਗਣਨਾ 35,000 ਦੇ ਕਰੀਬ ਦੱਸੀ ਗਈ ਹੈ।

ਸਿੱਖਾਂ ਦੀ ਉਤਪਤੀ ਅਤੇ ਕਾਰ-ਵਿਹਾਰ (ਧੰਦੇ) ਦੇ ਮੁੱਖ ਚਾਰ ਵੱਡੇ ਸੋਮੇ ਸਨ। ਪਹਿਲਾਂ ਸਿੱਖਾਂ ਦਾ ਮੁੱਢ ਉਦੋਂ ਬੱਝਾ ਜਦੋਂ ਸਿੱਖ ਗੁਰੂ ਸਾਹਿਬਾਨ ਦੇ ਚਰਨ ਪਏ ਅਤੇ ਉਨਾਂ ਦੇ ਪ੍ਰਚਾਰਕ ਸਿੱਖੀ ਦਾ ਪ੍ਰਸਾਰ ਅਤੇ ਪ੍ਰਚਾਰ ਕਰਦੇ ਰਹੇ। ਦੂਜਾ ਅਫ਼ਗਾਨ ਗਵਰਨਰ ਸਹਿਜਧਾਰੀ ਸਿੱਖ ਰਾਜਾ ਸੁਖਜੀਵਨ ਮੱਲ ਦਾ ਸਮਾਂ ਹੈ ਜਦੋਂ ਸੈਂਕੜੇ ਸਿੱਖ ਉਸ ਦੀ ਫ਼ੌਜ ਵਿੱਚ ਭਰਤੀ ਹੋ ਕੇ ਵਾਦੀ ਵਿੱਚ ਆਏ ਅਤੇ ਉਸ ਦੀ ਮੌਤ ਤੋਂ ਬਾਅਦ ਇੱਥੇ ਹੀ ਵੱਸ ਗਏ। ਤੀਜਾ ਸਮਾਂ ਉਹ ਹੈ ਜਦੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਆਦਿ ਥਾਵਾਂ ਤੋਂ ਸਿੰਘ ਲਿਆ ਕੇ ਇੱਥੇ ਵਸਾਏ ਅਤੇ ਅਨੇਕਾਂ ਬ੍ਰਾਹਮਣ ਤੇ ਹਿੰਦੂ ਸਿੱਖੀ ਕੁਟੰਬ ਵਿੱਚ ਸ਼ਾਮਲ ਹੋਏ। ਚੌਥਾ ਸਮਾਂ ਡੋਗਰਾ ਮਹਾਰਾਜ ਗੁਲਾਬ ਸਿੰਹੁ ਦਾ ਹੈ ਜਦੋਂ ਬਹਾਦਰ ਸਿੱਖ ਜਾਣ ਕੇ ਸਿੱਖਾਂ ਨੂੰ ਪਿੰਡਾਂ ਵਿੱਚ ਜ਼ਮੀਨਾਂ ਅਤੇ ਨੌਕਰੀਆਂ ਦੇ ਕੇ ਪੱਕੇ ਤੌਰ 'ਤੇ ਵਸਾਇਆ ਗਿਆ। ਬੰਦਾ ਸਿੰਘ ਬਹਾਦਰ ਦੇ ਸਮੇਂ ਜਦੋਂ ਸਿੱਖਾਂ ਖ਼ਿਲਾਫ਼ ਸਰਕਾਰੀ ਫ਼ੁਰਮਾਨ (1712-19) ਜਾਰੀ ਹੋਇਆ ਤਾਂ ਬਹੁਤੇ ਸਿੱਖ ਪਹਾੜ ਦੇਸ਼ ਕਸ਼ਮੀਰ ਵੱਲ ਆ ਗਏ ਸਨ। ਇੱਥੋਂ ਦੇ ਬਹੁਤੇ ਸਿੱਖਾਂ ਦੇ ਬਜ਼ੁਰਗ ਮਹਿਮੂਦ ਗਜ਼ਨਵੀ ਸਮੇਂ ਮਥਰਾ ਆਦਿ ਤੋਂ ਉਜੜ ਕੇ ਕਸ਼ਮੀਰ, ਪਹਾੜ ਅਤੇ ਪੋਠੋਹਾਰ ਵਿੱਚ ਆ ਕੇ ਵੱਸ ਗਏ ਸਨ। ਇਨਾਂ ਸਾਰੇ ਲੋਕਾਂ ਦੀਆਂ ਜਾਤਾਂ, ਗੋਤਾਂ ਸਾਸਨ, ਸੂਦਨ, ਦੱਤ, ਸਦਿਆਲ ਆਦਿ ਸਨ।

ਸਿੱਖਾਂ ਦਾ ਪੁਸ਼ਤੈਨੀ ਧੰਦਾ ਖੇਤੀਬਾੜੀ ਸੀ। ਜਿੱਥੇ ਵੀ ਉਹ ਵਸੇ, ਉਹ ਇਲਾਕੇ ਦੂਰ-ਦੁਰਾਡੇ ਪੱਛੜੇ, ਬੰਜਰ ਹੋਣ ਕਾਰਨ, ਖੇਤੀਬਾੜੀ ਦੀ ਉਪਜ ਨਾਂ ਦੇ ਬਰਾਬਰ ਸੀ। ਸਿੱਖ ਮੁੱਢ ਤੋਂ ਹੀ ਬੜੇ ਮਿਹਨਤੀ ਅਤੇ ਜਫਾਕਸ਼ ਲੋਕ ਸਨ। ਇਨਾਂ ਬਿਖੜੇ ਸਮਿਆਂ ਵਿੱਚ ਗ਼ਰੀਬ ਸਿੱਖਾਂ ਦਾ ਕੋਈ ਵਸੀਲਾ ਵੀ ਨਾ ਬਣਿਆ। ਇਹੋ ਕਾਰਨ ਹੈ ਕਿ ਉਨਾਂ ਨੂੰ ਆਪਣੀ ਚਿੰਤਨ (ਜ਼ਮੀਰ) ਦੇ ਉਲਟ ਮਜ਼ਦੂਰੀ ਅਤੇ ਘਟੀਆ ਨੌਕਰੀਆਂ ਕਰਨ ਲਈ ਮਜਬੂਰ ਹੋਣਾ ਪਿਆ। ਇਹੋ ਪ੍ਰਮੁੱਖ ਕਾਰਨ ਸੀ ਕਿ ਉਹ ਸਮੁੱਚੇ ਸਮਾਜ ਵਿੱਚ ਪਛੜ ਕੇ ਰਹਿ ਗਏ। ਅਫ਼ਗਾਨ ਦੌਰ ਵਿੱਚ ਕਰੀਮਦਾਦ ਖ਼ਾਨ ਦੀ ਫ਼ੌਜ ਦਾ ਚੀਫ ਕਮਾਂਡਰ ਸਰਦਾਰ ਦੀਵਾਨ ਸਿੰਘ ਸੀ। ਇਸੇ ਤਰਾਂ ਨੂਰਦੀਨ ਬਮਜ਼ੀ ਦੀ ਕੌਂਸਲ ਵਿੱਚ ਸਰਦਾਰ ਗੁਰਮੁਖ ਸਿੰਘ ਮੈਂਬਰ ਤੋਂ ਛੁੱਟ ਮੀਤ ਰਾਜ-ਪ੍ਰਬੰਧਕ ਸੀ। ਇਹ 1766 ਈਸਵੀ ਦਾ ਸਮਾਂ ਸੀ। ਪਹਿਲੀ ਸੰਸਾਰ ਜੰਗ 1914-18 ਵਿੱਚ ਰਿਆਸਤੀ ਫ਼ੌਜੀ ਸਿੱਖਾਂ ਦੀ ਬਹਾਦਰੀ ਲਾ-ਮਿਸਾਲ ਸੀ।

ਰਿਆਸਤੀ ਸਿੱਖ ਮੁੱਢ ਤੋਂ ਬਹਾਦਰ ਅਤੇ ਬੀਰ ਯੋਧੇ ਸਨ। ਸਿੱਖ ਬੜੇ ਸ਼ਿਕਾਰੀ ਸਨ। ਕਈ ਸੂਰਬੀਰ ਤਾਂ ਸ਼ੇਰਾਂ ਦੇ ਸ਼ਿਕਾਰ ਕਾਰਨ ਬੜੇ ਪ੍ਰਸਿੱਧ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਸ਼ਮੀਰੀ ਸਿੱਖਾਂ ਦੀ ਵੱਖਰੀ ਪਲਟਨ ਤਿਆਰ ਕੀਤੀ ਗਈ ਸੀ ਕਿਉਂਕਿ ਬਹਾਦਰੀ ਦੇ ਨਾਲ ਇਹ ਬਿਖੜੇ ਅਤੇ ਜੰਗਲੀ ਰਸਤਿਆਂ ਦੇ ਬੜੇ ਭੇਤੀ ਸਨ। 1941 ਵਿੱਚ ਤਿੱਬਤ ਦੀ ਲੜਾਈ ਵਿੱਚ ਆਖਰੀ ਦਮ ਤਕ ਲੜ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਿਆਸਤ ਦੇ ਪ੍ਰਮੁੱਖ ਕਿਲਿਆਂ ਦੀ ਰੱਖਿਆ ਦਾ ਜ਼ਿੰਮਾ ਵੀ ਕਸ਼ਮੀਰੀ ਸਿੱਖਾਂ ਕੋਲ ਸੀ। ਸਿੱਖ ਰਾਜ ਦਾ ਸੂਰਜ ਅਸਤ ਹੁੰਦਿਆਂ ਹੀ ਜਦੋਂ ਡੋਗਰਾ ਫ਼ੌਜਾਂ ਆਈਆਂ ਤਾਂ ਕਸ਼ਮੀਰੀ ਫ਼ੌਜੀ ਸਿੱਖਾਂ, ਜਿਨਾਂ ਨੂੰ ਜਿਨਸੀ-ਸਿੱਖ ਆਖਿਆ ਜਾਂਦਾ ਸੀ, ਨੇ ਡੋਗਰਾ ਫ਼ੌਜਾਂ ਦਾ ਖ਼ੂਬ ਮੁਕਾਬਲਾ ਕੀਤਾ। ਸ੍ਰੀਨਗਰ, ਅਸਕਰਦੂ, ਗਿਲਗਿਤ, ਸੋਪੁਰ, ਪਲੰਗੀ, ਗੁਰਾਹ, ਪੁਣਛ ਦੇ ਕਿਲਿਆਂ ਵਿੱਚ ਸੈਂਕੜੇ ਸਿੱਖ ਫ਼ੌਜੀ ਸ਼ਹੀਦ ਹੋਏ।

ਡੋਗਰਾ ਫ਼ੌਜਾਂ ਨੇ ਕਸ਼ਮੀਰੀ ਸਿੱਖਾਂ 'ਤੇ ਅਜਿਹਾ ਜ਼ੁਲਮ ਕੀਤਾ ਕਿ ਉਹ ਇੱਜ਼ਤ-ਆਬਰੂ ਬਚਾਉਣ ਖਾਤਰ ਘਰ-ਬਾਰ ਛੱਡ ਕੇ ਦੂਰ ਜੰਗਲਾਂ ਅਤੇ ਪਹਾੜਾਂ ਵੱਲ ਨੱਸ ਗਏ। ਉਹ ਬੇਘਰ ਹੋ ਕੇ ਅਤਿ ਗ਼ਰੀਬੀ ਦੀ ਹਾਲਤ ਵਿੱਚ ਵਿਚਰਨ ਲੱਗੇ। ਇਨਾਂ ਸਮਿਆਂ ਵਿੱਚ ਕੁਝ ਇਤਿਹਾਸਕ ਗੁਰਦੁਆਰੇ ਵੀ ਜਾਣਬੁੱਝ ਕੇ ਲੋਪ ਕੀਤੇ ਗਏ। 1947 ਦੇ ਘੱਲੂਘਾਰੇ ਸਮੇਂ ਤਾਂ ਜੰਮੂ-ਕਸ਼ਮੀਰ ਦੇ ਸਿੱਖਾਂ ਦਾ ਬੇਅੰਤ ਜਾਨੀ-ਮਾਲੀ ਨੁਕਸਾਨ ਹੋਇਆ। ਇੱਕ ਸਰਵੇਖਣ ਮੁਤਾਬਕ ਤਕਰੀਬਨ 20000 ਤੋਂ ਵੱਧ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦ ਕੀਤੇ ਗਏ ਸਨ। ਆਮ ਤੌਰ 'ਤੇ ਸਿੱਖ ਦੀਵਾਨਾਂ ਵਿੱਚ ਇਹ ਗਿਣਤੀ 33000 ਦੱਸੀ ਜਾਂਦੀ ਹੈ। ਸਿੱਖ ਰਫਿਊਜੀਆਂ ਦੀ ਗਿਣਤੀ 14,000 ਦੇ ਕਰੀਬ ਸੀ। ਬਹੁਤ ਸਾਰੇ ਦੀਦਾਰੀ ਸਿੰਘ ਅਤੇ ਨੇਤਾ ਵੀ ਇਸ ਘੱਲੂਘਾਰੇ ਦੀ ਭੇਟ ਚੜ ਗਏ।

ਸਿੱਖ ਰਾਜ ਸਮੇਂ ਕੇਵਲ ਜੰਮੂ-ਕਸ਼ਮੀਰ ਦੇ ਸਿੱਖ ਫ਼ੌਜੀਆਂ ਦੀ ਗਿਣਤੀ 17000 ਸੀ, ਜਿਸ ਵਿੱਚੋਂ 200 ਤੋਂ ਵੱਧ ਸਿੱਖ ਸਰਦਾਰ ਅਤੇ ਜਮਾਂਦਾਰ ਦੇ ਅਹੁਦਿਆਂ ਉਪਰ ਪੁੱਜੇ ਹੋਏ ਸਨ। ਸਰਦਾਰ ਸੰਤੂ ਸਿੰਘ ਰੈਂਸ ਸਿੱਖ ਗਵਰਨਰ ਦੇ ਅਹੁਦੇ ਤਕ ਪੁੱਜਿਆ ਹੋਇਆ ਸੂਰਬੀਰ ਸੀ। ਇਸ ਕਾਰਨ ਅੱਜ ਵੀ ਕਸ਼ਮੀਰੀ ਲੋਕ ਸਿੱਖਾਂ ਨੂੰ ਜਮਾਂਦਾਰ ਕਰਕੇ ਪੁਕਾਰਦੇ ਹਨ। ਸਿੱਖ ਰਾਜ ਸਮੇਂ ਇਨਾਂ ਬਹਾਦਰ ਕਸ਼ਮੀਰੀ ਸਿੱਖ ਸਰਦਾਰਾਂ ਨੂੰ 54000 ਜਾਗੀਰਾਂ ਦੇ ਪਟੇ ਮਿਲੇ ਹੋਏ ਸਨ। ਇੰਜ ਜੰਮੂ-ਕਸ਼ਮੀਰ ਦੇ ਪੁਣਛ ਵਿੱਚ ਵਸਦੇ ਸਰਦਾਰਾਂ ਕੋਲ 80000 ਦੀਆਂ ਜਗੀਰਾਂ ਪ੍ਰਾਪਤ ਸਨ।

ਮਹਾਰਾਜਾ ਰਣਜੀਤ ਸਿੰਘ ਨੇ 1800 ਈਸਵੀ ਵਿੱਚ ਜੰਮੂ ਫਤਹਿ ਕਰਕੇ ਖ਼ਾਲਸਾ ਰਾਜ ਵਿੱਚ ਮਿਲਾ ਲਿਆ ਸੀ। ਇਸੇ ਤਰਾਂ 1819 ਈਸਵੀ ਵਿੱਚ ਕਸ਼ਮੀਰ ਵੀ ਸਿੱਖ ਰਾਜ ਨਾਲ ਮਿਲਾ ਕੇ ਕੇਸਰੀ ਨਿਸ਼ਾਨ ਝੁਲਾ ਦਿੱਤੇ ਗਏ। ਕਸ਼ਮੀਰ ਵਿੱਚ ਇਸਲਾਮ ਹਕੂਮਤ ਦੀਆਂ ਅੱਠ ਪੀੜੀਆਂ ਅਤੇ 500 ਸਾਲ (1325-1819) ਦੀ ਤਵਾਰੀਖ ਤੋਂ ਬਾਅਦ 'ਖ਼ਾਲਸਾ ਰਾਜ' ਕਾਇਮ ਹੋਇਆ ਸੀ। ਕਸ਼ਮੀਰ ਫਤਿਹ ਕਰਨ ਤੋਂ ਬਾਅਦ ਖ਼ਾਲਸੇ ਹੱਥ ਅਫ਼ਗ਼ਾਨਾਂ ਦੀਆਂ 22 ਤੋਪਾਂ, ਹਜ਼ਾਰਾਂ ਤਲਵਾਰਾਂ, ਬੰਦੂਕਾਂ, ਗੰਨਾਂ, ਬੇਅੰਤ ਘੋੜੇ ਤੇ ਖੇਮੇ ਵੀ ਹੱਥ ਆਏ। ਲਾਹੌਰ ਦਰਬਾਰ ਵੱਲੋਂ ਕਸ਼ਮੀਰ ਵਿੱਚ 9 ਗਵਰਨਰ (1819-1846) ਥਾਪੇ ਗਏ, ਜਿਨਾਂ ਵਿੱਚ ਦੀਵਾਨ ਮੋਤੀ ਰਾਮ ਦੋ ਵੇਰਾਂ ਗਵਰਨਰ ਬਣਿਆ। ਇਹ ਗਵਰਨਰ ਸਨ: ਦੀਵਾਨ ਮੋਤੀ ਰਾਮ (1819-1820), ਸਰਦਾਰ ਹਰੀ ਸਿੰਘ ਨਲੂਆ (1820-1821), ਦੀਵਾਨ ਮੋਤੀ ਰਾਮ (1821-1824), ਦੀਵਾਨ ਦੂਨੀ ਲਾਲ (1824-1826), ਦੀਵਾਨ ਕ੍ਰਿਪਾ ਰਾਮ (1820-1830), ਭੀਮਾ ਸਿੰਘ ਅੜਦਲੀ (1830), ਸਰਦਾਰ ਸ਼ੇਰ ਸਿੰਘ (1831-1834), ਸਰਦਾਰ ਮੀਹਾਂ ਸਿੰਘ (ਕਰਨਲ) (1834-1840), ਸ਼ੇਖ ਗ਼ੁਲਾਮ ਮਹੀ-ਉ-ਦੀਨ (1841-1846) ਅਤੇ ਸ਼ੇਖ ਇਮਾਮ-ਉ-ਦੀਨ (1846)। ਸਰਦਾਰ ਹਰੀ ਸਿੰਘ ਨਲੂਆ ਅਤੇ ਸਰਦਾਰ ਮੀਹਾਂ ਸਿੰਘ ਨੂੰ ਕਸ਼ਮੀਰੀਆਂ ਨੇ ਸਭ ਤੋਂ ਵੱਧ ਸਤਿਕਾਰ ਦਿੱਤਾ। ਭਾਵੇਂ ਸਰਦਾਰ ਨਲੂਆ ਬਾਰੇ ਬਹੁਤੇ ਕਸ਼ਮੀਰੀ ਤਵਾਰੀਖਦਾਨਾਂ ਨੇ ਮਨਘੜਤ ਅਤੇ ਤੁਅਸੱਬੀ ਰੁਖ਼ ਅਖ਼ਤਿਆਰ ਕੀਤਾ ਹੈ।

ਜੰਮੂ-ਕਸ਼ਮੀਰ ਦੀਆਂ ਅਨੇਕਾਂ ਧਾਰਮਿਕ, ਸਮਾਜਿਕ, ਸਿਆਸੀ ਜਥੇਬੰਦੀਆਂ ਅਤੇ ਸੰਸਥਾਵਾਂ ਸਮੇਂ-ਸਮੇਂ ਹੋਂਦ ਵਿੱਚ ਆਈਆਂ। ਇਨਾਂ ਨੇ ਰਿਆਸਤੀ ਸਿੱਖਾਂ ਦੇ ਧਾਰਮਿਕ, ਸਿਆਸੀ, ਸਮਾਜਿਕ, ਵਿੱਦਿਅਕ, ਆਰਥਿਕ ਅਤੇ ਸੱਭਿਆਚਾਰਕ ਮੁਹਾਜ਼ਾਂ ਤੇ ਅਹਿਮ ਭੂਮਿਕਾ ਨਿਭਾਈ ਹੈ। ਇਨਾਂ ਦੇ ਨਾਂ ਹਨ: ਸ੍ਰੀ ਗੁਰੂ ਸਿੰਘ ਸਭਾ (ਪੁਣਛ), ਸਿੱਖ ਸਹਾਇਕ ਸਭਾ (ਕਸ਼ਮੀਰ), ਗੁਰਮੁਖੀ ਕੰਨਿਆ ਪਾਠਸ਼ਾਲਾ (ਪੁਣਛ), ਇਸਤਰੀ ਸਤਿਸੰਗ ਸਭਾ (ਪੁਣਛ), ਗੁਰੂ ਨਾਨਕ ਆਸ਼ਰਮ (ਚਕਾਰ), ਸ਼੍ਰੋਮਣੀ ਖਾਲਸਾ ਦਰਬਾਰ, ਰਿਆਸਤੀ ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ, ਕਸ਼ਮੀਰ ਸਿੱਖ ਯੂਥ ਫੈਡਰੇਸ਼ਨ, ਕਸ਼ਮੀਰ ਸਿੱਖ ਸਰਬਮੀਤ ਸਭਾ, ਪੰਥਕ ਪਾਰਟੀ, ਸਿੱਖ ਮਿਸ਼ਨਰੀ ਕਾਲਜ, ਸਿੱਖ ਗੁਰਦੁਆਰਾ ਬੋਰਡ, ਪੰਥਕ ਯੂਥ ਫਰੰਟ, ਦੁਸ਼ਟ ਦਮਨ ਅਕਾਲੀ ਜਥਾ, ਕਸ਼ਮੀਰ ਯੂਥ ਅਕਾਲੀ ਦਲ ਆਦਿ ਹਨ। ਇਨਾਂ ਤੋਂ ਛੁੱਟ ਅਜੋਕੇ ਸਮੇਂ ਵੀ ਰਿਆਸਤ ਵਿੱਚ ਅਨੇਕਾਂ ਸੰਸਥਾਵਾਂ ਸਿੱਖਾਂ ਦੀ ਭਲਾਈ ਲਈ ਕਾਰਜਸ਼ੀਲ ਹਨ।

ਜੰਮੂ-ਕਸ਼ਮੀਰ ਵਿੱਚ ਅਨੇਕਾਂ ਹੀ ਸਿੱਖ ਸ਼ਖ਼ਸੀਅਤਾਂ ਨੇ ਕੌਮ ਦੇ ਧਾਰਮਿਕ ਸਿਆਸੀ, ਸਮਾਜਿਕ, ਆਰਥਿਕ ਆਦਿ ਮੁਹਾਜ਼ਾਂ 'ਤੇ ਅਹਿਮ ਭੂਮਿਕਾ ਨਿਭਾਈ ਹੈ। ਇਨਾਂ ਵਿੱਚ ਭਾਈ ਕ੍ਰਿਪਾ ਰਾਮ, ਭਾਈ ਚੌਪਾ ਸਿੰਘ, ਭਾਈ ਮੱਖਣ ਸ਼ਾਹ ਲੁਬਾਣਾ, ਮਾਈ ਭਾਗ ਭਰੀ, ਭਾਈ ਸੇਵਾਦਾਸ, ਭਾਈ ਗੜੀਆ, ਭਾਈ ਮਾਧੋ ਸੋਢੀ, ਭਾਈ ਅਲਮਸਤ, ਭਾਈ ਬਾਲੂ ਹਸਨਾ, ਭਾਈ ਗੋਂਦਾ, ਭਾਈ ਫੂਲਸ਼ਾਹ, ਭਾਈ ਸੁਥਰਾ ਸ਼ਾਹ, ਸਰਦਾਰ ਰਾਮ ਸਿੰਘ ਵਜ਼ੀਰ, ਮਾਈ ਪੂਰੋ ਸਰਦਾਰ, ਬੁੱਧ ਸਿੰਘ ਤਿਆਗੀ, ਜਥੇਦਾਰ ਕਪੂਰ ਸਿੰਘ, ਸਰਦਾਰ ਧਿਆਨ ਸਿੰਘ ਪੁਣਛ, ਭਾਈ ਮਾਨ ਸਿੰਘ ਬਾਲੀ, ਭਾਈ ਘਨੱਈਆ ਸਿੰਘ, ਸਰਦਾਰ ਅਤਰ ਸਿੰਘ ਗਵਰਨਰ, ਭਾਈ ਉਜਾਗਰ ਸਿੰਘ, ਸਰਦਾਰ ਅਮਰ ਸਿੰਘ ਬਾਲੀ, ਸਰਦਾਰ ਉਜਾਗਰ ਸਿੰਘ ਵਜ਼ੀਰ, ਸਰਦਾਰ ਨਾਮਾ ਸਿੰਘ ਬਾਲੀ, ਸਰਦਾਰ ਰਾਮ ਸਿੰਘ ਮੈਰਾ, ਭਾਈ ਮਾਨ ਸਿੰਘ ਟੰਗਾਮੂਲਾ, ਸਰਦਾਰ ਸੰਤ ਸਿੰਘ ਤੇਗ, ਸਰਦਾਰ ਕਰਤਾਰ ਸਿੰਘ ਕੋਮਲ, ਸਰਦਾਰ ਰੰਗੀਲ ਸਿੰਘ ਭਟਪੁਰਾ, ਸਰਦਾਰ ਭਗਤ ਸਿੰਘ ਕਾਨਾਹਾਮਾ, ਸਰਦਾਰ ਦਇਆ ਸਿੰਘ ਵਜ਼ੀਰ, ਸਰਦਾਰ ਸਾਧੂ ਸਿੰਘ ਬਾਲੀ, ਸਰਦਾਰ ਕ੍ਰਿਪਾਲ ਸਿੰਘ ਹੈੱਡਮਾਸਟਰ, ਅਕਾਲੀ ਠਾਕਰ ਸਿੰਘ, ਗਿਆਨੀ ਉਜਾਗਰ ਸਿੰਘ, ਸਰਦਾਰ ਜਗਤ ਸਿੰਘ ਨਲੂਛੀ, ਜਥੇਦਾਰ ਹਰਦਿੱਤ ਸਿੰਘ ਸਾਇਆ, ਸਰਦਾਰ ਦਿਆਲ ਸਿੰਘ ਚਕਾਰ, ਸਰਦਾਰ ਤਾਰਾ ਸਿੰਘ ਮੁਸਾਫ਼ਰ, ਸਰਦਾਰ ਗੁਰਬਖਸ਼ ਸਿੰਘ ਕਾਨਲੀਬਾਗ, ਸਰਦਾਰ ਮਲ ਸਿੰਘ, ਸਰਦਾਰ ਹਰੀ ਸਿੰਘ, ਜ਼ੈਲਦਾਰ ਈਸ਼ਰ ਸਿੰਘ ਵਾਂਹਪੁਰਾ, ਸਰਦਾਰ ਨਰੈਣ ਸਿੰਘ ਠੇਕੇਦਾਰ, ਅਕਾਲੀ ਰਵੇਲ ਸਿੰਘ, ਸਰਦਾਰ ਓਂਕਾਰ ਸਿੰਘ ਜ਼ੈਲਦਾਰ, ਸਰਦਾਰ ਲੋਚਨ ਸਿੰਘ (ਅਨੰਤਨਾਗ), ਸਰਦਾਰ ਦਰਸ਼ਨ ਸਿੰਘ ਬਾਲੀ (ਬਡਗਾਮ), ਸਰਦਾਰ ਮੋਹਨ ਸਿੰਘ ਨਿਰਮਾਣ, ਸਰਦਾਰ ਕਪੂਰ ਸਿੰਘ (ਸੜਾਕਾਵਾੜਾ), ਸਰਦਾਰ ਆਸਾ ਸਿੰਘ ਸੰਗਰਾਲ, ਭਾਈ ਦਾਇਆ ਸਿੰਘ (ਗੁਫਾ), ਬਾਬਾ ਸੰਤ ਸਿੰਘ ਕੋਟਲੀ, ਭਾਈ ਗੋਲਕ ਸਿੰਘ ਬਾਲੀ, ਡਾਕਟਰ ਲਾਲ ਸਿੰਘ ਚੱਕ ਗੁਜਾਰੀ, ਭਾਈ ਹਰਦਿਆਲ ਸਿੰਘ ਦਰਦਪੁਰਾ, ਭਾਈ ਹਰੀ ਸਿੰਘ ਗ੍ਰੰਥੀ, ਸਰਦਾਰ ਮੋਹਰ ਸਿੰਘ, ਸਰਦਾਰ ਪ੍ਰਤਾਪ ਸਿੰਘ ਕਾਨਾਹਾਮਾ, ਗਿਆਨੀ ਸੰਤ ਸਿੰਘ ਉਪਾਲਨਾ, ਸਰਦਾਰ ਜਵਾਹਰ ਸਿੰਘ ਇਛਾਹਾਮਾ, ਸਰਦਾਰ ਊਧਮ ਸਿੰਘ ਗਾਮੇਰਾਜ, ਭਾਈ ਅਰਜਨ ਸਿੰਘ (ਧੜਿਆ), ਸਰਦਾਰ ਗੁਣਵੰਤ ਸਿੰਘ ਦਰਦਪੁਰਾ, ਭਾਈ ਅਨੰਤ ਸਿੰਘ, ਸਰਦਾਰ ਦਿਆਲ ਸਿੰਘ (ਫਰਨੀਚਰ ਵਾਲੇ), ਰਾਗੀਆਂ ਵਿੱਚੋਂ ਭਾਈ ਸਰੂਪ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਰਾਮ ਸਿੰਘ, ਸੰਤ ਨਰੈਣ ਸਿੰਘ, ਭਾਈ ਪੁਣਛੂ ਜੀ, ਭਾਈ ਦੇਸਾ ਸਿੰਘ, ਭਾਈ ਕ੍ਰਿਪਾਲ ਸਿੰਘ, ਭਾਈ ਰਣਜੀਤ ਸਿੰਘ, ਗਿਆਨੀ ਸੰਤ ਸਿੰਘ ਭੱਟਪੁਰੀ, ਗਿਆਨੀ ਈਸ਼ਰ ਸਿੰਘ ਬਖਸ਼, ਗਿਆਨੀ ਪ੍ਰੀਤਮ ਸਿੰਘ, ਸਰਦਾਰ ਹੀਰਾ ਸਿੰਘ, ਸਰਦਾਰ ਧੀਰਜ ਸਿੰਘ, ਭਾਈ ਰਣਧੀਰ ਸਿੰਘ ਸਿੰਘਪੁਰਾ ਆਦਿ ਸ਼ਾਮਲ ਹਨ। ਇਨਾਂ ਤੋਂ ਇਲਾਵਾ ਗਿਆਨੀ ਭੁਪਿੰਦਰ ਸਿੰਘ, ਸਰਦਾਰ ਹਰੀ ਸਿੰਘ ਰਾਗੀ, ਡਾਕਟਰ ਜਸਪਾਲ ਸਿੰਘ ਵਾਈਸ ਚਾਂਸਲਰ, ਬਿਗ੍ਰੇਡੀਅਰ ਪ੍ਰੀਤਮ ਸਿੰਘ ਚੱਕਾਰ, ਸ. ਬਾਨਾ ਸਿੰਘ, ਡਾਕਟਰ ਹਰਭਜਨ ਸਿੰਘ, ਸ. ਰੰਗੀਲ ਸਿੰਘ, ਹਰਸਜਣ ਸਿੰਘ ਬਾਲੀ, ਅਰਵਿੰਦਰ ਸਿੰਘ ਮਿੱਕੀ ਆਦਿ ਨੇ ਕੌਮ ਦਾ ਨਾਂ ਉਚਾ ਕੀਤਾ ਹੈ।

### ਸੱਭਿਅਤਾ ਤੇ ਬੋਲ

ਜੰਮੂ-ਕਸ਼ਮੀਰ ਪੰਜਾਬੀ ਸੱਭਿਅਤਾ ਦਾ ਨਿੱਕਾ ਨਾਂ ਹੈ। ਸਥਿਰ ਹੱਦਾਂ ਨਾਲ ਘੇਰੇ ਹੋਏ ਪਹਾੜੀ ਇਲਾਕੇ ਦਾ ਨਾਂ ਨਹੀਂ। ਪੰਜਾਬੀਆਂ ਦੀ ਬਦਨਸੀਬੀ ਰਹੀ ਹੈ ਕਿ ਇਸ ਰਿਆਸਤ ਨੂੰ ਵੀ ਰਾਜਸੀ ਕਾਰਨਾਂ ਕਰਕੇ ਭੂਗੋਲਿਕ ਤੌਰ 'ਤੇ ਵੱਖ ਰੱਖਿਆ ਗਿਆ। ਰਿਆਸਤ ਦਾ ਪੰਜਾਬੀ ਸਾਹਿਤ ਜਿੱਥੇ ਢੇਰ ਚਿਰ ਪੁਰਾਣਾ ਹੈ ਉਥੇ ਮਹੱਤਵਪੂਰਨ ਵੀ ਹੈ। ਪੰਜਾਬੀ ਮੁਸਲਮਾਨਾਂ, ਸਿੱਖਾਂ, ਹਿੰਦੂਆਂ, ਈਸਾਈਆਂ, ਬੋਧੀਆਂ ਆਦਿ ਦਾ ਸਾਂਝਾ ਵਿਰਸਾ ਹੈ। ਰਿਆਸਤ ਵਿੱਚ ਹੋਈਆਂ ਮਰਦਮਸ਼ੁਮਾਰੀਆਂ ਵਿੱਚ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਇੱਥੋਂ ਦੀਆਂ ਪ੍ਰਮੁੱਖ ਜ਼ੁਬਾਨਾਂ ਪੰਜਾਬੀ, ਕਸ਼ਮੀਰੀ ਤੇ ਪਹਾੜੀ ਹਨ। ਪੰਜਾਬੀ ਭਾਸ਼ਾ ਪਰਿਵਾਰ ਵਿੱਚ ਡੋਗਰੀ, ਚਿਬਾਲੀ, ਪਹਾੜੀ, ਗੋਜਰੀ ਆਦਿ ਕੁਝ ਵਿਸ਼ੇਸ਼ ਬੋਲੀਆਂ ਹਨ। ਜੇਕਰ 1971 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬੀ ਭਾਸ਼ਾ ਵਿੱਚ ਡੋਗਰੀ, ਪਹਾੜੀ, ਬਕਰਵਾਲੀ, ਗੋਜਰੀ ਆਦਿ ਬੋਲੀਆਂ ਸ਼ਾਮਲ ਕੀਤੀਆਂ ਜਾਣ ਤਾਂ ਰਿਆਸਤ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18,87,971 ਤੋਂ ਵੱਧ ਬਣਦੀ ਹੈ। ਇਸ ਹਿਸਾਬ ਨਾਲ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਰਿਆਸਤ ਵਿੱਚ ਪਹਿਲੇ ਨੰਬਰ 'ਤੇ ਆਉਣੀ ਚਾਹੀਦੀ ਹੈ।

ਰਿਆਸਤ ਵਿੱਚ ਪੰਜਾਬੀ ਕਵਿਤਾ, ਕਹਾਣੀ, ਨਾਵਲ, ਆਲੋਚਨਾ, ਵਾਰਤਕ, ਨਾਟਕ, ਰੰਗਮੰਚ ਆਦਿ ਰਾਹੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਵੀ ਇੱਥੋਂ ਦੇ ਸਾਹਿਤਕਾਰਾਂ ਨੇ ਖੂਬ ਕੀਤੀ ਹੈ ਪਰ ਅਜੇ ਵੀ ਪੰਜਾਬੀ ਦੀ ਮੁੱਖ ਧਾਰਾ ਵਿੱਚ ਉਨਾਂ ਨੂੰ ਉਹ ਸਨਮਾਨ ਨਹੀਂ ਮਿਲਿਆ ਜੋ ਮਿਲਣਾ ਚਾਹੀਦਾ ਸੀ। ਬਹੁਤ ਸਾਰੀਆਂ ਸਾਹਿਤ ਸਭਾਵਾਂ ਜਿਵੇਂ ਸ੍ਰੀਨਗਰ, ਜੰਮੂ, ਬਾਰਾਮੂਲਾ, ਰਣਬੀਰ ਸਿੰਘ ਪੁਰਾ, ਸਿੰਬਲ ਕੈਂਪ ਤਰਾਲ, ਰਾਜੌਰੀ, ਪੁਣਛ ਆਦਿ ਨੇ ਪੰਜਾਬੀ ਜ਼ੁਬਾਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਹੁਤ ਸਾਰੇ ਸਾਹਿਤਕਾਰਾਂ ਦਾ ਵੱਡਮੁੱਲਾ ਯੋਗਦਾਨ ਰਿਆਸਤ ਤੋਂ ਬਾਹਰ ਵੀ ਪਛਾਣਿਆ ਜਾਂਦਾ ਹੈ, ਜਿਨਾਂ ਵਿੱਚੋਂ ਮੀਆਂ ਮੁਹੰਮਦ ਬਖਸ਼, ਹਰਬੰਸ ਸਿੰਘ ਆਜ਼ਾਦ, ਸਾਈਂ ਫ਼ਖਰਦੀਨ, ਕਰਤਾਰ ਸਿੰਘ ਕੋਮਲ, ਅਕਾਲੀ ਕੌਰ ਸਿੰਘ, ਭਾਈ ਸ਼ੇਰ ਸਿੰਘ, ਪ੍ਰੋਫ਼ੈਸਰ ਸੇਵਾ ਸਿੰਘ, ਕੰਵਲ ਕਸ਼ਮੀਰੀ, ਡਾਕਟਰ ਦੇਵਿੰਦਰ ਸਿੰਘ, ਉਪਦੇਸ਼ ਕੌਰ, ਗੁਰਚਰਨ ਸਿੰਘ ਗੁਲਸ਼ਨ, ਖਾਲਿਦ ਹੁਸੈਨ, ਸਪਨਮਾਲਾ, ਉਜਾਗਰ ਸਿੰਘ ਮਹਿਕ, ਕ੍ਰਿਪਾਲ ਸਿੰਘ ਕਸਾਲੀ, ਪ੍ਰੋਫ਼ੈਸਰ ਗੁਰਚਰਨ ਸਿੰਘ ਰੈਨਾ, ਡਾਕਟਰ ਕੀਰਤ ਸਿੰਘ ਇਨਕਲਾਬੀ, ਸੁਰਿੰਦਰ ਸਿੰਘ ਸੀਰਤ, ਮਾਨ ਸਿੰਘ ਭਾਰਗਵ, ਹਰਭਜਨ ਸਿੰਘ ਸਾਗਰ, ਬਲਜੀਤ ਸਿੰਘ ਰੈਨਾ, ਇਛੂਪਾਲ, ਸੁਰਜੀਤ ਕੌਰ ਸਖੀ, ਸਰਨ ਸਿੰਘ, ਡਾਕਟਰ ਭੁਪਿੰਦਰ ਸਿੰਘ ਸੂਦਨ, ਪ੍ਰੋਫ਼ੈਸਰ ਪ੍ਰੇਮ ਸਿੰਘ, ਜੋਗਿੰਦਰ ਪਾਂਧੀ, ਰਛਪਾਲ ਸਿੰਘ ਬਾਲੀ, ਅਮਰੀਕ ਸਿੰਘ, ਪ੍ਰੋਫ਼ੈਸਰ ਉਜਲ ਸਿੰਘ ਬਾਹਰੀ ਆਦਿ ਜ਼ਿਕਰਯੋਗ ਹਨ। ਇੱਥੇ ਕਈ ਅਖ਼ਬਾਰਾਂ ਪੱਤ੍ਰਿਕਾਵਾਂ ਚਲਦੀਆਂ ਰਹੀਆਂ ਪਰ ਬਹੁਤੀਆਂ ਮਾਇਕ ਔਕੜਾਂ ਕਾਰਨ ਗੂੜੀ ਨੀਂਦ ਸੌਂ ਗਈਆਂ। ਫਿਰ ਵੀ ਅਜੋਕੇ ਦੌਰ ਵਿੱਚ ਸਿੱਖ ਸੰਦੇਸ਼, ਹਿਮਾਲ, ਸ਼ੀਰਾਜ਼ਾ, ਜਿਹਲਮ ਆਦਿ ਦੇ ਨਾਂ ਗਿਣਾਏ ਜਾ ਸਕਦੇ ਹਨ। ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਪੈਰਾਡਾਇਮ ਪੇਸ਼ ਕਰਨ ਲੱਗਿਆਂ ਆਸ ਕੀਤੀ ਜਾਂਦੀ ਹੈ ਕਿ ਇਸ ਭਾਸ਼ਾ ਦਾ ਭਵਿੱਖ ਆਸ਼ਾਜਨਕ ਹੈ।

### ਚੁਣੌਤੀਆਂ

ਰਿਆਸਤ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਤੇ ਸਿਰਜਣਾਤਮਕਤਾ ਭਰੇ ਦਹਾਕੇ ਵੀ ਸਮੇਂ-ਸਮੇਂ ਆਏ। 1938 ਵਿੱਚ ਸਿੱਖ ਨੈਸ਼ਨਲ ਕਾਨਫਰੰਸ ਵਿੱਚ ਸ਼ਾਮਲ ਹੋ ਗਏ। ਗ਼ਰੀਬ ਜਨਤਾ ਦੀ ਆਬਰੂ ਅਤੇ ਅਜ਼ਮਤ, ਫਰੰਗੀਆਂ ਨੇ ਡੋਗਰਿਆਂ (ਗੁਲਾਬ ਸਿੰਹੁ) ਨੂੰ ਵੇਚ ਦਿੱਤੀ। ਸਿੱਖਾਂ ਵਾਸਤੇ ਤਬਾਹੀ, ਬਰਬਾਦੀ ਅਤੇ ਖ਼ੂਨਰੇਜ਼ੀ ਦੀ ਸ਼ੁਰੂਆਤ ਹੋ ਗਈ ਸੀ। ਸਿੱਖ ਸ਼ੇਖ ਗੁਲਾਮ-ਮਉਦੀਨ ਦੀ ਸਰਪ੍ਰਸਤੀ ਵਿੱਚ ਭੰਨ-ਤੋੜ ਕੇ ਲੜਦੇ ਰਹੇ। ਆਖਰ ਸਿੱਖਾਂ ਨੂੰ ਬਾਗ਼ੀ ਕਰਾਰ ਦਿੱਤਾ ਗਿਆ। ਇਨਾਂ ਸਮਿਆਂ ਵਿੱਚ ਹੀ ਸਿੱਖਾਂ ਨੂੰ ਸ਼ਹਿਰਾਂ ਵਿੱਚੋਂ ਕੱਢਿਆ ਗਿਆ। ਉਨਾਂ ਦੀ ਇੱਜ਼ਤ ਤੇ ਆਬਰੂ 'ਤੇ ਹੱਥ ਪਾਇਆ ਗਿਆ। ਧਾਰਮਿਕ ਅਸਥਾਨਾਂ 'ਤੇ ਜਬਰੀ ਕਬਜ਼ੇ ਕੀਤੇ ਗਏ। ਗੁਰਮਤਿ ਦੀ ਥਾਂ ਮਨਮਤਿ ਚਲਾਈ ਗਈ। ਕਈ ਗੰਗੂ ਅਜਿਹੇ ਪੈਦਾ ਹੋ ਗਏ, ਜੋ ਬਾਹਰੋਂ ਤਾਂ ਸਿੱਖੀ ਸ਼ਕਲ ਵਾਲੇ ਸਨ ਪਰ ਅੰਦਰੋਂ ਜੈਚੰਦ, ਮੀਰ ਜ਼ਾਫਰ ਅਤੇ ਪਹਾੜਾ ਸਿੰਹੁ ਬਣ ਗਏ ਸਨ। ਕੁਝ ਗ਼ੱਦਾਰ ਤੇ ਚਾਪਲੂਸ ਸਿੱਖ ਖਾਨਦਾਨਾਂ ਨੇ ਸਰਕਾਰ ਨਾਲ ਮਿਲ ਕੇ ਗ਼ਰੀਬ ਤੇ ਲਾਚਾਰ ਸਿੱਖਾਂ 'ਤੇ ਖ਼ੂਬ ਜ਼ੁਲਮ ਕੀਤੇ।

1938 ਤੋਂ ਲੈ ਕੇ 1946 ਤੱਕ ਛੋਟੀਆਂ ਮੋਟੀਆਂ ਜੱਦੋ-ਜਹਿਦਾਂ ਅਤੇ ਤਹਿਰੀਕਾਂ ਚਲਦੀਆਂ ਰਹੀਆਂ। ਇਨਾਂ ਵਿੱਚ ਸਿੱਖ ਵੀ ਵਧ-ਚੜ ਕੇ ਹਿੱਸਾ ਲੈਂਦੇ ਰਹੇ। 1956 ਤੱਕ ਸਿੱਖਾਂ ਦੀ ਪ੍ਰਤੀਨਿਧਤਾ ਵੱਡੇ ਵੱਡੇ ਸਰਕਾਰੀ ਮਹਿਕਮਿਆਂ ਵਿੱਚ ਤਕਰੀਬਨ ਸਿਫ਼ਰ ਸੀ। 1966 ਤੱਕ ਸਿੱਖਾਂ ਨਾਲ ਸਰਕਾਰੀ ਨੌਕਰੀਆਂ, ਤਰੱਕੀਆਂ, ਪੈਨਸ਼ਨ, ਅਬਾਦਾਕਾਰੀ, ਉੱਚ ਵਿੱਦਿਆ, ਟਰੇਨਿੰਗਾਂ ਆਦਿ ਸਮੇਂ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਸਿੱਖਾਂ ਨੂੰ ਕੈਬਨਿਟ, ਪਬਲਿਕ ਸਰਵਿਸ ਕਮਿਸ਼ਨ ਆਦਿ ਵਿੱਚ ਯੋਗ ਪ੍ਰਤੀਨਿਧਤਾ ਤੋਂ ਵਾਂਝਿਆਂ ਵੀ ਰੱਖਿਆ ਜਾਂਦਾ ਰਿਹਾ ਹੈ। ਸਰਦਾਰ ਬਾਨਾ ਸਿੰਘ (ਆਰ ਐਸ ਪੁਰਾ) ਨੇ ਸਤੰਬਰ 1987 ਵਿੱਚ ਪਰਮਵੀਰ ਚੱਕਰ ਪ੍ਰਾਪਤ ਕਰਕੇ ਰਿਆਸਤੀ ਸਿੱਖਾਂ ਦਾ ਨਾਂ ਰੌਸ਼ਨ ਕੀਤਾ।

ਸਮੁੱਚੇ ਤੌਰ 'ਤੇ ਇਹ ਆਖਿਆ ਜਾ ਸਕਦਾ ਹੈ ਕਿ ਜੰਮੂ-ਕਸ਼ਮੀਰ ਵਿੱਚ ਸਿੱਖਾਂ ਦਾ ਭਵਿੱਖ ਆਸ਼ਾਜਨਕ ਹੈ। ਸਿੱਖਾਂ ਨੂੰ ਨਿਸ਼ਕਾਮ ਰਹਿ ਕੇ ਕੌਮੀ ਸੇਵਾ ਵਿੱਚ ਜੁੱਟ ਜਾਣਾ ਚਾਹੀਦਾ ਹੈ।

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ



ਜਸਵਿੰਦਰ ਸਿੰਘ ਜੰਡੀ
Jaswinder Singh Jandi



ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal



ਗੁਰਵਿੰਦਰ ਸਿੰਘ ਪ੍ਰਿੰਸ
Gurvinder Singh Prince



ਹਰਪ੍ਰੀਤ ਸਿੰਘ ਬੈਂਸ
Harpreet Singh Bains



ਰਜਿੰਦਰ ਸਿੰਘ ਰਾਜਾ
Rajinder Singh Raja

## ਜਸਵਿੰਦਰ ਸਿੰਘ ਜੰਡੀ

ਦਾਸ 1984 ਤੋਂ ਬੇ ਏਰੀਏ ਵਿਚ ਰਹਿ ਰਿਹਾ ਹੈ। ਮੈਂ ਸਿੰਘਾਪੁਰ ਦੀ ਫੌਜ ਵਿਚ ਨੌਕਰੀ ਕਰ ਚੁਕਾ ਹਾਂ। ਸੰਗਤਾਂ ਨੇ ਪਹਿਲਾਂ ਵੀ ਮੈਨੂੰ ਸੁਪਰੀਮ ਕੌਂਸਲ ਅਤੇ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਬਖਸ਼ਿਆ ਸੀ। ਮੈਂ ਗੁਰਦਵਾਰਾ ਸਾਹਿਬ ਦੇ ਖਾਲਸਾ ਸਕੂਲ ਅਤੇ ਗਤਕਾ ਕਲਾਸਾਂ ਸ਼ੁਰੂ ਕਰਾਉਣ ਵਾਲੇ ਮੋਢੀ ਮੈਂਬਰਾਂ ਵਿਚੋਂ ਇਕ ਹਾਂ। ਮੈਂ Chapel of Chimes ਤੋਂ ਅੰਤਮ ਸੰਸਕਾਰ ਦੀਆ ਰਸਮਾਂ ਦਾ ਪੈਕੇਜ ਲੈਣ ਵਿਚ ਵੀ ਮਦਦ ਕੀਤੀ ਸੀ ਜਿਸ ਨਾਲ ਸੰਗਤਾਂ ਨੂੰ ਕਾਫੀ ਸੁਵਿਧਾ ਮਿਲੀ ਅਤੇ ਖਰਚ ਦੀ ਬਚਤ ਹੋਈ ਹੈ।ਨਵੇਂ ਚੁਣੇ ਮੈਂਬਰਾਂ ਨਾਲ ਮਿਲ ਕੇ ਦਾਸ ਚਲ ਰਹੇ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਪੁਰ-ਜ਼ੋਰ ਯਤਨ ਕਰੇਗਾ। ਮੈਂ ਸਿੱਖ ਕੌਮ ਦੀ ਅਜਾਦੀ ਨੂੰ ਸਮਰਪਤ ਹਾਂ।

## ਡਾਕਟਰ ਜਸਪ੍ਰੀਤ ਸਿੰਘ ਅਟਵਾਲ

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਵਾਲਗਰੀਨ ਵਿਚ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦਵਾਰੇ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਅਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸਾਨ ਫਰਾਂਸਿਸਕੋ ਦੇ Glide Memorial Church ਵਿਚ ਬੇ ਘਰਾਂ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨ ਬੱਧ ਹਾਂ।

## ਗੁਰਵਿੰਦਰ ਸਿੰਘ

ਦਾਸ ਪਿਛਲੇ 20 ਸਾਲਾਂ ਤੋਂ ਬੇ ਏਰੀਏ ਵਿਚ ਰਹਿੰਦਾ ਹੈ ਅਤੇ VTA ਵਿਚ ਇਕਟਰੋ ਮਕੈਨੀਕਲ ਇੰਜਨੀਅਰ ਵਜੋਂ ਕੰਮ ਕਰਦਾ ਹੈ। ਮੈਂ ਭਾਈਚਾਰੇ ਦੇ ਕਈ ਪੰਥਕ ਕਾਰਜਾਂ ਵਿਚ ਹਿੱਸਾ ਲੈਂਦਾ ਰਿਹਾ ਹਾਂ ਜਿਵੇਂ ਕਿ ਸਾਨ ਫਰਾਂਸਿਸਕੋ ਦਾ ਜੂਨ ਸ਼ਹੀਦੀ ਮਾਰਚ ਅਤੇ ਸਟਾਕਟਨ ਦਾ ਨਗਰ ਕੀਰਤਨ ਆਦਿਕ। ਮੈਂ ਯੂਬਾ ਸਿਟੀ ਵਿਚ ਹੋਣ ਵਾਲੇ ਨਗਰ ਕੀਰਤਨ ਵਿਚ ਬੱਚਿਆਂ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨ ਵਿਚ ਸ਼ਾਮਲ ਹੁੰਦਾ ਹਾਂ ਅਤੇ ਪਿਛਲੇ ਚਾਰ ਸਾਲਾਂ ਤੋਂ ਫਰੀਮਾਂਟ ਗੁਰਦਵਾਰੇ ਵਿਚ CHILDREN'S DAY ਲਈ ਬੱਚਿਆਂ ਲਈ ਘੋੜਿਆਂ ਦੀ ਰਾਈਡ ਦਾ ਪ੍ਰਬੰਧ ਕਰਦਾ ਹਾਂ। ਸਿੱਖ ਬੱਚਿਆਂ ਅਤੇ ਨੌਜਵਾਨ ਪੀੜੀ ਨੂੰ ਸਿੱਖੀ ਨਾਲ ਜੋੜਨ ਅਤੇ ਉਨਾਂ ਲਈ ਨਵੇਂ ਪ੍ਰੋਗਰਾਮ ਉਲੀਕਣ ਅਤੇ ਸਿਰ ਚਾੜਨ ਵਿਚ ਮੇਰੀ ਖਾਸ ਦਿਲਚਸਪੀ ਹੈ। ਮੈਂ ਸਮਝਦਾ ਹਾਂ ਕਿ ਕੌਮ ਦੇ ਉਜਲੇ ਭਵਿੱਖ ਲਈ ਸਾਡੇ ਨੌਜਵਾਨਾਂ ਦਾ ਬਹੁ ਪੱਖੀ ਵਿਕਾਸ ਕਰਨ ਲਈ ਹਰ ਤਰਾਂ ਦੇ ਉਪਰਾਲੇ ਕਰਨ ਸਾਡਾ ਸਭ ਦਾ ਮੁੱਖ ਫਰਜ ਬਣਦਾ ਹੈ ਕਿਉਂ ਕਿ ਨੌਜਵਾਨ ਅਤੇ ਬੱਚੇ ਹੀ ਸਾਡਾ ਭੱਵਿਖ ਹਨ।

## ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ।1992 ਤੋਂ ਮੈਂ ਬੇਅ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ।ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। 2015 ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ।ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦਵਾਰੇ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ।ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦਵਾਰੇ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚਾਲੂ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਹੈ।

## ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸਾਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸਾਹਿਤ ਕਰਦਾ ਰਹੇਗਾ।

**ਯਾਦ ਰੱਖਣਾ 8 ਮਾਰਚ 2020 ਨੂੰ ਅਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 8, 2020**


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS

DISCOUNT AT

TA TravelCenters of America

PETRO Stopping Centers®




We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com